ਉਥਾਨਕਾ = ਸਿੱਧਾਂ ਨਾਲ ਹੋਈ ਇਹ ਗੋਸਟੀ ਗੁਰਮਤਿ ਜੋਗ ਅਤੇ ਹਠ ਜੋਗ ਦੇ ਤੁਲਨਾਤਮਕ ਅਧਿਐਨ ਨਾਲ ਭਰਪੂਰ ਹੈ। ਪੰਜਾਬ ਵਿਚ ਸਿੱਧਾਂ ਦੇ ਕਈ ਡੇਰੇ ਸਨ, ਗੁਰੂ ਜੀ ਦੀ ਵਿਚਾਰ ਸਿੱਧਾਂ ਦੇ ਵੱਖ ਵੱਖ ਡੇਰਿਆਂ ਵਿਚ ਸਮੇਂ ਸਮੇਂ ਹੁੰਦੀ ਰਹੀ ਹੈ। ਭਾ. ਗੁਰਦਾਸ ਜੀ ਦੀ ਵਾਰ ਵਿਚ ਗੁਰੂ ਜੀ ਦਾ ਅਚਲ ਬਟਾਲੇ ਸ਼ਿਵਰਾਤ ਦੇ ਮੇਲੇ ਵਿਚ ਜਾਣ ਦਾ ਵੀ ਜਿਕਰ ਮਿਲਦਾ ਹੈ।

ਮੇਲਾ ਸੁਣਿ ਸਿਵਰਾਤਿ ਦਾ ਬਾਬਾ ਅਚਲ ਵਟਾਲੇ ਆਈ। (ਵਾਰ ੧–੩੯)। ਇਤਹਾਸ ਅਨੁਸਾਰ ਇਸ ਮੇਲੇ ਵਿਚ ਗੁਰੂ ਜੀ ਅਪਣੀ ਉਮਰ ਦੇ ਅਖੀਰਲੇ ਸਮੇਂ ਵਿਚ ਆਏ ਸਨ। ਸ਼ਿਵਰਾਤ ਫਰਵਰੀ ਜਾਂ ਮਾਰਚ ਦੇ ਮਹੀਨੇ ਵਿਚ ਆਉਂਦੀ ਹੈ, ਗੁਰੂ ਜੀ ਸਤੰਬਰ ਦੇ ਮਹੀਨੇ ਸੰਨ ੧੫੩੯ ਵਿਚ ਜੋਤੀ ਜੋਤ ਸਮਾਏ ਸਨ। ਗੁਰੂ ਜੀ ਅਚਲ ਵਟਾਲੇ ਫਰਵਰੀ ਜਾਂ ਮਾਰਚ ੧੫੩੯ ਈਸਵੀ ਵਿਚ ਸਿੱਧਾਂ ਨੂੰ ਮਿਲੇ ਹੋਣਗੇ। ਇਸ ਸਮੇਂ ਤਕ ਗੁਰੂ ਜੀ ਦੀ ਪ੍ਰਭਤਾ ਸਾਰੇ ਪਾਸੇ ਫੈਲੀ ਹੋਈ ਸੀ। ਪਹਿਲਾਂ ਵੀ ਕਈ ਵਾਰ ਗੁਰੂ ਜੀ ਸਿੱਧਾਂ ਨੂੰ ਮਿਲ ਚੁਕੇ ਸਨ, ਇਹ ਨਹੀਂ ਹੋ ਸਕਦਾ ਕਿ ਇਸ ਸਮੇਂ ਦੌਰਾਨ ਸਿਧ ਗੁਰੂ ਜੀ ਨੂੰ ਨਾ ਜਾਣਦੇ ਹੋਣ।

ਬਾਬੇ ਕੀਤੀ ਸਿਧ ਗੋਸਟਿ ਸਬਦਿ ਸਾਂਤਿ ਸਿਧਾਂ ਵਿਚ ਆਈ। ਜਿਣਿ ਮੇਲਾ ਸਿਵਰਾਤਿ ਦਾ ਖਟ ਦਰਸਨ ਆਦੇਸਿ ਕਰਾਈ।
ਸਿਧ ਬੋਲਨਿ ਸੁਭ ਬਚਨ ਧਨੁ ਨਾਨਕ ਤੇਰੀ ਵਡੀ ਕਮਾਈ। (ਭਾ.ਗੁ.ਵਾਰ ੧–੪੪)।

ਜੋਗੀਆਂ ਨੂੰ ਗੁਰੂ ਜੀ ਪਹਿਲੀ ਉਦਾਸੀ ਸਮੇਂ ਗੋਰਖ ਮਤੇ ਮਿਲੇ ਸਨ। ਦੂਜੀ ਉਦਾਸੀ ਸਮੇਂ ਗੁਰੂ ਜੀ ਸੁਮੇਰ ਪਰਬਤ ਤੇ ਗਏ, ਉਥੇ ਉਹ ਸਿਧਾਂ ਨੂੰ ਮਿਲੇ, ਇਨ੍ਹਾਂ ਦੋਹਾਂ ਸਥਾਨਾਂ ਤੇ ਮਿਲਣ ਸਮੇਂ ਸਿੱਧ ਗੁਰੂ ਜੀ ਨੂੰ ਪਹਿਲਾਂ ਨਹੀਂ ਸਨ ਜਾਣਦੇ, ਇਸੇ ਕਰਕੇ ਉਹ ਗੁਰੂ ਜੀ ਨੂੰ ਪੁਛਦੇ ਹਨ ਕਿ 'ਕਵਨ ਤੁਮੇ ਕਿਆ ਨਾਉ ਤੁਮਾਰਾ' ਅਤੇ ਭਾ. ਗੁ. ਜੀ ਅਨੁਸਾਰ 'ਅਪਣਾ ਨਾਉ ਤੁਮ ਦੇਹੁ ਬਤਾਈ'।

ਬਾਬੇ ਡਿਠੀ ਪਿਰਥਮੀ ਨਵੈ ਖੰਡਿ ਜਿਥੈ ਤਕ ਆਹੀ। ਫਿਰਿ ਜਾਇ ਚੜ੍ਹਿਆ ਸੁਮੇਰ ਪਰ ਸਿਧ ਮੰਡਲੀ ਦ੍ਰਿਸਟੀ ਆਈ।
ਚਉਰਾਸੀਹ ਸਿਧ ਗੋਰਖਾਦਿ ਮਨ ਅੰਦਰਿ ਗਣਤੀ ਵਰਤਾਈ। ਸਿਧ ਪੁਛਣਿ ਸੁਣਿ ਬਾਲਿਆ ਕਉਣ ਸਕਤਿ ਤੁਹਿ ਏਥੇ ਲਿਆਈ।
ਹਉ ਜਪਿਆ ਪਰਮੇਸਰੋ ਭਾਉ ਭਗਤਿ ਸੰਗਿ ਤਾੜੀ ਲਾਈ। ਆਖਣਿ ਸਿਧ ਸੁਣਿ ਬਾਲਿਆ ਅਪਣਾ ਨਾਉ ਤੁਮ ਦੇਹੁ ਬਤਾਈ।
ਬਾਬਾ ਆਖੇ ਨਾਥ ਜੀ ਨਾਨਕ ਨਾਮ ਜਪੇ ਗਤਿ ਪਾਈ। ਨੀਚੁ ਕਹਾਇ ਊਚ ਘਰਿ ਆਈ। (ਭਾ.ਗੁ. ਵਾਰ ੧–੨੮)

ਇਥੋਂ ਇਹ ਸੰਕੇਤ ਕਰਦਾ ਹੈ ਕਿ ਸਿੱਧ ਪਹਿਲਾਂ ਗੁਰੂ ਜੀ ਨੂੰ ਜਾਣਦੇ ਨਹੀਂ ਸਨ। ਇਹ ਗੋਸਟਿ ਵੱਖ ਵੱਖ ਵਿਦਵਾਨਾਂ ਵੱਲੋਂ ਵੱਖ ਵੱਖ ਸਥਾਨਾਂ ਤੇ ਹੋਈ ਮੰਨੀ ਗਈ ਹੈ। ਪੁਰਾਤਨ ਜਨਮ ਸਾਖੀ ਗੋਰਖ ਹਟੜੀ (ਪਿਸ਼ਾਵਰ ਸ਼ਹਿਰ ਦਾ ਇਕ ਬਜਾਰ ਪਾਕਿਸਤਾਨ) ਵਿਖੇ ਹੋਈ ਮੰਨਦੀ ਹੈ। ਕੁਝ ਵਿਦਵਾਨ ਲੋਕ ਭਾਈ ਗੁਰਦਾਸ ਜੀ ਦੀ ਵਾਰ ਦੇ ਹਵਾਲੇ ਤੋਂ ਇਹ ਗੋਸਟਿ ਅਚਲ ਬਟਾਲੇ ਹੋਈ ਮੰਨਦੇ ਹਨ। ਜਨਮ ਸਾਖੀ ਭਾਈ ਬਾਲਾ ਇਹ ਗੋਸਟਿ ਟਿੱਲਾ ਬਾਲ ਗੁੰਦਾਈਂ (ਜਿਲ੍ਹਾ ਜੇਹਲਮ ਪਾਕਿਸਤਾਨ) ਵਿਖੇ ਹੋਈ ਮੰਨਦੀ ਹੈ। ਇਤਿਹਾਸ ਵਿਚ ਇਹ ਸਬੂਤ ਮਿਲਦੇ ਹਨ ਕਿ ਸਿੱਧਾਂ ਨਾਲ ਗੁਰੂ ਜੀ ਦੀ ਗੋਸਟੀ ਸੁਮੇਰ ਪਰਬਤ ਤੇ, ਅਚਲ ਬਟਾਲੇ, ਗੋਰਖ ਹਟੜੀ, ਟਿੱਲਾ ਬਾਲ ਗੁੰਦਾਈ, ਗੋਰਖ ਮਤਾ ਆਦਿ ਸਥਾਨਾਂ ਵਿਖੇ ਹੋਈ ਹੈ। ਇਨ੍ਹਾਂ ਸਭ ਸਥਾਨਾਂ ਤੇ ਗੁਰੂ ਜੀ ਅਤੇ ਸਿੱਧਾਂ ਵਿਚਾਲੇ ਹੋਏ ਪ੍ਰਸ਼ਨ ਉਤਰ ਦਾ ਸਾਰ 'ਸਿਧ ਗੋਸਟਿ' ਵਿਚ ਹੈ, ਜੋ ਗੁਰੂ ਜੀ ਨੇ ਕਰਤਾਰ ਪੁਰ ਰਹਿਣ ਸਮੇਂ ਕਲਮ ਬੰਦ ਕੀਤਾ ਹੈ। ਗੁਰੂ ਜੀ ਨੇ ਸਿੱਧਾਂ ਵੱਲੋਂ ਕੀਤੇ ਔਖੇ ਤੋਂ ਔਖੇ ਪ੍ਰਸ਼ਨਾਂ ਦਾ ਉਤਰ ਬਹੁਤ ਸੰਜਮ, ਨਿਮ੍ਰਤਾ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਦਿਤਾ ਹੈ। ਗੁਰੂ ਜੀ ਦਾ ਵਡੱਪਣ ਹੈ ਕਿ ਸਰਬ ਸ਼ਕਤੀਮਾਨ ਹੁੰਦੇ ਹੋਏ ਵੀ ਉਨ੍ਹਾਂ ਨੇ ਸਿੱਧਾਂ ਅੱਗੇ ਅਪਣੇ ਆਪ ਨੂੰ ਵੱਡਾ ਨਹੀਂ ਜਣਾਇਆ। ਕਲਜੁਗੀ ਜੀਵਾਂ ਦੇ ਕਲਿਆਣ ਵਾਸਤੇ ਰੱਬੀ ਗਿਆਨ ਨੂੰ ਬਹੁਤ ਸਰਲ ਭਾਵਾਂ ਵਿਚ ਪ੍ਰਗਟਾਇਆ ਹੈ। ਗੁਰੂ ਜੀ ਨੇ ਜੋਗੀਆਂ ਦੇ ਹੱਠ ਜੋਗ ਦਾ ਪੂਰੀ ਤਰ੍ਹਾਂ ਖੰਡਨ ਕਰਕੇ ਸਹਜ ਜੋਗ ਅਪਨਾਉਣ ਲਈ ਗੁਰਮਤਿ ਦਾ ਮਾਰਗ ਉਜਾਗਰ ਕੀਤਾ। ਇਸ ਬਾਣੀ ਦਾ ਪਹਿਲਾ ਪਦਾ ਭੂਮਿਕਾ ਵੱਜੋਂ ਹੈ, ਜੋ ਗੁਰੂ ਜੀ ਬਾਬਾ ਲਹਿਣਾ ਜੀ ਅਤੇ ਹੋਰ ਸੰਗਤਾਂ ਨੂੰ ਸੁਣਾ ਰਹੇ ਹਨ। ਸਿਧ ਗੋਸਟਿ ਵਿਚ ੭੩ ਪਉੜੀਆਂ ਹਨ, ਇਨ੍ਹਾਂ ਪਉੜੀਆਂ ਵਿਚ ਸਿੱਧਾਂ ਵੱਲੋਂ ਪੁੱਛੇ ੭੦ ਪ੍ਰਸ਼ਨ ਹਨ, ਜੋ ਸਧਾਰਨ ਪੱਧਰ ਦੇ ਨਹੀਂ। ਸਿਧ ਗੋਸਟਿ ਦਾ ਵਿਸ਼ਾ ਬਹੁਤ ਗੰਭੀਰ ਹੈ, ਵਿਸ਼ਾਲ ਅਨੁਭਵ ਵਾਲਾ ਵਿਚਾਰਨਵਾਨ ਤੇ ਗਿਆਨਵਾਨ ਮਨੁੱਖ ਹੀ ਇਸ ਬਾਣੀ ਨੂੰ ਸਮਝਣ ਦੇ ਯੋਗ ਹੋ ਸਕਦਾ ਹੈ।

ਯੋਗ ਮਤ = ਯੋਗ ਦਾ ਅਰਥ ਹੈ ਜੁੜਨਾ, ਜੋਗੀਆਂ ਦੇ ਮੱਤ ਅਨੁਸਾਰ ਸ਼ਿਵ ਜੀ ਨਾਲ ਜੁੜਨਾ। ਜੋਗੀ ਸ਼ਿਵ ਜੀ ਨੂੰ ਸਭ ਤੋਂ ਵੱਡਾ ਤੇ ਪਹਿਲਾ ਜੋਗੀ ਮੰਨਦੇ ਹਨ। ਯੋਗ ਮੱਤ ਪਤੰਜਲੀ ਰਿਖੀ ਵੱਲੋਂ ਚਲਾਇਆ ਦਸਿਆ ਜਾਂਦਾ ਹੈ। ਇੰਦ੍ਰੀਆਂ ਨੂੰ ਬਾਹਰਮੁਖੀ ਵਾਸ਼ਨਾਵਾਂ ਤੋਂ ਰੋਕ ਕੇ ਧਿਆਨ ਨੂੰ ਅੰਤਰਮੁਖੀ ਕਰਕੇ ਨਿਜ ਘਰ ਵਿਚ ਟਿਕਾਇਆ ਜਾਵੇ। ਇੰਦ੍ਰੀਆਂ ਨੂੰ ਦਮਨ ਕਰਨ ਲਈ ਹਠ ਯੋਗ, ਸਹਿਜ ਯੋਗ, ਗਿਆਨ ਯੋਗ ਤੇ ਰਾਜ ਜੋਗ ਆਦਿ ਮਾਰਗ ਅਪਣਾਏ ਜਾਂਦੇ ਹਨ। ਸਿਧ ਗੋਸਟਿ ਬਾਣੀ ਵਿਚ ਗੁਰੂ ਜੀ ਨੂੰ ਪ੍ਰਸ਼ਨ ਪੁਛਣ ਵਾਲੇ

ਚਰਪਟ ਨਾਥ ਤੇ ਲੋਹਾਰੀਪਾ ਕੇਵਲ ਦੋ ਜੋਗੀਆਂ ਦੇ ਨਾਮ ਹਨ। ਬਾਲੇ ਵਾਲੀ ਜਨਮ ਸਾਖੀ ਵਿਚ ਇਨ੍ਹਾਂ ਦੋ ਨਾਵਾਂ ਤੋਂ ਇਲਾਵਾ, ਭੰਗਰ ਨਾਥ, ਭਰਥਰੀ, ਗੋਪੀ ਚੰਦ, ਝੰਗਰ ਨਾਥ, ਸੰਘਰ ਨਾਥ, ਹਨੀਫਾ ਆਦਿ ਜੋਗੀਆਂ ਦੇ ਨਾਮ ਦਰਜ ਹਨ। ਸਿੱਧ ਕਰਾਮਾਤਾਂ, ਜੰਤ੍ਰ ਮੰਤ੍ਰਾਂ ਦੇ ਰਾਹੀਂ ਲੋਕਾਂ ਉਤੇ ਅਪਣਾ ਸਿੱਕਾ ਜਮਾਉਂਦੇ ਸਨ। ਜੋਗੀਆਂ ਦਾ ਮੰਤਵ ਆਤਮ ਗਿਆਨ ਪ੍ਰਾਪਤ ਕਰਨਾ ਨਹੀਂ ਸੀ ਅਤੇ ਨਾ ਹੀ ਸਮਾਜ ਸੇਵਾ। ਰਿਧੀਆਂ ਸਿਧੀਆਂ ਰਾਹੀਂ ਲੋਕਾਂ ਤੇ ਡਰ ਦਾ ਪ੍ਰਭਾਵ ਪਾ ਕੇ ਅਪਣੀ ਪੂਜਾ ਕਰਾਉਣਾ ਸੀ। ਕੁੰਡਲਨੀ ਖੋਲ੍ਹ ਕੇ ਸ਼ੂਨ ਅਵਸਥਾ ਪ੍ਰਾਪਤ ਕਰਕੇ ਅਹਿੱਲ ਹੋਣਾ ਤੇ ਸਮਾਧੀ ਵਿਚ ਲੀਨ ਰਹਿ ਕੇ ਮੁਕਤ ਹੋ ਜਾਣਾ ਮੁਖ ਮੰਤਵ ਸੀ। ਇਸ ਮੱਤ ਦਾ ਜਨਮ ਬੁੱਧ ਮੱਤ ਤੋਂ ਬਾਦ ਹੋਇਆ ਹੈ। ਜੋਗ ਮੱਤ ਦੇ ਜਨਮ ਦਾਤਾ ਨੌਂ ਨਾਥ ਤੇ ਚੁਰਾਸੀ ਸਿੱਧ ਮਸ਼ਹੂਰ ਹਨ। ਗੁਰੂ ਜੀ ਦਾ ਜੋਗੀਆਂ ਨੂੰ ਮਿਲਣ ਦਾ ਮਕਸਦ ਇਹ ਸੀ ਕਿ ਕਿਵੇਂ ਨਾ ਕਿਵੇਂ ਜੋਗੀ ਗ੍ਰਿਸਤ ਵਿਚ ਰਹਿ ਕੇ ਕਿਰਤ ਕਮਾਈ ਕਰਨ ਅਤੇ ਅਗਿਆਨ ਵਿਚ ਗ੍ਰਸੇ ਲੋਕਾਂ ਨੂੰ ਰੱਬ ਨਾਲ ਜੋੜਨ। ਪਰ ਸਿਧ ਗੁਰੂ ਜੀ ਨੂੰ ਅਪਣੇ ਮੱਤ ਵਿਚ ਲਿਆਉਣਾ ਚਾਹੁੰਦੇ ਸਨ, ਜਿਸ ਵਿਚ ਉਹ ਸਫਲ ਨਹੀਂ ਹੋਏ।

ਸਿਧੀ ਮਨੈ ਬੀਚਾਰਿਆ ਕਿਵੈ ਦਰਸਨ ਲੇਵੈ ਏ ਬਾਲਾ। ਐਸਾ ਜੋਗੀ ਕਲੀ ਮਹਿ ਹਮਰੇ ਪੰਥ ਕਰੇ ਉਜਿਆਲਾ। (ਭਾ.ਗੁ.੧-੩੧)

ਰਾਮਕਲੀ ਮਹਲਾ ੧   ਸਿਧ ਗੋਸਟਿ   ੧ੴ ਸਤਿਗੁਰ ਪ੍ਰਸਾਦਿ ॥

ਸਿਧ ਸਭਾ ਕਰਿ ਆਸਣਿ ਬੈਠੇ, ਸੰਤ ਸਭਾ ਜੈਕਾਰੋ ॥ ਤਿਸੁ ਆਗੈ ਰਹਰਾਸਿ ਹਮਾਰੀ, ਸਾਚਾ ਅਪਰ ਅਪਾਰੋ ॥ ਮਸਤਕੁ ਕਾਟਿ ਧਰੀ ਤਿਸੁ ਆਗੈ, ਤਨੁ ਮਨੁ ਆਗੈ ਦੇਉ ॥ ਨਾਨਕ ਸੰਤੁ ਮਿਲੈ ਸਚੁ ਪਾਈਐ, ਸਹਜ ਭਾਇ ਜਸੁ ਲੇਉ ॥੧॥ ਕਿਆ ਭਵੀਐ ਸਚਿ ਸੂਚਾ ਹੋਇ ॥ ਸਾਚ ਸਬਦ ਬਿਨੁ ,ਮੁਕਤਿ ਨ ਕੋਇ ॥੧॥ ਰਹਾਉ॥ ਕਵਨ ਤੁਮੇ ਕਿਆ ਨਾਉ ਤੁਮਾਰਾ, ਕਉਨੁ ਮਾਰਗੁ ਕਉਨੁ ਸੁਆਓ ॥ ਸਾਚੁ ਕਹਉ ਅਰਦਾਸਿ ਹਮਾਰੀ, ਹਉ ਸੰਤ ਜਨਾ ਬਲਿ ਜਾਓ ॥ ਕਹ ਬੈਸਹੁ ਕਹ ਰਹੀਐ ਬਾਲੇ, ਕਹ ਆਵਹੁ ਕਹ ਜਾਹੋ ॥ ਨਾਨਕ ਬੋਲੈ ਸੁਣਿ ਬੈਰਾਗੀ, ਕਿਆ ਤੁਮਾਰਾ ਰਾਹੋ ॥੨॥(ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ) ਸਿੱਧ, ਸਭਾ ਲਾ ਕਰਕੇ (ਆਪੋ ਅਪਣੇ) ਆਸਣ ਉਤੇ ਬੈਠੇ ਸਨ, (ਮੈਂ ਉਨ੍ਹਾਂ ਨੂੰ ਸੰਬੋਧਨ ਕਰਕੇ ਕਿਹਾ) ਹੇ ਸੰਤਾਂ ਦੀ ਸਭਾ! (ਮੇਰੀ ਤੁਹਾਨੂੰ ਸਭ ਨੂੰ) ਨਮਸ਼ਕਾਰ ਹੈ। ਇਹ ਮੇਰੀ ਨਮਸ਼ਕਾਰ ਉਸ ਸਭਾ ਅੱਗੇ ਹੈ, (ਜਿਸ ਵਿਚ) ਸੱਚਾ ਅਤੇ ਬੇਅੰਤ ਪ੍ਰਭੂ ਵਸਦਾ ਹੈ (ਸੰਤਾਂ ਦੀ ਸਭਾ ਵਿਚ ਪ੍ਰਭੂ ਆਪ ਵਸਦਾ ਹੈ, ਇਸ ਲਈ ਸੰਤ ਸਭਾ ਨੂੰ ਨਮਸ਼ਕਾਰ ਪ੍ਰਭੂ ਨੂੰ ਨਮਸ਼ਕਾਰ ਹੈ)। ਮੈਂ ਸਿਰ ਕੱਟ ਕੇ ਉਸ (ਸੰਤ ਸਭਾ) ਅੱਗੇ ਧਰ ਦੇਵਾਂ ਅਤੇ ਤਨ ਮਨ ਵੀ (ਸੰਤ ਸਭਾ) ਅੱਗੇ ਭੇਟ ਕਰ ਦੇਵਾਂ। ਨਾਨਕ ਗੁਰੂ ਜੀ ਆਖਦੇ ਹਨ ਕਿ ਜੇ ਗੁਰੂ ਸੰਤ ਮਿਲ ਜਾਵੇ, ਤਾਂ ਸਚਾ ਪ੍ਰਭੂ ਪਾ ਲਈਦਾ ਹੈ, (ਫਿਰ ਮਨੁੱਖ) ਸਹਿਜ ਸੁਭਾਵਕ ਹੀ ਦੁਨੀਆਂ ਦੀ ਵਡਿਆਈ ਲੈ ਲੈਂਦਾ ਹੈ (ਸੱਚਾ ਪ੍ਰਭੂ ਮਿਲ ਜਾਣ ਨਾਲ ਕੁਦਰਤੀ ਦੁਨੀਆਂ ਵਿਚ ਜਸ ਹੁੰਦਾ ਹੈ)।੧। (ਇਹ ਰਹਾਉ ਵਾਲੀ ਤੁਕ ਸਾਰੀ ਸਿਧ ਗੋਸਟਿ ਬਾਣੀ ਦਾ ਸਾਰ ਹੈ, ਇਸ ਸਾਰੀ ਬਾਣੀ ਦਾ ਮੁਖ ਭਾਵ ਇਨ੍ਹਾਂ ਦੋ ਤੁਕਾਂ ਵਿਚ ਹੈ। ਹੇ ਜੋਗੀ ਭਰਾਵੋ! ਪ੍ਰਭੂ ਤੱਕ ਪਹੁੰਚਣ ਵਾਸਤੇ ਘਰ ਬਾਰ ਛਡ ਕੇ ਬਾਹਰ ਜੰਗਲਾਂ ਪਹਾੜਾਂ ਵਿਚ) ਘੁੰਮਣ ਫਿਰਨ ਨਾਲ ਕੀ ਪ੍ਰਾਪਤ ਹੋਣਾ ਹੈ? (ਕੁਛ ਨਹੀਂ ਮਿਲਣਾ), ਸੱਚੇ ਨਾਮ ਸਿਮਰਨ ਦੁਆਰਾ (ਪ੍ਰਾਣੀ) ਸੁੱਚਾ ਹੁੰਦਾ ਹੈ। (ਗੁਰੂ ਦੇ) ਸੱਚੇ ਸ਼ਬਦ ਤੋਂ ਬਿਨਾ ਕੋਈ ਵੀ (ਪ੍ਰਾਣੀ) ਮੁਕਤ ਨਹੀਂ ਹੋ ਸਕਦਾ।੧। ਰਹਾਉ। (ਇਸ ਤੋਂ ਅੱਗੇ ਜੋਗੀਆਂ ਨਾਲ ਪ੍ਰਸ਼ਨ ਉਤਰ ਹੁੰਦੇ ਹਨ, ਚਰਪਟ ਸਿੱਧ ਨੇ ਚਾਰ ਪ੍ਰਸ਼ਨ ਕੀਤੇ) ਤੁਸੀਂ ਕੌਣ ਹੋ? ਤੁਹਾਡਾ ਕੀ ਨਾਉਂ ਹੈ? ਤੁਹਾਡਾ ਮੱਤ ਕੀ ਹੈ? (ਜੇ ਤੁਸੀਂ ਸਾਡੇ ਚੇਲੇ ਨਹੀਂ ਬਣਨਾ ਤਾਂ ਤੁਹਾਡਾ ਸਾਡੇ ਕੋਲ ਆਉਣ ਦਾ) ਪ੍ਰਯੋਜਨ ਕੀ ਹੈ; (ਤੁਹਾਡੇ) ਮੱਤ ਦਾ ਮਨੋਰਥ ਕੀ ਹੈ? (ਗੁਰੂ ਜੀ ਦਾ ਉਤਰ) ਮੈਂ ਸੱਚ ਕਹਿੰਦਾ ਹੈ ਅਤੇ (ਮੇਰੀ ਇਹ) ਅਰਦਾਸ ਹੈ ਕਿ ਮੈਂ ਸੰਤ ਜਨਾਂ ਤੋਂ ਸਦਕੇ ਜਾਂਦਾ ਹਾਂ; ਮੈਂ ਸੱਚੇ ਪ੍ਰਭੂ ਨੂੰ ਜਪਦਾ ਹਾਂ, (ਉਸੇ ਅੱਗੇ) ਅਰਦਾਸ ਕਰਦਾ ਹਾਂ ਅਤੇ (ਤੁਹਾਡੇ ਵਰਗੇ) ਸੰਤਾਂ ਤੋਂ ਮੈਂ ਬਲਹਾਰ ਜਾਂਦਾ ਹਾਂ। (ਇਸ ਉਤਰ ਨਾਲ ਜੋਗੀ ਦੀ ਤਸੱਲੀ ਨਹੀਂ ਹੋਈ, ਉਹ ਦੁਬਾਰਾ ਫਿਰ ਪੰਜ ਪ੍ਰਸ਼ਨ ਕਰਦਾ ਹੈ ਕਿ) ਹੇ ਬਾਲਕ! (ਸਿੱਧ ਵੱਡੀਆਂ ਉਮਰਾਂ ਦੇ ਹੋਣ ਕਰਕੇ ਗੁਰੂ ਜੀ ਨੂੰ ਬਾਲਕ ਕਹਿ ਕੇ ਬੁਲਾਉਂਦੇ ਹਨ) ਤੁਸੀਂ ਕਿਥੇ ਆਸਣ ਲਾ ਕੇ ਬੈਠਦੇ ਹੋ ਭਾਵ ਕਿਹੜਾ ਆਸਣ ਲਾਉਂਦੇ ਹੋ? ਕਿੱਥੇ ਰਹਿੰਦੇ ਹੋ (ਟਿਕਾਣਾ ਕਿੱਥੇ ਹੈ)? ਕਿਥੋਂ ਆਏ ਹੋ ਅਤੇ ਕਿੱਥੇ ਜਾਣਾ ਹੈ? (ਬਾਬਾ ਲਹਣਾ ਜੀ ਅਤੇ ਸੰਗਤਾਂ ਨੂੰ) ਗੁਰੂ ਨਾਨਕ ਦੇਵ ਜੀ ਆਖਦੇ ਹਨ (ਕਿ ਚਰਪਟ ਸਿੱਧ ਨੇ ਸਾਨੂੰ ਪੁੱਛਿਆ) ਹੇ ਬੈਰਾਗੀ! ਸੁਣ, ਤੇਰਾ ਮੱਤ ਕੀ ਹੈ?।੨। (ਗੁਰੂ ਜੀ ਦਾ ਜਵਾਬ ਅਗਲੀ ਪਉੜੀ ਵਿਚ ਹੈ)।

ਪਹਿਲੀ ਪਉੜੀ ਦਾ ਦੂਜਾ ਅਰਥ = ਗੁਰੂ ਜੀ ਦੇ ਦੀਵਾਨ ਵਿਚ ਸਿਧ ਆਸਣ ਵਿਛਾ ਸਭਾ ਲਾ ਕੇ ਬੈਠ ਗਏ ਤੇ ਬੋਲੇ ਹੇ ਸੰਤ ਸਭਾ ਜੀ! ਜੈਕਾਰ ਹੋਵੇ। ਗੁਰੂ ਜੀ ਨੇ ਕਿਹਾ ਸਾਡੀ (ਪਹਿਲੀ) ਨਮਸ਼ਕਾਰ ਸੱਚੇ ਅਪਰ ਅਪਾਰ ਨੂੰ ਹੈ, ਉਸ ਅੱਗੇ ਤਾਂ ਸਿਰ ਵੀ ਕੱਟ ਕੇ

ਰੱਖ ਦਿਆਂ ਤੇ ਤਨ ਮਨ ਵੀ ਅਰਪਾਂ। (ਦੂਜੀ) ਜੈਕਾਰ (ਉਸ ਨੂੰ ਹੈ, ਜੋ) ਸੰਤ ਹੈ, (ਕਿਉਂਕਿ) ਸੰਤ ਮਿਲਿਆਂ ਸੱਚ ਪਾਈਦਾ ਹੈ, ਸ਼ਾਂਤੀ ਪ੍ਰੇਮ ਤੇ ਜਸ ਮਿਲਦਾ ਹੈ (ਗੁ. ਗ੍ਰੰ. ਕੋਸ਼।੧। ਵੱਖ ਵੱਖ ਵਿਦਵਾਨਾਂ ਨੇ ਦੋਹਾਂ ਤਰ੍ਹਾਂ ਦੇ ਅਰਥ ਕੀਤੇ ਹਨ)।

ਪਦਾਰਥ = ਸਿਧ ਗੋਸਟਿ–ਸਿੱਧਾਂ ਨਾਲ ਹੋਈ ਪ੍ਰਸਪਰ ਗਲਬਾਤ (ਵਿਚਾਰ ਵਟਾਂਦਰਾ ਅਲੋਚਨਾਤਮਕ ਵਿਚਾਰਾਂ; ਪ੍ਰਸ਼ਨ ਉਤਰ)। ਸਿਧ –ਸਿਧੀ ਨੂੰ ਪ੍ਰਾਪਤ ਹੋਇਆ ਕਰਾਮਾਤੀ ਜੋਗੀ। ਸਿਧ ਸਭਾ–ਸਿੱਧਾਂ ਦੀ ਸਭਾ। ਆਸਣਿ–ਆਸਣ ਉਤੇ। ਜੈਕਾਰੋ–ਨਮਸ਼ਕਾਰ। ਤਿਸੁ ਆਗੈ–ਉਸ (ਸੰਤ ਸਭਾ) ਅੱਗੇ। ਰਹਰਾਸਿ–ਨਮਸ਼ਕਾਰ। ਅਪਰ ਅਪਾਰੋ–ਪਰੇ ਤੋਂ ਪਰੇ ਬੇਅੰਤ ਪ੍ਰਭੂ। ਮਸਤਕੁ–ਮੱਥਾ (ਸਿਰ)। ਧਰੀ–ਰੱਖ ਦੇਵਾਂ। ਤਨੁ–ਸਰੀਰ। ਆਗੈ ਦੇਉ–ਅੱਗੇ ਭੇਟਾ ਕਰ ਦੇਵਾਂ। ਸਚੁ–ਸੱਚਾ ਪ੍ਰਭੂ। ਸਹਜ ਭਾਇ–ਸਹਿਜ ਸੁਭਾਵਕ ਹੀ; ਸੌਖੇ ਹੀ। ਜਸੁ ਲੇਉ–ਵਡਿਆਈ ਲੈਂਦਾ ਹੈ।੧। ਕਿਆ ਭਵੀਐ–ਘੁੰਮਣ ਫਿਰਨ ਨਾਲ ਕੀ ਹੋਣਾ ਹੈ? (ਕੋਈ ਲਾਭ ਨਹੀਂ)। ਸਚਿ–ਸਚੇ ਨਾਮ ਸਿਮਰਨ ਦੁਆਰਾ। ਸੂਚਾ–ਸੁੱਚਾ (ਪਵਿਤ੍ਰ)।੧। ਰਹਾਉ। ਕਵਨ ਤੁਮੇ–ਤੁਸੀਂ ਕੌਣ ਹੋ? ਕਉਨੁ–ਕਿਹੜਾ। ਮਾਰਗੁ–ਰਸਤਾ; ਮੱਤ; ਪੰਥ। ਸੁਆਓ –ਮਨੋਰਥ; ਪ੍ਰਯੋਜਨ। ਕਹਉ–ਮੈਂ ਕਹਿੰਦਾ ਹਾਂ; ਜਪਦਾ ਹਾਂ। ਹਉ–ਮੈਂ। ਕਹ–ਕਿੱਥੇ। ਬੈਸਹੁ–ਬੈਠਦੇ ਹੋ। ਬਾਲੇ–ਹੇ ਬਾਲਕ!। ਜਾਹੁ–ਜਾਂਦੇ ਹੋ। ਨਾਨਕੁ ਬੋਲੈ–ਨਾਨਕ ਆਖਦਾ ਹੈ। ਬੈਰਾਗੀ–ਹੇ ਬੈਰਾਗੀ!। ਰਾਹੋ–ਮੱਤ; ਪੰਥ।੨।

ਘਟਿ ਘਟਿ ਬੈਸਿ ਨਿਰੰਤਰਿ ਰਹੀਐ, ਚਾਲਹਿ ਸਤਿਗੁਰ ਭਾਏ ॥ ਸਹਜੇ ਆਏ ਹੁਕਮਿ ਸਿਧਾਏ, ਨਾਨਕ ਸਦਾ ਰਜਾਏ ॥ ਆਸਣਿ ਬੈਸਣਿ ਥਿਰੁ ਨਾਰਾਇਣੁ ,ਐਸੀ ਗੁਰਮਤਿ ਪਾਏ ॥ ਗੁਰਮੁਖਿ ਬੂਝੈ ਆਪੁ ਪਛਾਣੈ, ਸਚੇ ਸਚਿ ਸਮਾਏ ॥੩॥ ਦੁਨੀਆ ਸਾਗਰੁ ਦੁਤਰੁ ਕਹੀਐ, ਕਿਉ ਕਰਿ ਪਾਈਐ ਪਾਰੋ ॥ ਚਰਪਟੁ ਬੋਲੈ ਅਉਧੂ ਨਾਨਕ, ਦੇਹੁ ਸਚਾ ਬੀਚਾਰੋ ॥ ਆਪੇ ਆਖੈ ਆਪੇ ਸਮਝੈ, ਤਿਸੁ ਕਿਆ ਉਤਰੁ ਦੀਜੈ ॥ ਸਾਚੁ ਕਹਹੁ ਤੁਮ ਪਾਰਗਰਾਮੀ, ਤੁਝੁ ਕਿਆ ਬੈਸਣੁ ਦੀਜੈ ॥੪॥ (ਹੇ ਚਰਪਟ ਨਾਥ! ਮੈਂ ਕੀ ਉਤਰ ਦਿਆਂ ਕਿ ਮੈਂ ਕੌਣ ਹਾਂ? ਸਦਾ ਟਿਕਿਆ ਰਹਿਣ ਵਾਲਾ ਕੇਵਲ ਪ੍ਰਭੂ ਹੀ ਹੈ, ਬਾਕੀ ਸਾਰਾ ਜਗਤ ਉਸ ਦੇ ਹੁਕਮ ਵਿਚ ਹੈ) ਪ੍ਰਭੂ ਹਰੇਕ ਜੀਵ ਦੇ ਹਿਰਦੇ ਵਿਚ ਬੈਠਾ (ਵਸਦਾ) ਹੈ, (ਉਸ ਪ੍ਰਭੂ ਵਿਚ) ਇਕ ਰਸ ਲਗਾਤਾਰ ਟਿਕੇ ਰਹੀਦਾ ਹੈ ਅਤੇ ਸਤਿਗੁਰੂ ਦੇ ਹੁਕਮ ਵਿਚ ਚਲਦੇ ਹਾਂ (ਇਹੋ ਸਾਡਾ ਮੱਤ ਹੈ)। ਅਸੀਂ ਸਹਿਜ ਸੁਭਾਵਕ ਹੀ ਇਧਰ ਚਲੇ ਆਏ ਹਾਂ, ਉਸ ਦੇ ਹੁਕਮ ਵਿਚ ਤੁਰੇ ਫਿਰਦੇ ਹਾਂ; (ਪ੍ਰਭ ਦੇ ਹੁਕਮ ਅਨੁਸਾਰ) ਸੁਤੇ ਸਿਧ ਹੀ ਅਸੀਂ ਜਗਤ ਵਿਚ ਆਏ ਹਾਂ, ਉਸ ਦੇ ਹੁਕਮ ਅਨੁਸਾਰ ਹੀ (ਜਗਤ ਵਿਚ) ਤੁਰੇ ਫਿਰਦੇ ਹਾਂ, ਨਾਨਕ ਸਦਾ (ਉਸ ਦੀ) ਰਜ਼ਾ ਵਿਚ ਰਹਿੰਦਾ ਹੈ। ਆਸਣ ਉਤੇ ਬੈਠਣ ਵਾਲਾ ਕੇਵਲ ਪ੍ਰਭੂ ਹੀ ਸਥਿਰ ਹੈ, ਗੁਰੂ ਦੀ ਅਜੇਹੀ ਸਿੱਖਿਆ ਅਸੀਂ ਪ੍ਰਾਪਤ ਕੀਤੀ ਹੈ। (ਇਸ ਭੇਦ ਨੂੰ ਉਹ) ਗੁਰਮੁਖ ਸਮਝਦਾ ਹੈ, ਜੋ ਅਪਣੇ ਆਪ ਨੂੰ ਪਛਾਣਦਾ ਹੈ ਅਤੇ (ਉਹ) ਸੱਚੇ ਨਾਮ ਰਾਹੀਂ ਸੱਚ ਸਰੂਪ ਪ੍ਰਭੂ ਵਿਚ ਮਿਲ ਜਾਂਦਾ ਹੈ।੩। (ਪ੍ਰਸ਼ਨ) ਚਰਪਟ ਆਖਦਾ ਹੈ ਕਿ ਹੇ ਨਾਨਕ ਅਉਧੂ! ਸੱਚਾ ਬਿਚਾਰ ਦੇਵੋ। ਕਿ ਦੁਨੀਆਂ ਰੂਪ ਜੋ ਸਾਗਰ ਹੈ, (ਜਿਸ ਨੂੰ) ਤਰਨਾ ਔਖਾ ਕਿਹਾ ਜਾਂਦਾ ਹੈ, (ਇਸ ਤੋਂ) ਕਿਵੇਂ ਪਾਰ ਹੋ ਪਾਈਦਾ ਹੈ (ਕਿਵੇਂ ਤਰਿਆ ਜਾ ਸਕਦਾ ਹੈ? ਗੁਰੂ ਜੀ ਉਤਰ ਦੇਂਦੇ ਹਨ ਕਿ ਹੇ ਚਰਪਟ ਜੋਗੀ! ਜੋ ਮਨੁੱਖ) ਆਪ ਹੀ (ਸੁਆਲ) ਆਖਦਾ (ਪੁੱਛਦਾ) ਹੈਂ ਅਤੇ ਆਪ ਹੀ (ਇਸ ਦਾ ਉਤਰ) ਸਮਝਦਾ ਹੈਂ, ਉਸ ਨੂੰ ਕੀ ਉਤਰ ਦੇਈਏ? ਹੇ ਪਾਰ ਪੁਜੇ ਹੋਏ ਜੋਗੀ! ਤੂੰ ਸੱਚ ਦੱਸ, ਤੈਨੂੰ ਇਸ ਵਿਚਾਰ ਵਿਚ ਕੀ ਬੈਠਣ ਦੇਈਏ? (ਗੁਰੂ ਨਾਨਕ ਦੇਵ ਜੀ ਚਰਪਟ ਨੂੰ ਕਹਿੰਦੇ ਹਨ ਕਿ ਤੂੰ ਆਪ ਹੀ ਜਗਤ ਨੂੰ ਦੁਤਰ ਕਹਿ ਦਿਤਾ ਹੈ, ਇਸ ਦਾ ਤੈਨੂੰ ਕੀ ਉਤਰ ਦੇਈਏ? ਕਿਉਂਕਿ ਜੋ ਦੁਤਰ ਹੈ, ਉਹ ਤਰਿਆ ਕਿਵੇਂ ਜਾ ਸਕਾ ਹੈ? ਤੂੰ ਤਾਂ ਪਹਿਲਾਂ ਹੀ ਜਗਤ ਨੂੰ ਛਡ ਬੈਠਾ ਹੈ, ਇਉਂ ਤੂੰ ਇਸ ਤੋਂ ਪਾਰ ਹੋਇਆ ਸਮਝੀ ਬੈਠਾ ਹੈਂ। ਤੈਨੂੰ ਤਾਂ ਵਿਚਾਰ ਵਿਚ ਬੈਠਣ ਨਹੀਂ ਦੇਣਾ ਚਾਹੀਦਾ, ਕਿਉਂਕਿ ਤੂੰ ਸਵਾਲ ਦਾ ਆਪੇ ਜਵਾਬ ਦੇ ਕੇ ਫਿਰ ਪੁੱਛਦਾ ਹੈਂ ਕਿ ਸਾਗਰ ਕਿਵੇਂ ਤਰੀਦਾ ਹੈ?।੪। (ਸ਼ਬਦਾਰਥ; ਇੰਗਲਿਸ਼ ਟੀਕਾ)

ਤੁਝੁ ਕਿਆ ਬੈਸਣੁ ਦੀਜੈ = ੧. ਮੈਂ (ਗੁਰੂ ਜੀ) ਸੱਚ ਕਹਿੰਦਾ ਹਾਂ ਕਿ (ਹੇ ਚਰਪਟ!) ਤੂੰ ਪਾਰਗਰਮੀ ਹੈਂ, (ਇਸ ਲਈ ਵਿਚਾਰ ਵਿਚ) ਤੈਨੂੰ ਕੀ ਬੈਠਣ ਦੇਈਏ? ਭਾਵ ਤੈਨੂੰ ਉਪਦੇਸ਼ ਦੀ ਲੋੜ ਨਹੀਂ, ਤੂੰ ਤਾਂ ਪਹਿਲਾਂ ਹੀ ਭਵਜਲ ਤੋਂ ਪਾਰ ਹੋਇਆ ਹੋਇਆ ਹੈਂ। ੨. ਹੇ ਜੋਗੀ! ਤੁਸੀਂ ਸੱਚ ਕਹਿੰਦੇ ਹੋ, (ਇਹ ਦੁਨੀਆਂ ਸੱਚਮੁੱਚ ਦੁਤਰ ਹੈ, ਪਰ ਤੁਸੀਂ ਜਾਣਦੇ ਹੋ ਕਿ ਇਹ ਕਿਵੇਂ ਤਰੀਦੀ ਹੈ, ਕਿਉਂਕਿ) ਤੁਸੀਂ ਪਾਰਗਰਾਮੀ ਹੋ, ਇਸ ਲਈ ਤੁਹਾਡੇ ਪ੍ਰਸ਼ਨ ਵਿਚ ਮੈਨੂੰ ਕੋਈ ਦੋਸ਼ ਲੱਭਣ ਦੀ ਲੋੜ ਨਹੀਂ (ਡਾ. ਤਾਰਨ ਸਿੰਘ)।

ਪਦਾਰਥ = ਘਟਿ ਘਟਿ–ਹਰੇਕ ਜੀਵ ਦੇ ਹਿਰਦੇ ਵਿਚ। ਬੈਸਿ–ਬੈਠਾ ਹੈ। ਨਿਰੰਤਰਿ–ਇਕ ਰਸ; ਲਗਾਤਾਰ। ਰਹੀਐ–ਟਿਕੇ ਰਹੀਦਾ ਹੈ। ਚਾਲਹਿ–ਅਸੀਂ ਚਲਦੇ ਹਾਂ। ਭਾਏ–ਹੁਕਮ ਵਿਚ। ਸਹਜੇ–ਸੁਭਾਵਕ ਹੀ। ਹੁਕਮਿ–ਹੁਕਮ ਵਿਚ। ਸਿਧਾਏ–ਤੁਰੇ ਫਿਰਦੇ ਹਾਂ। ਰਜਾਏ–ਰਜ਼ਾ ਵਿਚ। ਆਸਣਿ–ਆਸਣ ਉਤੇ। ਬੈਸਣਿ–ਬੈਠਣ ਵਾਲਾ। ਥਿਰੁ–ਸਦਾ ਕਾਇਮ ਰਹਿਣ ਵਾਲਾ। ਗੁਰਮਤਿ–ਗੁਰੂ ਦੀ ਸਿੱਖਿਆ। ਪਾਏ

–ਪ੍ਰਾਪਤ ਕੀਤੀ ਹੈ।ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ।ਬੂਝੈ–ਸਮਝਦਾ ਹੈ।ਆਪੁ–ਅਪਣੇ ਆਪ ਨੂੰ।ਸਚੇ ਸਚਿ–ਸਚੇ ਨਾਮ ਰਾਹੀਂ ਸੱਚੇ ਪ੍ਰਭੂ ਵਿਚ।ਸਮਾਏ–ਮਿਲ ਜਾਂਦਾ ਹੈ।੩।ਸਾਗਰੁ ਦੁਤਰੁ–ਔਖਾ ਤਰਿਆ ਜਾਣ ਵਾਲਾ ਸਮੁੰਦਰ।ਕਿਉ ਕਰਿ–ਕਿਸ ਤਰ੍ਹਾਂ; ਕਿਵੇਂ। ਪਾਰੋ–ਪਾਰ; ਪਾਰਲਾ ਕਿਨਾਰਾ।ਅਉਧੂ ਨਾਨਕ–ਹੇ ਤਿਆਗੀ ਨਾਨਕ!।ਸਾਚੁ ਕਹਹੁ–ਸੱਚ ਦੱਸ; ਮੈਂ ਸੱਚ ਕਹਿੰਦਾ ਹਾਂ।ਪਾਰਗਰਾਮੀ– ਸੰਸਾਰ ਸਮੁੰਦਰ ਤੋਂ ਪਾਰ ਪੁੱਜਿਆ ਮਨੁੱਖ।ਬੈਸਣੁ ਦੀਜੈ–ਬੈਠਣ ਦੇਈਏ; ਬਹਿਸ ਕਰਨ ਦੇਈਏ; ਦੋਸ਼ ਦੇਈਏ (ਦਰਪਣ)।੪।

ਵਿਆਖਿਆ = ਜੋਗ ਮੱਤ ਵਿਚ ਪ੍ਰਭੂ ਵਿਚ ਲੀਨ ਹੋਣਾ ਨਹੀਂ, ਪਰ ਅਪਣੇ ਆਪ ਨੂੰ ਜਾਨਣਾ ਹੈ।ਉਹ ਇਥੇ ਹੀ ਬਸ ਕਰ ਦੇਂਦੇ ਹਨ ਅਤੇ ਅਪਣੇ ਆਪ ਨੂੰ ਬ੍ਰਹਮ ਕਹਿਣ ਲਗ ਜਾਂਦੇ ਹਨ।ਜੋਗ ਮੱਤ ਵਾਲੇ ਅਤੇ ਸੂਫੀ ਮੱਤ ਵਾਲੇ ਇਹੀ ਕਹਿੰਦੇ ਹਨ।ਜੋਗੀਆਂ ਦਾ ਮੱਤ ਹਉਮੈ ਤੇ ਅਧਾਰਤ ਹੈ, ਪਰ ਗੁਰਮਤਿ ਵਿਚ ਹਉਮੈ ਦਾ ਤਿਆਗ ਪ੍ਰਭੂ ਦੀ ਪ੍ਰਾਪਤੀ ਦਾ ਮੁਖ ਸਾਧਨ ਹੈ।ਅਪਣੇ ਆਪ ਨੂੰ ਵੱਡਾ ਜਣਾਉਣਾ ਗੁਰਮਤਿ ਦਾ ਸਿਧਾਂਤ ਨਹੀਂ।ਗੁਰਮਤਿ ਵਿਚ ਨਾਮ ਸਿਮਰਨ ਦੁਆਰਾ ਪ੍ਰਭੂ ਵਿਚ ਲੀਨ ਹੋਣਾ ਮੁੱਖ ਮਨੋਰਥ ਹੈ।ਜੋਗੀ ਰਿਧੀਆਂ ਸਿਧੀਆਂ ਹਾਸਲ ਕਰਕੇ ਅਤੇ ਸੂਫੀ ਕਰਾਮਾਤਾਂ ਪ੍ਰਾਪਤ ਕਰਕੇ ਸਮਝਦੇ ਹਨ ਕਿ ਉਹ ਗ੍ਰਿਸਤੀਆਂ ਤੋਂ ਉਚੇ ਹੋ ਗਏ ਹਨ। ਇਹ ਦੋਵੇਂ ਮਾਇਆ ਦਾ ਤਿਆਗ ਕਰਕੇ ਰਿਧੀਆਂ ਸਿਧੀਆਂ ਅਤੇ ਕਰਾਮਾਤਾਂ ਰਾਹੀਂ ਲੋਕਾਂ ਨੂੰ ਭਰਮਾਉਂਦੇ ਹਨ।ਗੁਰੂ ਜੀ ਦਾ ਮੱਤ ਹੈ ਕਿ ਗ੍ਰਿਸਤ ਵਿਚ ਰਹਿ ਕੇ ਵੀ ਮਾਇਆ ਤੋਂ ਨਿਰਲੇਪ ਰਿਹਾ ਜਾ ਸਕਦਾ ਹੈ।

(ਗੁਰੂ ਜੀ ਚਉਥੀ ਪਉੜੀ ਦਾ ਉਤਰ ਅਗਲੀ ਪਉੜੀ ਵਿਚ ਸਪੱਸ਼ਟ ਕਰਦੇ ਹਨ)।

ਜੈਸੇ ਜਲ ਮਹਿ ਕਮਲੁ ਨਿਰਾਲਮੁ ,ਮੁਰਗਾਈ ਨੈ ਸਾਣੇ ॥ ਸੁਰਤਿ ਸਬਦਿ ਭਵ ਸਾਗਰੁ ਤਰੀਐ, ਨਾਨਕ ਨਾਮੁ ਵਖਾਣੇ ॥ ਰਹਹਿ ਇਕਾਂਤਿ ਏਕੋ ਮਨਿ ਵਸਿਆ, ਆਸਾ ਮਾਹਿ ਨਿਰਾਸੋ ॥ ਅਗਮੁ ਅਗੋਚਰੁ ਦੇਖਿ ਦਿਖਾਏ, ਨਾਨਕੁ ਤਾ ਕਾ ਦਾਸੋ ॥੫॥ ਸੁਣਿ ਸੁਆਮੀ ਅਰਦਾਸਿ ਹਮਾਰੀ, ਪੂਛਉ ਸਾਚੁ ਬੀਚਾਰੋ ॥ ਰੋਸੁ ਨ ਕੀਜੈ ਉਤਰੁ ਦੀਜੈ, ਕਿਉ ਪਾਈਐ ਗੁਰ ਦੁਆਰੋ ॥ ਇਹੁ ਮਨੁ ਚਲਤਉ ਸਚ ਘਰਿ ਬੈਸੈ, ਨਾਨਕ ਨਾਮੁ ਅਧਾਰੋ ॥ ਆਪੇ ਮੇਲਿ ਮਿਲਾਏ ਕਰਤਾ, ਲਾਗੈ ਸਾਚਿ ਪਿਆਰੋ ॥੬॥ (ਗੁਰੂ ਜੀ ਦਾ ਉਤਰ।ਹੇ ਚਰਪਟ ਨਾਥ!) ਜਿਸ ਤਰ੍ਹਾਂ ਪਾਣੀ ਵਿਚ (ਉਗ ਕੇ ਵੀ) ਕਮਲ ਫੁੱਲ ਨਿਰਲੇਪ ਰਹਿੰਦਾ ਹੈ ਅਤੇ ਜਿਵੇਂ ਨਦੀ ਵਿਚ (ਤਰਦੀ ਹੋਈ) ਮੁਰਗਾਬੀ ਅਭਿੱਜ ਰਹਿੰਦੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਸੇ ਤਰ੍ਹਾਂ ਗੁਰੂ ਦੇ) ਸ਼ਬਦ ਵਿਚ ਸੁਰਤ ਜੋੜ ਕੇ (ਸੰਸਾਰ ਵਿਚ ਨਿਰਲੇਪ ਰਹਿੰਦਿਆਂ) ਹਰੀ ਦਾ ਨਾਮ ਜਪ ਕੇ ਸੰਸਾਰ ਸਮੁੰਦਰ ਤੋਂ ਤਰ ਜਾਈਦਾ ਹੈ।(ਜਿਨ੍ਹਾਂ ਪੁਰਖਾਂ ਦੇ) ਮਨ ਵਿਚ ਇਕ ਪ੍ਰਭੂ ਵਸਿਆ ਹੈ, ਉਹ ਆਸਾ ਵਿਚ ਨਿਰਾਸ ਰਹਿ ਕੇ ਸਦਾ ਇਕਾਂਤ ਵਿਚ ਰਹਿੰਦੇ ਹਨ (ਸੰਸਾਰ ਵਿਚ ਖਚਿੱਤ ਨਹੀਂ ਹੁੰਦੇ।ਇਹੋ ਜਿਹਾ ਜਿਹੜਾ ਮਨੁੱਖ) ਅਗਮ ਅਗੋਚਰ ਪ੍ਰਭੂ ਨੂੰ ਆਪ ਦੇਖ ਕੇ ਹੋਰਨਾਂ ਨੂੰ ਦਿਖਾਉਂਦਾ ਹੈ, ਨਾਨਕ ਉਸ ਦਾ ਦਾਸ ਹੈ।੫।(ਗੁਰੂ ਜੀ ਤੋਂ ਆਤਮ ਮੰਡਲ ਦੇ ਮਹਾਨ ਵਿਚਾਰ ਸੁਣ ਕੇ ਚਰਪਟ ਕਾਇਲ ਹੋ ਗਿਆ ਅਤੇ ਹੁਣ ਬਾਲਕ ਦੀ ਜਗ੍ਹਾ ਗੁਰੂ ਜੀ ਨੂੰ ਸੁਆਮੀ ਕਹਿ ਕੇ ਪ੍ਰਸ਼ਨ ਪੁੱਛਦਾ ਹੈ) ਹੇ ਸੁਆਮੀ ਨਾਨਕ ਜੀ! ਸਾਡੀ ਬੇਨਤੀ ਸੁਣ (ਤੁਸੀਂ ਗੁਰੂ ਦੇ ਸ਼ਬਦ ਦਾ ਜਿਕਰ ਕੀਤਾ ਹੈ), ਮੈਂ (ਤੁਹਾਥੋਂ) ਸੱਚਾ ਵਿਚਾਰ ਪੁੱਛਦਾ ਹਾਂ।(ਪਰ) ਗੁੱਸਾ ਨਾ ਕਰਨਾ, ਉਤਰ ਦੇਣਾ, ਗੁਰੂ ਦਾ ਦਰ ਕਿਵੇਂ ਪਾਈਦਾ ਹੈ? ਗੁਰੂ ਨਾਨਕ ਦੇਵ ਜੀ ਉਤਰ ਦੇਂਦੇ ਹਨ ਕਿ (ਜੇ) ਚੰਚਲ ਮਨ ਸਤਸੰਗਤ ਵਿਚ ਬੈਠ (ਟਿਕ) ਜਾਵੇ ਤੇ ਪ੍ਰਭੂ ਦਾ ਨਾਮ ਮਨੁੱਖ ਦਾ ਆਸਰਾ ਬਣ ਜਾਵੇ।ਅਤੇ ਸੱਚੇ ਪ੍ਰਭੂ ਵਿਚ ਪਿਆਰ ਲਗ ਜਾਵੇ, ਤਾਂ ਕਰਤਾਰ ਆਪੇ ਗੁਰੂ ਨਾਲ ਮਿਲਾ ਕੇ ਅਪਣੇ ਨਾਲ ਮਿਲਾ ਲੈਂਦਾ ਹੈ।੬।

ਪਦਾਰਥ = ਜਲ ਮਹਿ–ਪਾਣੀ ਵਿਚ।ਨਿਰਾਲਮੁ–ਨਿਰਲੇਪ; ਅਭਿੱਜ।ਮੁਰਗਾਈ–ਮੁਰਗਾਬੀ।ਨੈ–ਨਦੀ।ਸਾਣੇ–ਜਿਵੇਂ।ਸੁਰਤਿ ਸਬਦਿ –ਸ਼ਬਦ ਵਿਚ ਸੁਰਤ ਜੋੜ ਕੇ।ਭਵ ਸਾਗਰੁ–ਸੰਸਾਰ ਸਮੁੰਦਰ।ਵਖਾਣੇ–ਜਪ ਕੇ।ਇਕਾਂਤਿ–ਇਕੱਲਾ; (ਹੋਰਨਾਂ ਤੋਂ) ਵੱਖਰਾ।ਮਨਿ– ਮਨ ਵਿਚ।ਮਾਹਿ–ਵਿਚ।ਨਿਰਾਸੋ–ਆਸਾ ਰਹਿਤ।ਅਗਮੁ–ਮਨ ਬਾਣੀ ਦੀ ਪਹੁਹੰਚ ਤੋਂ ਪਰੇ।ਅਗੋਚਰੁ–ਜੋ ਇੰਦ੍ਰੀਆਂ ਦਾ ਵਿਸ਼ੇ ਨਹੀਂ ।ਤਾ ਕਾ–ਉਸ ਦਾ।੫।ਰੋਸੁ ਨ ਕੀਜੈ–ਗੁੱਸਾ ਨਾ ਕਰਨਾ।ਗੁਰਦੁਆਰੋ–ਗੁਰੂ ਦਾ ਦਰ।ਚਲਤਉ–ਚੰਚਲ।ਸਚ ਘਰਿ–ਸਤਸੰਗਤ ਵਿਚ ।ਬੈਸੈ–ਬੈਠ (ਟਿਕ) ਜਾਵੇ।ਅਧਾਰੋ–ਆਸਰਾ।ਕਰਤਾ–ਕਰਤਾਰ।ਸਾਚਿ–ਸੱਚੇ ਪ੍ਰਭੂ ਵਿਚ।੬।

ਨੋਟ = ਪਰਸਪਰ ਵਿਚਾਰ ਦਾ ਕਿੰਨਾ ਖੁਬਸੂਰਤ ਦ੍ਰਿਸ਼ ਹੈ, ਸਿੱਧ ਗੁਰੂ ਜੀ ਪਾਸੋਂ ਸੱਚ ਪ੍ਰਾਪਤ ਕਰਨ ਦੇ ਜਤਨ ਵਿਚ ਹਨ।ਕੋਈ ਕਿਸੇ ਨੂੰ ਕੌੜਾ ਬਚਨ ਨਹੀਂ ਬੋਲਦਾ, ਜੋਗੀ ਗੁਰੂ ਜੀ ਦਾ ਸਤਿਕਾਰ ਕਰਦੇ ਹਨ।ਪਿਆਰ ਨਾਲ ਜੋਗੀ ਗੁਰੂ ਜੀ ਨੂੰ ਬਾਲਾ, ਅਉਧੂ ਤੇ ਸੁਆਮੀ ਆਦਿ ਪਦਾਂ ਨਾਲ ਬੁਲਾਉਂਦੇ ਹਨ।ਗੁਰੂ ਜੀ ਵੀ ਇਸੇ ਤਰ੍ਹਾਂ ਦਾ ਸਨਮਾਨ ਜੋਗੀਆਂ ਨੂੰ ਦੇਂਦੇ ਹਨ।

ਹਾਟੀ ਬਾਟੀ ਰਹਹਿ ਨਿਰਾਲੇ, ਰੂਖਿ ਬਿਰਖ ਉਦਿਆਨੇ ॥ ਕੰਦ ਮੂਲੁ ਅਹਾਰੋ ਖਾਈਐ, ਅਉਧੂ ਬੋਲੈ ਗਿਆਨੇ ॥ (ਲੋਹਾਰੀਪਾ ਸਿਧ

ਕਹਿੰਦਾ ਹੈ ਕਿ ਅਸੀਂ ਜੋਗੀ ਲੋਕ) ਘਰਾਂ ਤੇ ਵਗਦੇ ਰਾਹਾਂ ਤੋਂ ਵੱਖਰੇ ਰਹਿੰਦੇ ਹਾਂ ਅਤੇ ਜੰਗਲ ਵਿਚ ਰੁੱਖਾਂ ਬਿਰਖਾਂ ਹੇਠਾਂ ਰਹਿੰਦੇ ਹਾਂ।ਫਲ ਅਤੇ ਜੜ (ਗਾਜਰ, ਸ਼ਕਰਕੰਦੀ, ਮੂਲੀ ਆਦਿ) ਦਾ ਭੋਜਨ ਖਾਈਦਾ ਹੈ, (ਗੁਰੂ ਜੀ ਆਖਦੇ ਹਨ ਕਿ ਸਾਨੂੰ ਲੋਹਾਰੀਪਾ) ਜੋਗੀ ਜੋਗ ਮੱਤ ਦੇ ਗਿਆਨ ਦੀਆਂ ਗੱਲਾਂ ਦਸਦਾ ਹੈ।

ਅੰਗ ੯੩੯ = ਤੀਰਥਿ ਨਾਈਐ ਸੁਖੁ ਫਲੁ ਪਾਈਐ, ਮੈਲੁ ਨ ਲਾਗੈ ਕਾਈ ॥ ਗੋਰਖ ਪੂਤੁ ਲੋਹਾਰੀਪਾ ਬੋਲੈ, ਜੋਗ ਜੁਗਤਿ ਬਿਧਿ ਸਾਈ ॥੭॥ ਹਾਟੀ ਬਾਟੀ ਨੀਦ ਨ ਆਵੈ, ਪਰ ਘਰਿ ਚਿਤੁ ਨ ਡੁੋਲਾਈ ॥ ਬਿਨੁ ਨਾਵੈ ਮਨੁ ਟੇਕ ਨ ਟਿਕਈ, ਨਾਨਕ ਭੂਖ ਨ ਜਾਈ ॥ ਹਾਟੁ ਪਟਣੁ ਘਰੁ ਗੁਰੂ ਦਿਖਾਇਆ, ਸਹਜੇ ਸਚੁ ਵਾਪਾਰੋ ॥ ਖੰਡਿਤ ਨਿੰਦ੍ਰਾ ਅਲਪ ਅਹਾਰੰ, ਨਾਨਕ ਤਤੁ ਬੀਚਾਰੋ ॥੮॥ ਗੋਰਖ ਦਾ ਚੇਲਾ ਲੋਹਾਰੀਪਾ ਬੋਲਦਾ ਹੈ ਕਿ ਤੀਰਥਾਂ ਤੇ ਨ੍ਹਾਈਦਾ ਹੈ, (ਜਿਸ ਦਾ) ਫਲ ਸੁਖ ਰੂਪ ਵਿਚ ਪਾਈਦਾ ਹੈ, (ਫਿਰ ਮਨ ਨੂੰ) ਕੋਈ ਮੈਲ ਨਹੀਂ ਲਗਦੀ।ਜੋਗ ਵਿਚ ਜੁੜਨ ਦੀ ਇਹੋ ਹੀ ਵਿਧੀ ਹੈ (ਜੋ ਮੈਂ ਦੱਸੀ ਹੈ)।੭।(ਉਤਰ) ਗੁਰੂ ਨਾਨਕ ਦੇਵ ਜੀ ਗੁਰਮਤਿ ਦਾ ਜੋਗ ਦਸਦੇ ਹਨ ਕਿ ਮਨੁੱਖ ਚਾਹੇ ਘਰ ਵਿਚ ਰਹੇ, ਚਾਹੇ ਬਾਹਰ ਰਹੇ (ਗ੍ਰਿਹਸਤੀ ਹੋਵੇ, ਚਾਹੇ ਸੰਨਿਆਸੀ ਹੋਵੇ, ਉਸ ਨੂੰ) ਅਵਿਦਿਆ ਦੀ ਨੀਂਦ ਨਾ ਆਵੇ, ਪਰਾਏ ਘਰਾਂ ਵੱਲ (ਇਸਤ੍ਰੀ ਜਾਂ ਧਨ) ਦੇਖ ਕੇ ਚਿੱਤ ਨਾ ਡੋਲਾਵੇ।ਪ੍ਰਭੂ ਦੇ ਨਾਮ ਤੋਂ ਬਿਨਾ ਮਨੁੱਖ ਦਾ ਮਨ ਬਿਲਕੁਲ ਨਹੀਂ ਟਿਕਦਾ ਅਤੇ (ਪਦਾਰਥਾਂ ਦੀ) ਭੁੱਖ ਵੀ ਨਹੀਂ ਜਾਂਦੀ (ਤ੍ਰਿਸ਼ਨਾ ਦੂਰ ਨਹੀਂ ਹੁੰਦੀ।ਮੇਰੇ) ਗੁਰੂ ਨੇ ਮੈਨੂੰ ਹਿਰਦੇ ਰੂਪ ਹੱਟੀ, ਸਰੀਰ ਰੂਪ ਸ਼ਹਿਰ ਅਤੇ ਤੁਰੀਆਂ ਪਦ ਦਿਖਾ ਦਿਤਾ ਹੈ।ਜਿੱਥੇ ਸਹਜੇ ਹੀ ਸੱਚਾ ਵਪਾਰ ਹੁੰਦਾ ਰਹਿੰਦਾ ਹੈ।ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਅਸਲੀਅਤ ਨੂੰ ਵਿਚਾਰੀਦਾ ਹੈ ਅਤੇ ਨੀਂਦ ਘਟਾਈ ਹੋਈ ਹੈ ਤੇ ਭੋਜਨ ਵੀ ਥੋੜਾ ਖਾਂਦੇ ਹਾਂ।੮।

ਪਦਾਰਥ = ਹਾਟੀ–ਦੁਕਾਨ; ਘਰ; ਗ੍ਰਿਹਸਤ।ਬਾਟੀ–ਵਗਦਾ ਰਸਤਾ; ਬਾਹਰ; ਸੰਨਿਆਸ।ਨਿਰਾਲੇ–ਵੱਖਰੇ।ਰੂਖਿ ਬਿਰਖਿ–ਰੁੱਖਾਂ ਬਿਰਖਾਂ ਹੇਠਾਂ।ਉਦਿਆਨੇ–ਜੰਗਲ ਵਿਚ।ਕੰਦ ਮੂਲੁ–ਫਲ ਤੇ ਧਰਤੀ ਹੇਠਾਂ ਉਗਣ ਵਾਲੇ ਫਲ ਗਾਜਰ ਸ਼ਕਰਕੰਦੀ ਆਦਿ।ਅਹਾਰੋ–ਭੋਜਨ।ਅਉਧੂ–ਵਿਰੱਕਤ ਜੋਗੀ।ਗਿਆਨੇ–ਗਿਆਨ ਦੀਆਂ ਗੱਲਾਂ।ਤੀਰਥਿ–ਤੀਰਥਾਂ ਤੇ।ਨਾਈਐ–ਨ੍ਹਾਈਦਾ ਹੈ।ਕਾਈ–ਕੋਈ; ਕੁਛ।ਗੋਰਖ ਪੂਤੁ–ਗੋਰਖ ਦਾ ਚੇਲਾ।ਲੋਹਾਰੀਪਾ–ਸਿੱਧ ਦਾ ਨਾਂ ਹੈ।ਬਿਧਿ–ਵਿਧੀ; ਤਰੀਕਾ।ਸਾਈ–ਇਹੋ ਹੀ।੭।ਨ ਡੁੋਲਾਈ–ਡੋਲਣ ਨਾ ਦੇਵੇ।ਨਾਵੈ–ਨਾਮ।ਟੇਕ ਨ ਟਿਕਈ–ਬਿਲਕੁਲ ਨਹੀਂ ਟਿਕਦਾ।ਭੂਖ–ਇੱਛਾ; ਰੁਚੀ; ਤ੍ਰਿਸ਼ਨਾ।ਹਾਟੁ–ਹਿਰਦਾ ਜਾਂ ਇੰਦ੍ਰੀਆਂ ਰੂਪ ਹੱਟੀ।ਪਟਣੁ–ਸਰੀਰ ਰੂਪ ਸ਼ਹਿਰ।ਘਰੁ–ਤੁਰੀਆ ਪਦ।ਸਹਜੇ–ਸੌਖੇ ਹੀ।ਖੰਡਿਤ ਨਿੰਦ੍ਰਾ–ਘੱਟ ਕੀਤੀ ਹੋਈ ਨੀਂਦ।ਅਲਪ ਅਹਾਰੰ–ਥੋੜਾ ਭੋਜਨ।ਤਤੁ ਬੀਚਾਰੋ–ਅਸਲੀਅਤ ਨੂੰ ਵਿਚਾਰਦੇ ਹਾਂ।੮।

ਦਰਸਨੁ ਭੇਖ ਕਰਹੁ ਜੋਗਿੰਦ੍ਰਾ, ਮੁੰਦ੍ਰਾ ਝੋਲੀ ਖਿੰਥਾ ॥ ਬਾਰਹ ਅੰਤਰਿ ਏਕੁ ਸਰੇਵਹੁ ,ਖਟੁ ਦਰਸਨ ਇਕ ਪੰਥਾ ॥ ਇਨ ਬਿਧਿ ਮਨੁ ਸਮਝਾਈਐ ਪੁਰਖਾ, ਬਾਹੁੜਿ ਚੋਟ ਨ ਖਾਈਐ ॥ ਨਾਨਕੁ ਬੋਲੈ ਗੁਰਮੁਖਿ ਬੂਝੈ, ਜੋਗ ਜੁਗਤਿ ਇਵ ਪਾਈਐ ॥੯॥ ਅੰਤਰਿ ਸਬਦੁ ਨਿਰੰਤਰਿ ਮੁਦ੍ਰਾ, ਹਉਮੈ ਮਮਤਾ ਦੂਰਿ ਕਰੀ ॥ ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ, ਗੁਰ ਕੈ ਸਬਦਿ ਸੁ ਸਮਝ ਪਰੀ ॥ ਖਿੰਥਾ ਝੋਲੀ ਭਰਿਪੁਰਿ ਰਹਿਆ, ਨਾਨਕ ਤਾਰੈ ਏਕੁ ਹਰੀ ॥ ਸਾਚਾ ਸਾਹਿਬੁ ਸਾਚੀ ਨਾਈ, ਪਰਖੈ ਗੁਰ ਕੀ ਬਾਤ ਖਰੀ ॥੧੦॥ (ਜੋਗੀਆਂ ਦੇ ਚਿੰਨ੍ਹ ਲੈ ਗੁਰੂ ਜੀ ਨੇ ਅਸਲੀ ਧਰਮ ਦੀ ਵਿਆਖਿਆ ਕੀਤੀ ਹੈ, ਧਰਮ ਉਹ ਹੈ ਜੋ ਸਭ ਤਰ੍ਹਾਂ ਦੇ ਵਿਤਕਰੇ ਮਿਟਾ ਕੇ ਇਕ ਵਾਹਿਗੁਰੂ ਨਾਲ ਜੋੜਦਾ ਹੈ, ਗੁਰੂ ਜੀ ਆਖਦੇ ਹਨ ਕਿ) ਹੇ ਜੋਗੀ ਰਾਜ! ਵਾਹਿਗੁਰੂ ਦਾ ਦਰਸ਼ਨ ਹੀ ਜੋਗ ਦਰਸ਼ਨ (ਮੱਤ) ਹੈ ਤੇ (ਇਹੋ ਹੀ ਤੁਸੀਂ) ਭੇਖ ਧਾਰਨ ਕਰੋ ਅਤੇ ਇਹੋ ਮੁੰਦ੍ਰਾਂ, ਝੋਲੀ ਤੇ ਖਿੰਥਾ (ਖਫਨੀ) ਪਹਿਨੋ।(ਜੋਗ ਮੱਤ ਦੇ ਜੋ) ਬਾਰਾਂ ਫਿਰਕੇ ਹਨ, (ਉਨ੍ਹਾਂ ਵਿਚ) ਵਿਚ ਇਕ ਵਾਹਿਗੁਰੂ ਯਾਦ ਕਰੋ, ਛੇ ਦਰਸ਼ਨਾਂ (ਭੇਖਾਂ) ਨੂੰ ਇਕ ਵਾਹਿਗੁਰੂ ਦਾ ਪੰਥ ਬਣਾਵੋ।ਹੇ ਪੁਰਖਾ! ਜੇ ਇਸ ਤਰੀਕੇ ਨਾਲ ਮਨ ਨੂੰ ਸਮਝਾ ਲਈਏ, ਤਾਂ ਮੁੜ ਕੇ ਸੰਸਾਰ ਵਿਚ ਚੋਟਾਂ ਨਹੀਂ ਖਾਣੀਆਂ ਪੈਂਦੀਆਂ।ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਗੁਰੂ ਦੁਆਰਾ ਕੋਈ ਵਿਰਲਾ ਮਨੁੱਖ ਸਮਝਦਾ ਹੈ ਕਿ ਅਸਲ ਜੋਗ ਦੀ ਜੁਗਤੀ ਇਸ ਤਰ੍ਹਾਂ ਪਾਈ ਜਾਂਦੀ ਹੈ (ਇਸ ਤਰ੍ਹਾਂ ਦੇ ਅਰਥ ਸ਼ਬਦਾਰਥ ਤੇ ਡਾ. ਤਾਰਨ ਸਿੰਘ ਦੇ ਹਨ)।੯।

ਦੂਜਾ ਅਰਥ = (ਜੋਗੀ ਗੁਰੂ ਜੀ ਅੱਗੇ ਜੋਗ ਮੱਤ ਦੀ ਵਡਿਆਈ ਦਸਦੇ ਹਨ ਕਿ ਹੇ ਨਾਨਕ!) ਜੋਗੀਆਂ ਦਾ ਭੇਖ ਸਭ ਤੋਂ ਵੱਡਾ ਹੈ, (ਤੁਸੀਂ ਇਸ) ਭੇਖ ਨੂੰ ਧਾਰਨ ਕਰੋ ਅਤੇ ਕੰਨਾਂ ਵਿਚ ਮੁੰਦ੍ਰਾਂ ਪਾ ਲਵੋ, (ਭਿਖਿਆ ਮੰਗਣ ਵਾਸਤੇ) ਝੋਲੀ ਰਖੋ ਅਤੇ ਗੋਦੜੀ ਪਹਿਨ ਲਵੋ।ਛੇ ਭੇਖਾਂ ਵਿਚੋਂ ਇਕ ਜੋਗੀਆਂ ਦਾ ਪੰਥ ਹੈ, (ਉਸ ਦੇ) ਬਾਰਾਂ ਫਿਰਕਿਆਂ ਵਿਚੋਂ (ਸਾਡਾ) ਇਕ ਆਈ ਪੰਥ ਹੈ (ਜੋ ਸਭ ਨਾਲੋਂ ਸ੍ਰੇਸਟ ਹੈ, ਤੁਸੀਂ ਇਸ ਨੂੰ) ਸੇਵਨ ਕਰੋ।(ਸਿੱਧ ਗੁਰੂ ਜੀ ਕਹਿੰਦਾ ਹੈ) ਹੇ ਪੁਰਖਾ! ਇਸ ਤਰੀਕੇ ਨਾਲ (ਜੋਗ ਦੇ ਭੇਖ ਰਾਹੀਂ!) ਮਨ

ਨੂੰ ਸਮਝਾ ਲਈਦਾ ਹੈ, ਮੁੜ ਕੇ (ਜਮਾਂ ਦੀਆ) ਚੋਟਾਂ ਨਹੀਂ ਖਾਣੀਆਂ ਪੈਦੀਆਂ। ਗੁਰੂ ਨਾਨਕ ਦੇਵ ਜੀ ਆਖਦੇ ਹਨ (ਕਿ ਸਿੱਧਾਂ ਨੇ ਕਿਹਾ ਜਦ ਕੋਈ ਮਨੁੱਖ ਸਾਡੇ ਗੋਰਖ) ਗੁਰੂ ਦੁਆਰਾ (ਜੋਗ ਮੱਤ ਨੂੰ) ਸਮਝ ਲੈਂਦਾ ਹੈ, (ਤਦ ਉਸ ਨੂੰ ਪਤਾ ਲਗਦਾ ਹੈ ਕਿ) ਜੋਗ ਦੀ ਜੁਗਤੀ ਇਉਂ ਪਾਈਦੀ ਹੈ (ਫ.ਸ.; ਸੰ.ਸ.)।੯। (ਗੁਰੂ ਜੀ ਉਤਰ ਦੇਂਦੇ ਹਨ ਕਿ ਹੇ ਜੋਗੀਓ! ਅਸੀਂ ਅਪਣੇ) ਮਨ ਦੇ ਅੰਦਰ ਗੁਰੂ ਦੇ ਸ਼ਬਦ ਨੂੰ ਚੰਗੀ ਤਰ੍ਹਾਂ ਵਸਾ ਲਿਆ ਹੈ, (ਇਹ ਅਸੀਂ ਅਪਣੇ ਕੰਨਾਂ ਵਿਚ) ਮੁੰਦ੍ਰਾਂ ਪਾਈਆਂ ਹਨ ਅਤੇ (ਗੁਰੂ ਦੇ ਸ਼ਬਦ ਦੁਆਰਾ ਅਸੀਂ) ਹਉਮੈ ਮਮਤਾ ਦੂਰ ਕਰ ਲਈ ਹੈ। (ਸਾਨੂੰ) ਗੁਰੂ ਦੇ ਸ਼ਬਦ ਦੁਆਰਾ ਚੰਗੀ ਸਮਝ ਪੈ ਗਈ ਹੈ, (ਇਸ ਤਰ੍ਹਾਂ ਦੇ ਗਿਆਨ ਨੇ) ਕਾਮ ਕ੍ਰੋਧ ਤੇ ਹੰਕਾਰ ਮਿਟਾ ਦਿਤੇ ਹਨ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਪ੍ਰਭੂ ਸਭਨੀ ਥਾਈਂ ਵਿਆਪਕ ਹੋ ਰਿਹਾ ਹੈ, (ਇਸ ਤਰ੍ਹਾਂ ਦੀ ਸਮਝ ਅਸੀਂ) ਖਫਨੀ ਪਹਿਨੀ ਹੈ ਤੇ ਝੋਲੀ ਰੱਖੀ ਹੈ, (ਜੋਗੀਆਂ ਦਾ ਭੇਖ ਭਵਜਲ ਤੋਂ ਨਹੀਂ ਤਾਰ ਸਕਦਾ) ਇਕ ਪ੍ਰਭੂ ਸਾਰੇ ਜਗਤ ਨੂੰ ਤਰਦਾ ਹੈ। (ਉਹ) ਮਾਲਕ ਪ੍ਰਭੂ ਸੱਚਾ ਹੈ, ਉਸ ਦੀ ਵਡਿਆਈ ਵੀ ਸੱਚੀ ਹੈ, (ਉਹ ਅਸਲੀ ਜੋਗੀ ਹੈ, ਜੋ) ਗੁਰੂ ਦੀ ਇਸ ਖਰੀ ਸਿੱਖਿਆ ਨੂੰ ਪਰਖ ਲੈਂਦਾ ਹੈ।੧੦।

ਪਦਾਰਥ = ਦਰਸਨੁ–ਮੱਤ। ਕਰਹੁ–ਧਾਰਨ ਕਰੋ। ਜੋਗਿੰਦ੍ਰਾ–ਹੇ ਜੋਗੀਰਾਜ !; ਵੱਡੇ ਜੋਗੀ (ਗੋਰਖ ਨਾਥ) ਦਾ। ਖਿੰਥਾ–ਗੋਦੜੀ (ਖਫਣੀ) । ਬਾਰਹ–ਜੋਗੀਆਂ ਤੇ ਬਾਰਾਂ ਪੰਥ (ਰਾਵਲ, ਹੇਤੁ ,ਪਾਵ, ਆਈ, ਗਮਯ, ਪਾਗਲ, ਗੋਪਾਲ, ਕੰਥੜੀ, ਬਨ, ਧ੍ਵਜ, ਚੋਲੀ, ਦਾਸ)। ਇਕ ਪੰਥਾ–ਇਕ ਆਈ ਪੰਥ। ਸਰੇਵਹੁ–ਸੇਵਨ ਕਰੋ। ਖਟੁ ਦਰਸਨ–ਛੇ ਭੇਖ (ਜੋਗੀ, ਜੰਗਮ, ਜੈਨੀ, ਸੰਨਿਆਸੀ, ਬੈਰਾਗੀ, ਬੈਸਨੋ) । ਇਨ ਬਿਧਿ–ਇਸ ਤਰੀਕੇ ਨਾਲ। ਪੁਰਖਾ–ਹੇ ਪੁਰਖਾ !। ਬਾਹੁੜਿ–ਮੁੜ ਕੇ। ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ; ਗੁਰੂ ਰਾਹੀਂ। ਇਵ–ਇਸ ਤਰ੍ਹਾਂ।੯। ਅੰਤਰਿ–ਮਨ ਦੇ ਅੰਦਰ। ਨਿਰੰਤਰਿ–ਚੰਗੀ ਤਰ੍ਹਾਂ; ਇਕ ਰਸ; ਲਗਤਾਰ। ਮੁਦ੍ਰਾ–ਮੁੰਦ੍ਰਾਂ। ਮਮਤਾ–ਮੈਂ ਮੇਰੀ; ਅਪਣੱਤ। ਕਰੀ–ਕਰ ਲਈ ਹੈ। ਨਿਵਾਰੈ–ਮਿਟਾ ਦਿਤੇ ਹਨ। ਸਬਦਿ–ਸ਼ਬਦ ਦੁਆਰਾ। ਸੁ–ਚੰਗੀ; ਸੋਹਣੀ। ਪਰੀ–ਪੈ ਗਈ ਹੈ। ਭਰਿਪੁਰਿ ਰਹਿਆ –ਵਿਆਪਕ ਹੋ ਰਿਹਾ ਹੈ। ਤਾਰੈ–ਤਾਰਦਾ ਹੈ। ਸਾਹਿਬੁ–ਮਾਲਕ ਪ੍ਰਭੂ। ਨਾਈ–ਵਡਿਆਈ। ਬਾਤ ਖਰੀ–ਸਹੀ ਸਿੱਖਿਆ।੧੦।

ਊਂਧਉ ਖਪਰੁ ਪੰਚ ਭੂ ਟੋਪੀ ॥ ਕਾਂਇਆ ਕੜਾਸਣੁ ਮਨੁ ਜਾਗੋਟੀ ॥ ਸਤੁ ਸੰਤੋਖੁ ਸੰਜਮੁ ਹੈ ਨਾਲਿ ॥ ਨਾਨਕ ਗੁਰਮੁਖਿ ਨਾਮੁ ਸਮਾਲਿ ॥੧੧॥ ਕਵਨੁ ਸੁ ਗੁਪਤਾ, ਕਵਨੁ ਸੁ ਮੁਕਤਾ ॥ ਕਵਨੁ ਸੁ ਅੰਤਰਿ, ਬਾਹਰਿ ਜੁਗਤਾ ॥ ਕਵਨੁ ਸੁ ਆਵੈ, ਕਵਨੁ ਸੁ ਜਾਇ ॥ ਕਵਨੁ ਸੁ ਤ੍ਰਿਭਵਣਿ ਰਹਿਆ ਸਮਾਇ ॥੧੨॥ ਘਟਿ ਘਟਿ ਗੁਪਤਾ, ਗੁਰਮੁਖਿ ਮੁਕਤਾ ॥ ਅੰਤਰਿ ਬਾਹਰਿ, ਸਬਦਿ ਸੁ ਜੁਗਤਾ ॥ ਮਨਮੁਖਿ ਬਿਨਸੈ ਆਵੈ ਜਾਇ ॥ ਨਾਨਕ ਗੁਰਮੁਖਿ ਸਾਚਿ ਸਮਾਇ ॥੧੩॥ (ਗੁਰੂ ਜੀ ਦਾ ਉਤਰ ਜਾਰੀ ਹੈ। ਬਾਹਰਲੇ ਚਿੰਨ੍ਹਾਂ ਦਾ ਅੰਤ੍ਰੀਵ ਸਰੂਪ ਦਸਦੇ ਹਨ। ਹੇ ਸਿੱਧੋ !) ਸੰਸਾਰਕ ਵਿਸ਼ਿਆਂ ਵੱਲੋਂ ਉਲਟਿਆ ਮਨ (ਸਾਡਾ) ਖੱਪਰ ਹੈ ਅਤੇ ਪੰਜ ਤੱਤਾਂ ਦੇ ਦੈਵੀ ਗੁਣ ਧਾਰਨ ਕਰਨੇ (ਸਾਡੀ) ਟੋਪੀ ਹੈ {ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ। ਐਸੀ ਰਹਤ ਰਹਉ ਹਰਿ ਪਾਸਾ ੩੨੭}। ਸਰੀਰ ਨੂੰ ਸੁਚੇਤ ਰਖਣਾ (ਸਾਡਾ) ਕੁਸ਼ਾ ਦਾ ਆਸਣ ਹੈ ਅਤੇ ਮਨ ਨੂੰ ਵਸ ਵਿਚ ਰੱਖਣਾ (ਸਾਡੀ) ਲੰਗੋਟੀ ਹੈ। ਸਤ ਸੰਤੋਖ ਤੇ ਸੰਜਮ (ਸਾਡੇ) ਸਾਥੀ ਹਨ। (ਇਸ ਤਰ੍ਹਾਂ) ਗੁਰੂ ਦੀ ਸ਼ਰਣ ਵਿਚ ਰਹਿ ਕੇ ਨਾਨਕ ਵਾਹਿਗੁਰੂ ਦਾ ਨਾਮ ਯਾਦ ਕਰਦਾ ਹੈ।੧੧। (ਅੱਗੇ ਕੋਈ ਹੋਰ ਸਿੱਧ ਪ੍ਰਸ਼ਨ ਕਰਦਾ ਹੈ ਕਿ ਇਸ ਜਗਤ ਪਸਾਰੇ ਵਿਚ ਜੋ) ਲੁਕਿਆ ਹੋਇਆ ਹੈ, ਉਹ ਕੌਣ ਹੈ? ਜੋ (ਜੰਮਣ ਮਰਨ ਤੋਂ) ਮੁਕਤ ਹੈ, ਉਹ ਕੌਣ ਹੈ? ਜੋ ਅੰਦਰੋਂ ਬਾਹਰੋਂ ਜੁੜਿਆ ਹੋਇਆ ਹੈ, ਉਹ ਕੌਣ ਹੈ? ਜੋ ਜਨਮ ਲੈ ਕੇ (ਜਗਤ ਵਿਚ) ਆਉਂਦਾ ਹੈ, ਉਹ ਕੌਣ ਹੈ? ਅਤੇ ਜੋ ਮਰ ਕੇ (ਜਗਤ ਵਿਚੋਂ) ਜਾਂਦਾ ਹੈ, ਉਹ ਕੌਣ ਹੈ? ਜੋ ਸਾਰੇ ਜਗਤ ਦੇ ਮਾਲਕ ਵਿਚ ਲੀਨ ਹੋ ਰਿਹਾ ਹੈ, ਉਹ ਕੌਣ ਹੈ?।੧੨। (ਗੁਰੂ ਜੀ ਉਤਰ ਦੇਂਦੇ ਹਨ ਕਿ) ਹਰੀ ਹਰੇਕ ਜੀਵ ਦੇ ਦਿਲ ਅੰਦਰ ਲੁਕਿਆ ਹੋਇਆ ਹੈ ਅਤੇ ਗੁਰੂ ਅਨੁਸਾਰੀ ਮਨੁੱਖ (ਜੰਮਣ ਮਰਨ ਤੋਂ) ਮੁਕਤ ਹੈ। ਅੰਦਰੋਂ ਬਾਹਰੋਂ (ਤਨੋਂ ਮਨੋਂ) ਉਹ ਜੁੜਦਾ ਹੈ, ਜੋ (ਗੁਰੂ ਦੇ) ਸ਼ਬਦ ਵਿਚ ਜੁੜਦਾ ਹੈ। ਮਨਮੁਖ ਨਾਸ਼ ਹੁੰਦਾ ਹੈ ਅਤੇ ਜੰਮਦਾ ਮਰਦਾ ਰਹਿੰਦਾ ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਗੁਰਮੁਖ ਸੱਚੇ ਪ੍ਰਭ ਵਿਚ ਸਮਾਉਂਦਾ ਹੈ।੧੩।

ਪਦਾਰਥ = ਊਂਧਉ–ਸੰਸਾਰਕ ਖਾਹਿਸ਼ਾਂ ਤੇ ਵਿਸ਼ਿਆਂ ਵਲੋਂ ਉਲਟਿਆ ਮਨ। ਖਪਰੁ–ਚਿੱਪੀ (ਭਿਖਿਆ ਮੰਗਣ ਵਾਲਾ ਭਾਂਡਾ। ਪੰਚ ਭੂ –ਪੰਜ ਤੱਤਾਂ ਦੇ ਦੈਵੀ ਗੁਣ (ਪਾਣੀ–ਸਭ ਦੀ ਮੈਲ ਦੂਰ ਕਰਕੇ ਸ਼ੁੱਧ ਤੇ ਸ਼ਾਂਤ ਕਰਨਾ। ਅੱਗ–ਰੁੱਖਾ ਮਿੱਸਾ ਜਿਹੋ ਜਿਹਾ ਮਿਲੇ, ਖਾ ਕੇ ਪ੍ਰਸੰਨ ਰਹਿਣਾ ਤੇ ਸਭ ਨੂੰ ਚਾਨਣ ਦੇਣਾ। ਪਵਨ–ਸਭ ਨੂੰ ਸਮਾਨ ਸਪਰਸ ਕਰਨਾ ਤੇ ਜੀਵਨ ਦੇਣਾ। ਪ੍ਰਿਥਵੀ–ਧੀਰਜ ਰੱਖਣਾ ਤੇ ਸਭ ਨੂੰ ਨਿਵਾਸ ਦੇਣਾ। ਅਕਾਸ਼–ਅਸੰਗ ਰਹਿਣਾ। ਕਾਂਇਆ–ਸਰੀਰ। ਕੜਾਸਣੁ–ਦੱਭ ਦਾ ਆਸਣ। ਜਾਗੋਟੀ–ਲੰਗੋਟੀ; ਉਨ ਦਾ ਲੰਮਾ ਰੱਸਾ ,ਜੋ ਜੋਗੀ ਲੱਕ ਨਾਲ ਬੰਨ੍ਹਦੇ ਹਨ। ਸੰਜਮੁ–ਇੰਦ੍ਰੀਆਂ ਨੂੰ ਵਸ ਵਿਚ ਰੱਖਣਾ। ਨਾਲਿ–ਸਾਥੀ; ਚੇਲੇ। ਗੁਰਮੁਖਿ–ਗੁਰੂ ਦੁਆਰਾ। ਸਮਾਲਿ–

ਯਾਦ ਕਰਦਾ ਹੈ।੧੧।ਕਵਨੁ–ਕੌਣ।ਸੁ–ਉਹ।ਗੁਪਤਾ–ਲੁਕਿਆ ਹੋਇਆ।ਮੁਕਤਾ–(ਜੰਮਣ ਮਰਨ ਜਾਂ ਬੰਧਨਾਂ ਤੋਂ) ਮੁਕਤ।ਅੰਤਰਿ –(ਮਨ ਦੇ) ਅੰਦਰੋਂ।ਬਾਹਰਿ–ਬਾਹਰੋਂ (ਸਰੀਰ ਕਰਕੇ)।ਜੁਗਤਾ–ਜੁੜਿਆ (ਮਿਲਿਆ) ਹੋਇਆ।ਆਵੈ–ਜੰਮਦਾ ਹੈ।ਜਾਇ–ਮਰਦਾ ਹੈ।ਤ੍ਰਿਭਵਣਿ–ਸਾਰੇ ਜਗਤ ਦੇ ਮਾਲਕ ਪ੍ਰਭੂ ਵਿਚ।ਰਹਿਆ ਸਮਾਇ–ਵਿਆਪਕ ਹੋ ਰਿਹਾ ਹੈ; ਲੀਨ ਹੋ ਰਿਹਾ ਹੈ।੧੨।ਘਟਿ ਘਟਿ–ਹਰੇਕ ਜੀਵ ਦੇ ਦਿਲ ਅੰਦਰ।ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ।ਸਬਦਿ–ਸ਼ਬਦਿ ਵਿਚ।ਬਿਨਸੈ–ਨਾਸ਼ ਹੁੰਦਾ ਹੈ।ਮਨਮੁਖ–ਮਨ ਦੇ ਮਗਰ ਚਲਣ ਵਾਲਾ ਮਨੁੱਖ।ਸਾਚਿ–ਸੱਚੇ ਪ੍ਰਭੂ ਵਿਚ।ਸਮਾਇ–ਲੀਨ ਹੁੰਦਾ ਹੈ।੧੩।

ਵਿਆਖਿਆ = ਜੋਗੀ ਲੋਕਾਂ ਨੂੰ ਘਰ ਬਾਰ ਛਡਾ ਕੇ ਸਿਰ ਮੂੰਹ ਮੁਨਾ ਕੇ ਕੰਨਾਂ ਵਿਚ ਮੁੰਦ੍ਰਾਂ ਪਾਉਂਦੇ ਤੇ ਲੋਕਾਂ ਦੇ ਘਰਾਂ ਵਿਚ ਭਿਖਿਆ ਮੰਗਣ ਲਈ ਹੱਥ ਵਿਚ ਖੱਪਰ ਫੜਾ ਦੇਂਦੇ ਹਨ।ਸਰੀਰ ਤੇ ਸੁਆਹ ਮਲਦੇ ਹਨ, ਦੱਭ ਦਾ ਆਸਣ ਲਾਉਂਦੇ ਹਨ।ਗੁਰੂ ਜੀ ਜੋਗੀਆਂ ਨੂੰ ਗ੍ਰਿਹਸਤ ਵਿਚ ਰਹਿ ਕੇ ਦੁਨੀਆਂ ਦੀਆਂ ਖਾਹਿਸ਼ਾਂ ਅਤੇ ਵਿਸ਼ੇ ਵਿਕਾਰ ਛਡ ਕੇ ਨਿਰਮਲ ਜੀਵਨ ਜਿਉਣ ਦੀ ਜਾਚ ਦਸਦੇ ਹਨ। ਗੁਰੂ ਜੀ ਦਾ ਅਜੇਹਾ ਉਪਦੇਸ਼ ਸੁਣ ਕੇ ਜੋਗੀ ਬਹੁਤ ਹੈਰਾਨ ਹੋ ਰਹੇ ਹਨ ਕਿ ਇਹ ਕਿਹੋ ਜਿਹਾ ਮੱਤ ਹੈ, ਜੋ ਗ੍ਰਿਸਤ ਵਿਚ ਰਹਿ ਕੇ ਉਦਾਸ ਹੋਣਾ ਸਿਖਾਉਂਦਾ ਹੈ।ਜੋਗੀਆਂ ਦੇ ਮੱਤ ਅਨੁਸਾਰ ਮੁਕਤੀ ਤਾਂ ਜੋਗ ਜਾਂ ਸੰਨਿਆਸ ਧਾਰ ਕੇ ਹੀ ਮਿਲ ਸਕਦੀ ਹੈ।ਪਰ ਗੁਰੂ ਜੀ ਸਿੱਧਾਂ ਨੂੰ ਸਮਝਾ ਰਹੇ ਹਨ ਕਿ ਮੁਕਤੀ ਘਰ ਵਿਚ ਰਹਿ ਕੇ ਸਤ ਸੰਤੋਖ ਤੇ ਸੰਜਮ ਆਦਿ ਗੁਣ ਧਾਰ ਕੇ ਮਿਲ ਸਕਦੀ ਹੈ।

ਕਿਉ ਕਰਿ ਬਾਧਾ, ਸਰਪਨਿ ਖਾਧਾ ॥ ਕਿਉ ਕਰਿ ਖੋਇਆ, ਕਿਉ ਕਰਿ ਲਾਧਾ ॥ ਕਿਉ ਕਰਿ ਨਿਰਮਲੁ ,ਕਿਉ ਕਰਿ ਅੰਧਿਆਰਾ ॥ ਇਹੁ ਤਤੁ ਬੀਚਾਰੈ, ਸੁ ਗੁਰੂ ਹਮਾਰਾ ॥੧੪॥ ਦੁਰਮਤਿ ਬਾਧਾ, ਸਰਪਨਿ ਖਾਧਾ ॥ ਮਨਮੁਖਿ ਖੋਇਆ, ਗੁਰਮੁਖਿ ਲਾਧਾ ॥ ਸਤਿਗੁਰੁ ਮਿਲੈ ਅੰਧੇਰਾ ਜਾਇ ॥ ਨਾਨਕ ਹਉਮੈ ਮੇਟਿ ਸਮਾਇ ॥੧੫॥ ਸੁੰਨ ਨਿਰੰਤਰਿ ਦੀਜੈ ਬੰਧੁ ॥ ਉਡੈ ਨ ਹੰਸਾ, ਪੜੈ ਨ ਕੰਧੁ ॥ ਸਹਜ ਗੁਫਾ, ਘਰੁ ਜਾਣੈ ਸਾਚਾ ॥ ਨਾਨਕ ਸਾਚੇ ਭਾਵੈ ਸਾਚਾ ॥੧੬॥ (ਸਿੱਧ ਪੁਛਦੇ ਹਨ ਕਿ ਹੇ ਨਾਨਕ ਜੀ! ਸਾਨੂੰ ਦੱਸੋ, ਜੀਵ) ਕਿਸ ਤਰ੍ਹਾਂ ਮੋਹ ਮਮਤਾ ਵਿਚ ਬੰਨ੍ਹਿਆ ਹੋਇਆ ਮਾਇਆ ਰੂਪ ਸੱਪਣੀ ਵੱਲੋਂ ਖਾਧਾ ਜਾ ਰਿਹਾ ਹੈ? (ਜੀਵ ਨੇ ਅਪਣਾ ਮਨੁੱਖਾ ਜਨਮ) ਕਿਸ ਤਰ੍ਹਾਂ ਬਿਅਰਥ ਗਵਾ ਲਿਆ ਹੈ? ਕਿਸ ਤਰ੍ਹਾਂ (ਇਸ ਨੇ ਮਨੁੱਖਾ ਜਨਮ ਨੂੰ) ਪ੍ਰਾਪਤ ਕੀਤਾ ਹੈ? (ਇਸ ਜੀਵ ਦਾ ਮਨ) ਕਿਸ ਤਰ੍ਹਾਂ ਨਿਰਮਲ ਹੋ ਸਕਦਾ ਹੈ? ਅਤੇ ਕਿਸ ਤਰ੍ਹਾਂ (ਜੀਵ) ਅਗਿਆਨਤਾ ਦੇ ਹਨ੍ਹੇਰੇ ਵਿਚ ਰਹਿੰਦਾ ਹੈ; ਅਗਿਆਨਤਾ ਦਾ ਹਨ੍ਹੇਰਾ ਕਿਸ ਤਰ੍ਹਾਂ ਦੂਰ ਹੁੰਦਾ ਹੈ? (ਜੋ ਮਨੁੱਖ) ਇਸ ਤੱਤ ਨੂੰ ਬਿਚਾਰਦਾ ਹੈ, ਉਹ ਸਾਡਾ ਗੁਰੂ ਹੈ (ਉਸ ਨੂੰ ਨਮਸ਼ਕਾਰ ਹੈ)।੧੪।(ਗੁਰੂ ਜੀ ਉਤਰ ਦੇਂਦੇ ਹਨ।ਇਹ ਜੀਵ) ਭੈੜੀ ਮੱਤ ਵਿਚ ਬੰਨ੍ਹਿਆ ਹੋਣ ਕਰਕੇ ਸੱਪਣੀ (ਮਾਇਆ) ਵੱਲੋਂ ਖਾਧਾ ਜਾ ਰਿਹਾ ਹੈ।ਮਨਮੁਖ ਨੇ (ਅਪਣਾ ਮਨੁੱਖ ਜਨਮ) ਖੋ ਲਿਆ ਹੈ, (ਪਰ) ਗੁਰਮੁਖ ਨੇ (ਮਨੁੱਖਾ ਜਨਮ ਦਾ) ਲਾਭ ਪ੍ਰਾਪਤ ਕਰ ਲਿਆ ਹੈ।ਜੇ ਸਤਿਗੁਰੂ ਮਿਲ ਜਾਵੇ ਤਾਂ ਅਗਿਆਨਤਾ ਦਾ ਹਨ੍ਹੇਰਾ ਦੂਰ ਹੋ ਜਾਂਦਾ ਹੈ।ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਹਉਮੈ ਨੂੰ ਮਿਟਾ ਕੇ (ਜੀਵ) ਹਰੀ ਵਿਚ ਸਮਾ ਜਾਂਦਾ ਹੈ।੧੫।(ਗੁਰੂ ਜੀ ਦਾ ਉਤਰ ਜਾਰੀ ਹੈ।ਹੇ ਸਿੱਧ ਪੁਰਸ਼ੋ!) ਜੇ ਇਕ ਰਸ ਅਫੁਰ ਪ੍ਰਭੂ ਦੀ ਯਾਦ ਵਿਚ ਟਿਕ ਕੇ ਵਿਕਾਰਾਂ ਨੂੰ ਬੰਨ੍ਹ ਲਗਾ ਦੇਈਏ।ਤਾਂ ਫਿਰ ਨਾ ਹੰਸ (ਮਨ) ਭਟਕਦਾ ਹੈ ਅਤੇ ਨਾ ਸਰੀਰ ਜਨਮ ਮਰਨ ਦੇ ਗੇੜ ਵਿਚ ਪੈਂਦਾ ਹੈ। (ਜਿਹੜਾ ਮਨੁੱਖ) ਸਹਿਜ ਅਵਸਥਾ ਰੂਪ ਗੁਫਾ ਨੂੰ ਸੱਚਾ ਘਰ ਜਾਣਦਾ ਹੈ।ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਉਹ ਮਨੁੱਖ ਸੱਚੇ ਪ੍ਰਭੂ ਦਾ ਰੂਪ ਹੋ ਜਾਂਦਾ ਹੈ ਅਤੇ (ਉਹ) ਸੱਚੇ ਪ੍ਰਭੂ ਨੂੰ ਚੰਗਾ ਲਗਦਾ ਹੈ।੧੬।

ਪਦਾਰਥ = ਕਿਉ ਕਰਿ–ਕਿਸ ਤਰ੍ਹਾਂ।ਬਾਧਾ–ਬੰਨ੍ਹਿਆ ਹੋਇਆ ਹੈ।ਸਰਪਨਿ–ਸੱਪਣੀ (ਮਾਇਆ) ਨੇ।ਲਾਧਾ–ਪ੍ਰਾਪਤ ਕੀਤਾ; ਸਫਲ ਕੀਤਾ।ਨਿਰਮਲੁ–ਪਵਿਤ੍ਰ।ਅੰਧਿਆਰਾ–ਅਗਿਆਨਤਾ ਦਾ ਹਨ੍ਹੇਰਾ।ਤਤੁ–ਅਸਲੀਅਤ ਨੂੰ।ਸੁ–ਉਹ।ਹਮਾਰਾ–ਸਾਡਾ।੧੪।ਦੁਰਮਤਿ –ਭੈੜੀ ਮੱਤ (ਅਕਲ)।ਮਨਮੁਖਿ–ਮਨ ਦੇ ਪਿੱਛੇ ਚਲਣ ਵਾਲੇ ਮਨੁੱਖ ਨੇ।ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ ਨੇ।ਜਾਇ–ਦੂਰ ਹੋ ਜਾਂਦਾ ਹੈ।ਮੇਟਿ–ਮਿਟਾ ਕੇ।ਸਮਾਇ–ਲੀਨ ਹੁੰਦਾ ਹੈ।੧੫।ਸੁੰਨ–ਅਫੁਰ (ਨਿਰਗੁਣ ਸਰੂਪ) ਪ੍ਰਭੂ।ਨਿਰੰਤਰਿ–ਇਕ ਰਸ; ਲਗਾਤਾਰ।ਦੀਜੈ ਬੰਧੁ–ਬੰਨ੍ਹ (ਰੋਕ) ਲਗਾ ਦੇਈਏ।ਉਡੈ ਨ–ਉਡਦਾ (ਭਟਕਦਾ) ਨਹੀਂ।ਹੰਸਾ–ਜੀਵ; ਮਨ।ਪੜੈ ਨ–ਨਹੀਂ ਪੈਂਦਾ।ਕੰਧੁ–ਸਰੀਰ।ਸਹਜ ਗੁਫਾ–ਮਨ ਦੀ ਸ਼ਾਂਤ ਅਵਸਥਾ।ਸਾਚੇ–ਸੱਚੇ ਪ੍ਰਭੂ ਨੂੰ।ਭਾਵੈ–ਚੰਗਾ ਲਗਦਾ ਹੈ; ਪਿਆਰਾ ਲਗਦਾ ਹੈ।੧੬।

ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ ॥ ਕਿਸੁ ਕਾਰਣਿ ਇਹੁ ਭੇਖੁ ਨਿਵਾਸੀ ॥ ਕਿਸੁ ਵਖਰ ਕੇ ਤੁਮ ਵਣਜਾਰੇ ॥ ਕਿਉ ਕਰਿ ਸਾਥੁ ਲੰਘਾਵਹੁ ਪਾਰੇ ॥੧੭॥ ਗੁਰਮੁਖਿ ਖੋਜਤ ਭਏ ਉਦਾਸੀ ॥ ਦਰਸਨ ਕੈ ਤਾਈ ਭੇਖ ਨਿਵਾਸੀ ॥ ਸਾਚ ਵਖਰ ਕੇ ਹਮ ਵਣਜਾਰੇ ॥ ਨਾਨਕ ਗੁਰਮੁਖਿ ਉਤਰਸਿ ਪਾਰੇ ॥੧੮॥ (ਇਹ ਸੁਆਲ ਸਿੱਧਾਂ ਨੇ ਗੁਰੂ ਜੀ ਨੂੰ ਸੁਮੇਰ ਪਰਬਤ ਤੇ ਪੁੱਛਿਆ ਹੋਵੇਗਾ, ਕਿਉਂਕਿ ਉਸ

ਵੇਲੇ ਗੁਰੂ ਜੀ ਨੇ ਉਦਾਸੀ ਬਾਣਾ ਪਹਿਨਿਆ ਹੋਇਆ ਸੀ। ਅਚਲ ਵਟਾਲੇ ਦੇ ਮੇਲੇ ਵਿਚ ਸਿੱਧਾਂ ਨੂੰ ਮਿਲਣ ਸਮੇਂ ਗੁਰੂ ਜੀ ਦਾ ਉਦਾਸੀ ਬਾਣਾ ਨਹੀਂ ਸੀ ਪਹਿਨਿਆ ਹੋਇਆ। {ਭੇਖੁ ਉਤਾਰਿ ਉਦਾਸ ਦਾ ਵਤਿ ਕਿਉ ਸੰਸਾਰੀ ਰੀਤਿ ਚਲਾਈ। ਭਾ.ਗੁ. ਵਾਰ ੧-੪੦} ਸਿੱਧ ਪੁਛਦਾ ਹੈ ਕਿ ਹੇ ਗੁਰੂ ਜੀ! ਤੁਸੀਂ ਤਾਂ ਸਾਨੂੰ ਹਾਟੀ ਬਾਟੀ ਨਾ ਛਡਣ ਦਾ ਉਪਦੇਸ਼ ਦੇਂਦੇ ਹੋ, ਪਰ ਤੁਸੀਂ) ਕਿਸ ਵਾਸਤੇ ਘਰ ਛਡਿਆ ਹੈ ਅਤੇ ਵੈਰਾਗੀ ਬਣੇ ਹੋ? ਕਿਸ ਵਾਸਤੇ ਇਹ ਭੇਖ ਧਾਰਨ ਕਰਨ ਵਾਲੇ ਬਣੇ ਹੋ? ਤੁਸੀਂ ਕਿਸ ਸੌਦੇ ਦੇ ਵਪਾਰੀ ਹੋ? ਕਿਵੇਂ ਕਰਕੇ ਤੁਸੀਂ ਅਪਣੀ ਸੰਗਤ ਨੂੰ (ਭਵਜਲ ਤੋਂ) ਪਾਰ ਲੰਘਾਵੋਗੇ?।੧੭। ਗੁਰੂ ਨਾਨਕ ਦੇਵ ਜੀ ਉਤਰ ਦੇਂਦੇ ਹਨ ਕਿ ਅਸੀਂ ਗੁਰਮੁਖਾਂ ਨੂੰ ਲੱਭਣ ਵਾਸਤੇ ਵੈਰਾਗੀ ਹੋਏ ਹਾਂ। ਗੁਰਮੁਖਾਂ ਦੇ ਦਰਸ਼ਨ ਕਰਨ ਵਾਸਤੇ ਅਸੀਂ ਭੇਖ ਧਾਰਨ ਕੀਤਾ ਹੈ; ਅਸੀਂ ਗੁਰਮੁਖ (ਪ੍ਰਭੂ) ਨੂੰ ਲੱਭਣ ਵਾਸਤੇ ਉਦਾਸੀ ਹੋਏ ਹਾਂ। (ਉਸ ਦੇ) ਦਰਸਨ ਕਰਨ ਵਾਸਤੇ ਇਹ ਭੇਖ ਧਾਰਨ ਕੀਤਾ ਹੈ। ਅਸੀਂ ਸਚੇ ਨਾਮ ਰੂਪ ਸੌਦੇ ਦੇ ਵਪਾਰੀ ਹਾਂ। (ਸਾਡਾ ਕਾਫਲਾ) ਗੁਰੂ ਦੀ ਸ਼ਰਣ ਵਿਚ ਪੈ ਕੇ (ਭਵਜਲ ਤੋਂ) ਪਾਰ ਉਤਰ ਜਾਵੇਗਾ (ਅਸੀਂ ਅਪਣੇ ਸਾਥੀਆਂ ਨੂੰ ਗੁਰਮੁਖ ਬਣਾਉਂਦੇ ਹਾਂ, ਜਿਸ ਕਰਕੇ ਉਹ ਭਵਜਲ ਤੋਂ ਪਾਰ ਲੰਘ ਜਾਣਗੇ)।੧੮।

ਪਦਾਰਥ = ਕਿਸੁ ਕਾਰਣਿ-ਕਿਸ ਵਾਸਤੇ। ਗ੍ਰਿਹੁ-ਘਰ। ਤਜਿਓ-ਛਡਿਆ ਹੈ। ਉਦਾਸੀ-ਵੈਰਾਗੀ; ਵਿਰੱਕਤ। ਨਿਵਾਸੀ-ਧਾਰਨ ਕਰਨ ਵਾਲੇ। ਵਖਰ-ਵਸਤੀ ਦੇ। ਵਣਜਾਰੇ-ਵਪਾਰੀ। ਕਿਉ ਕਰਿ-ਕਿਸ ਤਰ੍ਹਾਂ। ਸਾਥੁ-ਸੰਗਤ; ਕਾਫਲਾ। ਪਾਰੇ-(ਭਵਜਲ ਤੋਂ) ਪਾਰ।੧੭। ਗੁਰਮੁਖ-ਗੁਰਮੁਖਾਂ ਨੂੰ; ਪ੍ਰਭੂ ਨੂੰ। ਖੋਜਤ-ਲੱਭਣ ਵਾਸਤੇ। ਭਏ-ਹੋਏ (ਬਣੇ) ਹਾਂ। ਦਰਸਨ ਕੈ ਤਾਈ-(ਗੁਰਮੁਖਾਂ ਜਾਂ ਪ੍ਰਭੂ) ਦੇ ਦਰਸ਼ਨ ਕਰਨ ਵਾਸਤੇ। ਵਖਰ ਕੇ-ਸੌਦੇ ਦੇ। ਹਮ-ਅਸੀਂ। ਗੁਰਮੁਖਿ-ਗੁਰੂ ਦੀ ਸ਼ਰਣ ਵਿਚ ਪੈ ਕੇ। ਉਤਰਸਿ ਪਾਰੇ-ਪਾਰ ਲੰਘ ਜਾਵੇਗਾ।੧੮।

ਕਿਤੁ ਬਿਧਿ, ਪੁਰਖਾ ਜਨਮੁ ਵਟਾਇਆ ॥ (ਸਿੱਧ ਗੁਰੂ ਨਾਨਕ ਦੇਵ ਜੀ ਨੂੰ ਪ੍ਰਸ਼ਨ ਪੁਛਦਾ ਹੈ ਕਿ) ਹੇ ਪੁਰਖਾ! ਕਿਸ ਤਰੀਕੇ ਨਾਲ ਤੁਸੀਂ ਅਪਣੇ ਜੀਵਨ ਨੂੰ ਬਦਲਿਆ ਹੈ? (ਜਿਸ ਤੋਂ ਤੁਸੀਂ ਮਨੁੱਖ ਤੋਂ ਦੇਵਤੇ ਬਣੇ ਦਿਸਦੇ ਹੋ)।

ਅੰਗ ੯੪੦ = ਕਾਹੇ ਕਉ ,ਤੁਝੁ ਇਹੁ ਮਨੁ ਲਾਇਆ ॥ ਕਿਤੁ ਬਿਧਿ, ਆਸਾ ਮਨਸਾ ਖਾਈ ॥ ਕਿਤੁ ਬਿਧਿ, ਜੋਤਿ ਨਿਰੰਤਰਿ ਪਾਈ ॥ ਬਿਨੁ ਦੰਤਾ, ਕਿਉ ਖਾਈਐ ਸਾਰੁ ॥ ਨਾਨਕ ਸਾਚਾ ਕਰਹੁ ਬੀਚਾਰੁ ॥੧੯॥ ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥ ਅਨਹਤਿ ਰਾਤੇ ਇਹੁ ਮਨੁ ਲਾਇਆ ॥ ਆਸਾ ਮਨਸਾ ਸਬਦਿ ਜਲਾਈ ॥ ਗੁਰਮੁਖਿ ਜੋਤਿ ਨਿਰੰਤਰਿ ਪਾਈ ॥ ਤ੍ਰੈ ਗੁਣ ਮੇਟੇ ਖਾਈਐ ਸਾਰੁ ॥ ਨਾਨਕ ਤਾਰੇ ਤਾਰਣਹਾਰੁ ॥੨੦॥ ਕਿਸ ਤਰ੍ਹਾਂ ਤੁਸੀਂ ਅਪਣਾ ਇਹ ਮਨ (ਪ੍ਰਭੂ ਨਾਲ) ਲਾਇਆ ਹੈ? ਕਿਸ ਤਰੀਕੇ ਨਾਲ ਤੁਸੀਂ ਆਸਾ ਤੇ ਮਨ ਦੇ ਫੁਰਨੇ ਮੁਕਾਏ ਹਨ? ਕਿਸ ਤਰੀਕੇ ਨਾਲ ਤੁਸੀਂ ਪ੍ਰਭੂ ਦੀ ਇਕ ਰਸ ਜੋਤ ਪ੍ਰਾਪਤ ਕੀਤੀ ਹੈ? ਦੰਦਾਂ (ਕਠਨ ਸਾਧਨਾਂ) ਤੋਂ ਬਿਨਾ (ਵਿਸ਼ੇ ਵਿਕਾਰ ਰੂਪ) ਲੋਹਾ ਕਿਵੇਂ ਖਾਧਾ ਜਾ ਸਕਦਾ ਹੈ? ਹੇ ਨਾਨਕ! (ਇਸ ਬਾਰੇ ਸਾਡੇ ਨਾਲ) ਸੱਚਾ ਵਿਚਾਰ ਕਰੋ।੧੯। (ਗੁਰੂ ਜੀ ਉਤਰ ਦੇਂਦੇ ਹਨ ਕਿ ਸਾਡਾ) ਸਤਿਗੁਰੂ ਦੇ ਘਰ ਵਿਚ ਸਾਡਾ ਜਨਮ ਹੋਇਆ ਹੈ (ਨਿਰੰਕਾਰ ਤੋਂ ਗੁਰਮੰਤ੍ਰ ਲੈ ਕੇ ਨਵੇਂ ਸਿਰਿਓਂ ਜੀਵਨ ਅਰੰਭਿਆ ਹੈ, ਇਸ ਤਰ੍ਹਾਂ ਅਸੀਂ) ਆਵਾਗਵਨ ਮਿਟਾ ਲਿਆ। ਇਕ ਰਸ ਅਬਿਨਾਸੀ ਪ੍ਰਭੂ ਦੇ ਪ੍ਰੇਮ ਵਿਚ ਰੰਗੇ ਹੋਏ ਹਾਂ, (ਉਸ ਵਿਚ) ਇਹ ਮਨ ਜੋੜਿਆ ਹੈ। ਆਸਾ ਤੇ ਮਨ ਦੇ ਫੁਰਨੇ ਗੁਰੂ ਦੇ ਸ਼ਬਦ ਵਿਚ ਜੁੜ ਕੇ ਜਲਾ ਦਿਤੇ ਹਨ। ਗੁਰੂ ਦੁਆਰਾ ਪ੍ਰਭੂ ਦੀ ਇਕ ਰਸ ਜੋਤ ਪ੍ਰਾਪਤ ਕੀਤੀ ਹੈ। ਤਿੰਨ ਗੁਣਾਂ ਦੇ ਅਸਰ ਨੂੰ ਮਿਟਾ ਕੇ ਲੋਹਾ ਰੂਪ ਵਿਸ਼ੇ ਵਿਕਾਰ ਖਾਧੇ ਗਏ (ਜਿੱਤ ਲਏ) ਹਨ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਤਾਰਨ ਵਾਲਾ ਪ੍ਰਭੂ (ਇਸ ਤਰੀਕੇ ਨਾਲ ਭਵਜਲ ਤੋਂ) ਤਾਰਦਾ ਹੈ।੨੦।

ਪਦਾਰਥ = ਕਿਤੁ ਬਿਧਿ-ਕਿਸ ਤਰੀਕੇ ਨਾਲ। ਪੁਰਖਾ-ਹੇ ਪੁਰਖ!। ਜਨਮੁ ਵਟਾਇਆ-ਜੀਵਨ ਬਦਲ ਲਿਆ। ਕਾਹੇ ਕਉ-ਕਿਸ ਤਰ੍ਹਾਂ। ਤੁਝੁ-ਤੂੰ। ਮਨਸਾ-ਮਨ ਦੇ ਫੁਰਨੇ; ਮਨ ਦੀਆਂ ਇੱਛਾਵਾਂ। ਖਾਈ-ਖਾ (ਮੁਕਾ) ਲਏ। ਨਿਰੰਤਰਿ-ਇਕ ਰਸ। ਪਾਈ-ਪ੍ਰਾਪਤ ਕੀਤੀ। ਬਿਨੁ ਦੰਤਾਂ-ਦੰਦਾਂ (ਕਠਨ ਸਾਧਨਾ) ਤੋਂ ਬਿਨਾ। ਸਾਰੁ-ਲੋਹਾ (ਵਿਸ਼ੇ ਵਿਕਾਰ)। ਨਾਨਕ-ਹੇ ਨਾਨਕ!। ਸਾਚਾ-ਸੱਚਾ; ਸਹੀ।੧੯ । ਸਤਿਗੁਰ ਕੈ-ਸਤਿਗੁਰੂ ਦੇ ਘਰ ਵਿਚ (ਗੁਰਮੰਤ੍ਰ ਲੈ ਕੇ ਜੀਵਨ ਜਿਉਣਾ ਅਰੰਭਿਆ)। ਗਵਨੁ-ਆਵਾਗਵਨ; ਭਟਕਣਾ। ਅਨਹਤਿ-ਇਕ ਰਸ ਨਾਸ਼ ਰਹਿਤ ਪ੍ਰਭੂ ਵਿਚ। ਰਾਤੇ-ਪ੍ਰੇਮ ਵਿਚ ਰੰਗੇ ਹੋਏ ਹਾਂ। ਸਬਦਿ-ਗੁਰੂ ਦੇ ਸ਼ਬਦ ਦੁਆਰਾ। ਜਲਾਈ-ਜਲਾ ਦਿਤੀ। ਤ੍ਰੈ ਗੁਣ-ਰਜੋ, ਸਤੋ ਤੇ ਤਮੋ ਗੁਣ। ਗੁਰਮੁਖਿ-ਗੁਰੂ ਦੁਆਰਾ। ਖਾਈਐ-ਖਾਧੇ ਗਏ। ਤਾਰਣਹਾਰੁ-ਤਾਰਨ ਵਾਲਾ।੨੦।

ਵਿਆਖਿਆ = ਆਸਾ ਤੇ ਤ੍ਰਿਸ਼ਨਾਂ ਅਤੇ ਵਿਸ਼ੇ ਵਿਕਾਰਾਂ ਦਾ ਤਿਆਗ ਕਰਨਾ ਲੋਹਾ ਚੱਬਣ ਦੇ ਬਰਾਬਰ ਹੈ। ਇਨ੍ਹਾਂ ਵਿਕਾਰਾਂ ਵਿਚ ਫਸਿਆ ਮਨੁੱਖ ਦਿਨ ਰਾਤ ਭੱਜਿਆ ਫਿਰਦਾ ਹੈ। ਭਰਥਰੀ ਨੂੰ ਜਦ ਵੈਰਾਗ ਹੋਇਆ ਤਾਂ ਰਾਜ ਭਾਗ ਛਡ ਕੇ ਗੋਰਖ ਨਾਥ ਦਾ ਚੇਲਾ ਬਣ ਗਿਆ। ਪਰ ਆਸਾ ਤ੍ਰਿਸ਼ਨਾਂ ਨੂੰ ਫਿਰ ਵੀ ਨਹੀਂ ਛਡ ਸਕਿਆ, ਭਿਖਿਆ ਮੰਗ ਕੇ ਆ ਰਿਹਾ ਸੀ, ਰਸਤੇ ਵਿਚ ਪਾਨ ਦੇ ਥੁਕ

ਨੂੰ ਲਾਲ ਸਮਝ ਕੇ ਚੁੱਕਣ ਲਈ ਹੱਥ ਲਬੇੜ ਬੈਠਾ। ਮਨ ਨੂੰ ਲਾਹਣਤਾਂ ਪਾਉਂਦਾ ਭਰਥਰੀ ਇਉਂ ਕਹਿੰਦਾ ਹੈ =

ਰਤਨ ਜੜਤ ਮੰਡਪ ਤਜੇ, ਤਜੀ ਸਹੰਸਰੋ ਨਾਰਿ ॥ ਅਜੋਂ ਕਾਮਨਾ ਨਹੀਂ ਤਜੀ, ਹੇ ਮਨ! ਤੋਹਿ ਧਿਕਾਰ।

ਇਸ ਲਈ ਸਿੱਧ ਹੈਰਾਨ ਹੋਏ ਪੁਛਦੇ ਹਨ ਕਿ ਅਸੀਂ ਜੋਗੀ ਬਣ ਕੇ ਕਠਨ ਘਾਲਨਾਂ ਘਾਲ ਕੇ ਵੀ ਆਸਾ ਤ੍ਰਿਸ਼ਨਾ ਨਹੀਂ ਛਡ ਸਕੇ, ਤੁਸੀ ਗ੍ਰਿਸਹਤ ਵਿਚ ਰਹਿ ਕੇ ਕਿਵੇਂ ਇਹ ਵਿਕਾਰ ਮਾਰ ਲਏ ਹਨ? ਤੁਸੀਂ ਇਹ ਬਿਨਾ ਦੰਦਾਂ ਦੇ ਲੋਹਾ ਕਿਵੇਂ ਚੱਬ ਲਿਆ? ਸਤਿਗੁਰੂ ਜੀ ਦਾ ਉਤਰ ਬੜੇ ਸੁਹਜ ਤੇ ਗਿਆਨ ਭਰਪੂਰ ਹੈ।

ਆਦਿ ਕਉ ਕਵਨੁ ਬੀਚਾਰੁ ਕਥੀਅਲੇ, ਸੁੰਨ ਕਹਾ ਘਰ ਵਾਸੋ ॥ ਗਿਆਨ ਕੀ ਮੁਦ੍ਰਾ ਕਵਨ ਕਥੀਅਲੇ, ਘਟਿ ਘਟਿ ਕਵਨ ਨਿਵਾਸੋ ॥ ਕਾਲ ਕਾ ਠੀਗਾ ਕਿਉ ਜਲਾਈਅਲੇ, ਕਿਉ ਨਿਰਭਉ ਘਰਿ ਜਾਈਐ ॥ ਸਹਜ ਸੰਤੋਖ ਕਾ ਆਸਣੁ ਜਾਣੈ, ਕਿਉ ਛੇਦੇ ਬੈਰਾਈਐ ॥ ਗੁਰ ਕੈ ਸਬਦਿ ਹਉਮੈ ਬਿਖੁ ਮਾਰੈ, ਤਾ ਨਿਜ ਘਰਿ ਹੋਵੈ ਵਾਸੋ ॥ ਜਿਨਿ ਰਚਿ ਰਚਿਆ ਤਿਸੁ ਸਬਦਿ ਪਛਾਣੈ, ਨਾਨਕੁ ਤਾ ਕਾ ਦਾਸੋ ॥੨੧॥ (ਸਿੱਧ ਪ੍ਰਸ਼ਨ ਕਰਦਾ ਹੈ ਕਿ) ਰਚਨਾ ਦੇ ਮੁੱਢ ਵਿਚ ਕੀ ਹਾਲਤ ਸੀ? ਇਸ ਦਾ ਕੀ ਵਿਚਾਰ ਦਸਦੇ ਹੋ? (ਉਸ ਵੇਲੇ) ਅਫੁਰ ਨਿਰੰਕਾਰ ਦਾ ਵਾਸਾ ਕਿਸ ਘਰ ਵਿਚ ਸੀ? ਗਿਆਨ ਦੀਆਂ ਕੀ ਮੁਦ੍ਰਾਂ ਦਸਦੇ ਹੋ (ਗਿਆਨ ਪ੍ਰਾਪਤ ਕਰਨ ਦਾ ਕੀ ਸਾਧਨ ਹੈ)? ਹਰੇਕ ਜੀਵ ਦੇ ਹਿਰਦੇ ਵਿਚ ਕੌਣ ਨਿਵਾਸ ਕਰਦਾ ਹੈ? ਕਾਲ ਦਾ ਡੰਡਾ ਕਿਵੇਂ ਜਲਾਇਆ ਜਾਵੇ? ਕਿਵੇਂ ਨਿਰਭਉ ਦੇ ਘਰ ਵਿਚ ਜਾਈਦਾ ਹੈ? (ਕਾਮਾਦਿਕ) ਵੈਰੀਆਂ ਨੂੰ ਕਿਵੇਂ ਨਾਸ਼ ਕੀਤਾ ਜਾਵੇ? (ਜਿਸ ਕਰਕੇ ਮਨੁੱਖ) ਸਹਿਜ ਤੇ ਸੰਤੋਖ ਦਾ ਆਸਣ ਲਾਉਣਾ ਜਾਣ ਲਵੇ। (ਅੱਗੇ ੨੩ ਵੀਂ ਪਉੜੀ ਵਿਚ ਉਤਰ ਆਵੇਗਾ, ਇਥੇ ਗੁਰੂ ਜੀ ਦਾ ਉਤਰ ਸੰਖੇਪ ਵਿਚ ਹੈ। ਜੇ ਮਨੁੱਖ) ਗੁਰੂ ਦੇ ਸ਼ਬਦ ਦੁਆਰਾ ਹਉਮੈ ਦੀ ਜਹਿਰ ਨੂੰ ਮਾਰ ਲਵੇ, ਤਾਂ (ਉਸ ਦਾ) ਅਪਣੇ ਸਰੂਪ ਵਿਚ ਵਾਸਾ ਹੁੰਦਾ ਹੈ। ਜਿਸ ਪ੍ਰਭੂ ਨੇ ਪੰਜ ਤੱਤ ਰਚ ਕੇ ਜਗਤ ਨੂੰ ਰਚਿਆ ਹੈ, (ਜੋ ਮਨੁੱਖ ਗੁਰੂ ਦੇ) ਸ਼ਬਦ ਦੁਆਰਾ ਉਸ ਨੂੰ ਪਛਾਣ ਲੈਂਦਾ ਹੈ, ਨਾਨਕ ਉਸ ਦਾ ਦਾਸ ਹੈ।੨੧।

ਪਦਾਰਥ = ਆਦਿ ਕਉ–ਜਗਤ ਰਚਨਾ ਦਾ ਮੁੱਢ। ਕਵਨੁ–ਕੀ। ਕਥੀਅਲੇ–ਦਸਦੇ ਹੋ। ਸੁੰਨ–ਅਫੁਰ ਨਿਰੰਕਾਰ (ਨਿਰਗੁਣ ਸਰੂਪ)। ਕਹਾ–ਕਿੱਥੇ। ਮੁਦ੍ਰਾ–ਚਿੰਨ੍ਹ (ਜੋਗੀਆਂ ਦੇ ਪੰਜ ਸਾਧਨ–ਖੇਚਰੀ, ਭੂਚਰੀ, ਚੇਚਰੀ, ਗੋਚਰੀ ਤੇ ਉਨਮਨੀ)। ਘਟਿ ਘਟਿ–ਹਰੇਕ ਜੀਵ ਦੇ ਹਿਰਦੇ ਵਿਚ। ਕਾਲ ਕਾ–ਮੌਤ ਦਾ। ਠੀਗਾ–ਡੰਡਾ; ਮੂਸਲ। ਜਲਾਈਅਲੇ–ਜਲਾਇਆ ਜਾਵੇ। ਨਿਰਭਉ ਘਰਿ–ਭੈ ਰਹਿਤ ਘਰ (ਭੈ ਰਹਿਤ ਅਵਸਥਾ) ਵਿਚ। ਸਹਜ–ਸ਼ਾਂਤੀ; ਗਿਆਨ। ਛੇਦੇ–ਨਾਸ਼ ਕੀਤਾ ਜਾਵੇ। ਬੈਰਾਈਐ–ਵੈਰੀਆਂ ਨੂੰ। ਬਿਖੁ–ਜਹਿਰ। ਨਿਜ ਘਰਿ–ਅਪਣੇ ਆਤਮ ਸਰੂਪ ਵਿਚ। ਜਿਨਿ–ਜਿਸ (ਪ੍ਰਭੂ) ਨੇ। ਰਚਿ–ਰਚ ਕੇ। ਸਬਦਿ–ਸ਼ਬਦ ਦੁਆਰਾ। ਤਾ ਕਾ–ਉਸ ਦਾ।੨੧।

ਕਹਾ ਤੇ ਆਵੈ ਕਹਾ ਇਹੁ ਜਾਵੈ, ਕਹਾ ਇਹੁ ਰਹੈ ਸਮਾਈ ॥ ਏਸੁ ਸਬਦ ਕਉ ਜੋ ਅਰਥਾਵੈ, ਤਿਸੁ ਗੁਰ ਤਿਲੁ ਨ ਤਮਾਈ ॥ ਕਿਉ ਤਤੈ ਅਵਗਤੈ ਪਾਵੈ, ਗੁਰਮੁਖਿ ਲਗੈ ਪਿਆਰੋ ॥ ਆਪੇ ਸੁਰਤਾ ਆਪੇ ਕਰਤਾ, ਕਹੁ ਨਾਨਕ ਬੀਚਾਰੋ ॥ ਹੁਕਮੇ ਆਵੈ ਹੁਕਮੇ ਜਾਵੈ, ਹੁਕਮੇ ਰਹੈ ਸਮਾਈ ॥ ਪੂਰੇ ਗੁਰ ਤੇ ਸਾਚੁ ਕਮਾਵੈ, ਗਤਿ ਮਿਤਿ ਸਬਦੇ ਪਾਈ ॥੨੨॥ ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ, ਸੁੰਨ ਨਿਰੰਤਰਿ ਵਾਸੁ ਲੀਆ ॥ ਅਕਲਪਤ ਮੁਦ੍ਰਾ ਗੁਰ ਗਿਆਨੁ ਬੀਚਾਰੀਅਲੇ, ਘਟਿ ਘਟਿ ਸਾਚਾ ਸਰਬ ਜੀਆ ॥ ਗੁਰ ਬਚਨੀ ਅਵਿਗਤਿ ਸਮਾਈਐ, ਤਤੁ ਨਿਰੰਜਨੁ ਸਹਜਿ ਲਹੈ ॥ ਨਾਨਕ ਦੂਜੀ ਕਾਰ ਨ ਕਰਣੀ, ਸੇਵੈ ਸਿਖੁ ਸੁ ਖੋਜਿ ਲਹੈ ॥ ਹੁਕਮੁ ਬਿਸਮਾਦੁ ਹੁਕਮਿ ਪਛਾਣੈ, ਜੀਅ ਜੁਗਤਿ ਸਚੁ ਜਾਣੈ ਸੋਈ ॥ ਆਪੁ ਮੇਟਿ ਨਿਰਾਲਮੁ ਹੋਵੈ, ਅੰਤਰਿ ਸਾਚੁ ਜੋਗੀ ਕਹੀਐ ਸੋਈ ॥੨੩॥ (ਸਿੱਧਾਂ ਨੇ ਪ੍ਰਸ਼ਨ ਕੀਤੇ ਹਨ ਕਿ) ਇਹ ਜੀਵ ਕਿਥੋਂ ਆਉਂਦਾ ਹੈ? ਕਿਥੇ ਜਾਂਦਾ ਹੈ? ਕਿੱਥੇ ਇਹ ਟਿਕਿਆ ਰਹਿੰਦਾ ਹੈ? ਏਸ ਸ਼ਬਦ ਦਾ ਜੋ ਮਨੁੱਖ ਅਰਥ ਕਰਕੇ ਸਾਨੂੰ ਦੱਸੇ, (ਮੈਂ ਸਮਝਾਂਗਾ ਕਿ ਉਹ ਪੂਰਾ) ਗੁਰੂ ਹੈ, ਉਸ ਨੂੰ ਤਿਲ ਭਰ ਵੀ ਲਾਲਚ ਨਹੀਂ। ਵਿਅਕਤੀ ਰਹਿਤ ਵਾਹਿਗੁਰੂ ਨੂੰ ਕਿਵੇਂ (ਕੋਈ ਮਨੁੱਖ) ਪ੍ਰਾਪਤ ਕਰੇ ਅਤੇ ਗੁਰੂ ਦੁਆਰਾ (ਉਸ ਨਾਲ) ਪਿਆਰ ਕਿਵੇਂ ਲੱਗੇ? ਜੋ ਆਪੇ ਸ੍ਰੋਤਾ ਹੈ ਤੇ ਆਪ ਹੀ ਕਰਤਾ ਹੈ, ਹੇ ਨਾਨਕ! (ਸਾਨੂੰ ਉਸ ਦਾ) ਵਿਚਾਰ ਦੱਸੋ। (ਗੁਰੂ ਜੀ ਦਾ ਉਤਰ, ਜੀਵ ਜਗਤ ਵਿਚ ਵਾਹਿਗੁਰੂ ਦੇ) ਹੁਕਮ ਵਿਚ ਆਉਂਦਾ ਹੈ, (ਉਸ ਦੇ) ਹੁਕਮ ਵਿਚ ਹੀ ਚਲੇ ਜਾਂਦਾ ਹੈ ਅਤੇ ਹੁਕਮ ਵਿਚ ਹੀ ਟਿਕਿਆ ਰਹਿੰਦਾ ਹੈ। (ਜੋ ਮਨੁੱਖ) ਪੂਰੇ ਗੁਰੂ ਦੁਆਰਾ ਸੱਚੇ ਨਾਮ ਦੀ ਕਮਾਈ ਕਰਦਾ ਹੈ, (ਉਸ ਨੂੰ ਗੁਰੂ ਦੇ) ਸ਼ਬਦ ਦੁਆਰਾ (ਪ੍ਰਭੂ ਦੀ) ਗਤਿ ਮਿਤ ਪ੍ਰਾਪਤ ਹੁੰਦੀ ਹੈ।੨੨। (ਹੁਣ ਗੁਰੂ ਜੀ ੨੧ ਵੀਂ ਤੇ ੨੨ ਵੀਂ ਪਉੜੀਆਂ ਦੇ ਪ੍ਰਸ਼ਨਾਂ ਦਾ ਉਤਰ ਵਿਸਥਾਰ ਸਹਿਤ ਦੇਂਦੇ ਹਨ) ਸ੍ਰਿਸਟੀ ਦੇ ਮੁੱਢ ਦਾ ਵਿਚਾਰ ਅਸਚਰਜ ਕਿਹਾ ਜਾਂਦਾ ਹੈ, (ਉਸ ਵੇਲੇ) ਇਕ ਰਸ ਅਫੁਰ ਪ੍ਰਭੂ ਨੇ ਅਪਣੇ ਆਪ ਵਿਚ ਨਿਵਾਸ ਲਿਆ ਹੋਇਆ ਸੀ (ਸ੍ਰਿਸਟੀ ਮਾਇਆ ਤੋਂ ਜਾਂ ਪ੍ਰਕ੍ਰਿਤੀ ਤੋਂ ਨਹੀਂ, ਪ੍ਰਭੂ ਤੋਂ ਹੀ ਪੈਦਾ ਹੋਈ ਹੈ)। ਕਲਪਨਾ ਰਹਿਤ ਹੋ ਕੇ ਗੁਰੂ ਦੇ ਦੱਸੇ ਗਿਆਨ ਨੂੰ ਵਿਚਾਰੀਦਾ ਹੈ, ਇਹੋ ਹੀ

ਮੁਦ੍ਰਾ ਹੈ (ਗੁਰੂ ਦਾ ਦਿਤਾ ਗਿਆਨ ਜੋਗ ਪ੍ਰਾਪਤ ਕਰਨ ਦਾ ਅਸਲੀ ਸਾਧਨ ਹੈ), ਹਰੇਕ ਜੀਵ ਦੇ ਅੰਦਰ ਸੱਚ ਸਰੂਪ ਪ੍ਰਭੂ ਵਸਦਾ ਹੈ, ਜੋ ਸਾਰੇ ਜੀਵਾਂ ਨੂੰ ਜੀਵਨ ਦੇਣ ਵਾਲਾ ਹੈ।ਅਵਿਅਕਤ ਪ੍ਰਭੂ ਵਿਚ ਗੁਰੂ ਦੇ ਬਚਨਾਂ ਦੁਆਰਾ ਸਮਾਈਦਾ ਹੈ (ਇਉਂ ਕਾਲ ਦਾ ਡੰਡਾ ਜਲਾਈਦਾ ਹੈ), ਮਾਇਆ ਤੋਂ ਰਹਿਤ ਪ੍ਰਭੂ ਸਹਿਜ ਦੁਆਰਾ ਲੱਭਦਾ ਹੈ (ਇਉਂ ਨਿਰਭਉ ਦੇ ਘਰ ਜਾਈਦਾ ਹੈ)।ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਗੁਰੂ ਦੇ ਬਚਨਾਂ ਤੋਂ ਬਿਨਾ) ਦੂਜਾ ਕਰਮ ਧਰਮ ਨਹੀਂ ਕਰਨਾ ਚਾਹੀਦਾ, (ਜਿਹੜਾ) ਸਿਖ ਗੁਰੂ ਦੀ ਸੇਵਾ ਕਰਦਾ ਹੈ (ਉਹ ਸਹਿਜ ਸੰਤੋਖ ਦਾ ਆਸਣ ਜਾਣ ਲੈਂਦਾ ਹੈ), ਉਹ ਖੋਜ ਕੇ ਪ੍ਰਭੂ ਨੂੰ ਲੱਭ ਲੈਂਦਾ ਹੈ (ਉਹ ਕਾਮਾਦਿਕ ਵੈਰੀਆਂ ਨੂੰ ਮਾਰ ਲੈਂਦਾ ਹੈ।ਪ੍ਰਭੂ ਦਾ) ਹੁਕਮ ਅਸਚਰਜ (ਅਕੱਥਨੀਅ) ਹੈ, (ਜੋ ਮਨੁੱਖ ਪ੍ਰਭੂ ਦੇ) ਹੁਕਮ ਵਿਚ ਰਹਿ ਕੇ ਹੁਕਮ ਨੂੰ ਪਛਾਣ ਲੈਂਦਾ ਹੈ, ਉਹ ਜੀਵਨ ਜੁਗਤੀ ਅਤੇ ਸੱਚੇ ਪ੍ਰਭੂ ਨੂੰ ਜਾਣ ਲੈਂਦਾ ਹੈ।(ਉਹ ਮਨੁੱਖ) ਆਪਾ ਭਾਵ ਮਿਟਾ ਕੇ (ਜਗਤ ਤੋਂ) ਨਿਰਲੇਪ ਹੁੰਦਾ ਹੈ, (ਉਸ ਦੇ) ਹਿਰਦੇ ਅੰਦਰ ਸੱਚਾ ਪ੍ਰਭੂ ਵਸਦਾ ਹੈ, (ਅਸਲ ਵਿਚ) ਉਹ ਹੀ ਜੋਗੀ ਕਹੀਦਾ ਹੈ।੨੩।

ਪਦਾਰਥ = ਕਹਾ ਤੇ–ਕਿੱਥੋਂ।ਇਹੁ–ਇਹ ਜੀਵ।ਰਹੈ ਸਮਾਈ–ਟਿਕਿਆ ਰਹਿੰਦਾ ਹੈ।ਅਰਥਾਵੈ–ਅਰਥ ਕਰਕੇ ਦੱਸੇ; ਸਮਝਾਵੇ।ਤਿਲੁ –ਤਿਲ ਭਰ।ਤਮਾਈ–ਲਾਲਚ।ਤਤੈ–ਤੱਤ ਸਰੂਪ ਵਾਹਿਗੁਰੂ।ਅਵਗਤੈ–ਵਿਅਕਤੀ ਰਹਿਤ (ਅਦ੍ਰਿਸਟ) ਪ੍ਰਭੂ।ਪਾਵੈ–ਪ੍ਰਾਪਤ ਕਰੇ। ਗੁਰਮੁਖਿ–ਗੁਰੂ ਦੁਆਰਾ।ਸੁਰਤਾ–ਸ੍ਰੋਤਾ; ਜਾਨਣ ਵਾਲਾ।ਕਰਤਾ–ਰਚਨਹਾਰ ਪ੍ਰਭੂ।ਗਤਿ ਮਿਤਿ–ਮੁਕਤੀ ਪ੍ਰਾਪਤ ਕਰਨ ਦਾ ਗਿਆਨ। ਸਬਦੇ–ਸ਼ਬਦ ਦੁਆਰਾ।ਪਾਈ–ਪ੍ਰਾਪਤ ਹੁੰਦੀ ਹੈ।੨੨।ਆਦਿ ਕਉ–ਜਗਤ ਰਚਨਾ ਦੇ ਮੁੱਢ ਦਾ।ਬਿਸਮਾਦੁ–ਅਸਚਰਜ।ਕਥੀਅਲੇ–ਕਿਹਾ ਜਾਂਦਾ ਹੈ।ਸੁੰਨ–ਅਫੁਰ ਪ੍ਰਭੂ।ਨਿਰੰਤਰਿ–ਇਕ ਰਸ।ਅਕਲਪਤ–ਕਲਪਨਾ ਤੋਂ ਰਹਿਤ।ਮੁਦ੍ਰਾ–ਸਾਧਨ; ਚਿੰਨ੍ਹ।ਘਟਿ ਘਟਿ–ਹਰੇਕ ਜੀਵ ਦੇ ਅੰਦਰ।ਸਰਬ ਜੀਆ–ਸਭ ਨੂੰ ਜੀਵਨ ਦੇਣ ਵਾਲਾ ਹੈ।ਗੁਰ ਬਚਨੀ–ਗੁਰੂ ਦੇ ਬਚਨਾਂ ਦੁਆਰਾ।ਅਵਿਗਤਿ–ਅਵਿਅਕਤ ਪ੍ਰਭੂ ਵਿਚ।ਸਮਾਈਐ–ਸਮਾਈਦਾ ਹੈ।ਤਤੁ ਨਿਰੰਜਨੁ–ਮਾਇਆ ਤੋਂ ਰਹਿਤ ਪ੍ਰਭੂ।ਸਹਜਿ–ਸਹਿਜ ਅਵਸਥਾ ਦੁਆਰਾ।ਲਹੈ–ਲੱਭਦਾ ਹੈ।ਕਾਰ–ਧਾਰਮਕ ਕਰਮ।ਨ ਕਰਣੀ–ਨਹੀਂ ਕਰਨੀ ਚਾਹੀਦੀ।ਸੇਵੈ–ਸੇਵਾ ਕਰਦਾ ਹੈ।ਸੁ–ਉਹ।ਜੀਅ ਜੁਗਤਿ–ਜੀਵਨ ਜੁਗਤੀ। ਸੋਈ–ਉਹ ਹੀ।ਆਪੁ–ਆਪਾ ਭਾਵ।ਨਿਰਾਲਮੁ–ਨਿਰਲੇਪ।ਅੰਤਰਿ–ਹਿਰਦੇ ਅੰਦਰ।੨੩।

ਅਵਿਗਤੋ ਨਿਰਮਾਇਲੁ ਉਪਜੇ, ਨਿਰਗੁਣ ਤੇ ਸਰਗੁਣੁ ਥੀਆ ॥ ਸਤਿਗੁਰ ਪਰਚੈ ਪਰਮਪਦੁ ਪਾਈਐ, ਸਾਚੈ ਸਬਦਿ ਸਮਾਇ ਲੀਆ ॥ ਏਕੇ ਕਉ ਸਚੁ ਏਕਾ ਜਾਣੈ, ਹਉਮੈ ਦੂਜਾ ਦੂਰਿ ਕੀਆ ॥ ਸੋ ਜੋਗੀ ਗੁਰ ਸਬਦੁ ਪਛਾਣੈ, ਅੰਤਰਿ ਕਮਲੁ ਪ੍ਰਗਾਸੁ ਥੀਆ ॥ ਜੀਵਤੁ ਮਰੈ ਤਾ ਸਭੁ ਕਿਛੁ ਸੂਝੈ, ਅੰਤਰਿ ਜਾਣੈ ਸਰਬ ਦਇਆ ॥ ਨਾਨਕ ਤਾ ਕਉ ਮਿਲੈ ਵਡਾਈ, ਆਪੁ ਪਛਾਣੈ ਸਰਬ ਜੀਆ ॥੨੪॥ ਸਾਚੌ ਉਪਜੈ ਸਾਚਿ ਸਮਾਵੈ, ਸਾਚੇ ਸੂਚੇ ਏਕ ਮਇਆ ॥ ਝੂਠੇ ਆਵਹਿ ਠਵਰ ਨ ਪਾਵਹਿ, ਦੂਜੈ ਆਵਾ ਗਉਣੁ ਭਇਆ ॥ ਆਵਾ ਗਉਣੁ ਮਿਟੈ ਗੁਰ ਸਬਦੀ, ਆਪੇ ਪਰਖੈ ਬਖਸਿ ਲਇਆ ॥(ਗੁਰੂ ਜੀ ਦਾ ਉਤਰ ਜਾਰੀ ਹੈ) ਅਵਿਅਕਤ (ਅਦ੍ਰਿਸ਼ਟ) ਨਿਰਮਲ ਨਿਰਗੁਣ ਪ੍ਰਭੂ ਤੋਂ ਸਰਗੁਣ ਸਰੂਪ ਪ੍ਰਗਟ ਹੋਇਆ {ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ।ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ੪੬੩}।ਸਤਿਗੁਰੂ ਤੋਂ ਜੀਵ ਦੇ ਮਨ ਦੀ ਨਿਸ਼ਾ ਹੋ ਜਾਣ ਨਾਲ ਪਰਮਪਦ ਪ੍ਰਾਪਤ ਹੁੰਦਾ ਹੈ, (ਫਿਰ ਐਸਾ ਵਡ ਭਾਗੀ ਮਨੁੱਖ ਗੁਰੂ ਦੇ) ਸ਼ਬਦ ਦੁਆਰਾ ਅਪਣੇ ਆਪ ਨੂੰ ਸੱਚੇ ਪ੍ਰਭੂ ਵਿਚ ਲੀਨ ਕਰ ਲੈਂਦਾ ਹੈ।(ਉਹ ਮਨੁੱਖ) ਨਿਸ਼ਚੇ ਕਰਕੇ ਕੇਵਲ ਇਕ ਪ੍ਰਭੂ ਨੂੰ ਜਾਣਦਾ ਹੈ (ਕਿਉਂਕਿ ਉਸ ਨੇ ਅਪਣੀ) ਹਉਮੈ ਤੇ ਦ੍ਵੈਤ ਦੂਰ ਕਰ ਲਈ ਹੈ।ਉਹ ਜੋਗੀ ਹੈ, ਜੋ ਗੁਰੂ ਦੇ ਸ਼ਬਦ ਨੂੰ ਪਛਾਣ ਦਾ ਹੈ, (ਉਸ ਦਾ) ਹਿਰਦਾ ਕਮਲ ਖਿੜ ਗਿਆ ਹੁੰਦਾ ਹੈ।(ਜੇ ਮਨੁੱਖ) ਜੀਵਤ ਭਾਵ ਤੋਂ ਮਰ ਜਾਵੇ, ਤਾਂ (ਉਹ) ਸਭ ਕੁਛ ਸਮਝ (ਉਸ ਨੂੰ ਸਾਰਾ ਗਿਆਨ ਹੋ) ਜਾਂਦਾ ਹੈ ਅਤੇ (ਉਹ) ਸਭ ਤੇ ਦਇਆ ਕਰਨ ਵਾਲੇ ਪ੍ਰਭੂ ਨੂੰ ਹਿਰਦੇ ਅੰਦਰ ਜਾਣ ਲੈਂਦਾ ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਉਸ ਮਨੁੱਖ ਨੂੰ ਵਡਿਆਈ ਮਿਲਦੀ ਹੈ, ਜੋ ਅਪਣੇ ਆਪ ਨੂੰ ਸਾਰੇ ਜੀਵਾਂ ਵਿਚ ਪਛਾਣਦਾ ਹੈ (ਜੋ ਹਰੀ ਦੀ ਜੋਤ ਉਸ ਦੇ ਅੰਦਰ ਹੈ, ਸਾਰੇ ਜੀਵਾਂ ਵਿਚ ਉਸੇ ਜੋਤ ਨੂੰ ਦੇਖਦਾ ਹੈ)।੨੪।(ਗੁਰਮੁਖ ਜਨ) ਸੱਚੇ ਪ੍ਰਭੂ ਤੋਂ ਪੈਦਾ ਹੁੰਦਾ ਹੈ, ਸੱਚੇ ਪ੍ਰਭੂ ਵਿਚ ਲੀਨ ਰਹਿੰਦਾ ਹੈ, (ਜੋ ਮਨੁੱਖ) ਸੱਚੇ ਨਾਮ ਸਿਮਰਨ ਦੁਆਰਾ ਸੁੱਚੇ ਹੋ ਜਾਂਦੇ ਹਨ, (ਉਹ ਪ੍ਰਭੂ ਵਿਚ ਮਿਲ ਕੇ) ਇਕ ਰੂਪ ਹੋ ਜਾਂਦੇ ਹਨ।ਝੂਠੇ ਮਨੁੱਖ (ਸੰਸਾਰ ਵਿਚ) ਆਉਂਦੇ ਹਨ, (ਉਹ ਸੱਚਾ) ਟਿਕਾਣਾ ਨਹੀਂ ਪ੍ਰਾਪਤ ਕਰ ਸਕਦੇ, ਦੂਜੇ ਪਾਸੇ ਲੱਗੇ ਹੋਣ ਕਰਕੇ (ਉਨ੍ਹਾਂ ਨੂੰ) ਆਵਾਗਵਨ ਦਾ ਗੇੜ ਬਣਿਆ ਰਹਿੰਦਾ ਹੈ।ਆਵਾਗਉਣ ਦਾ ਚੱਕਰ ਗੁਰੂ ਦੇ ਸ਼ਬਦ ਦੁਆਰਾ ਮਿਟਦਾ ਹੈ, (ਜਦੋਂ ਪ੍ਰਭੂ ਗੁਰੂ ਨਾਲ ਜੁੜੇ ਮਨੁੱਖ ਨੂੰ) ਆਪ ਪਰਖਦਾ ਹੈ ਤੇ (ਫਿਰ ਪਰਖ ਤੇ ਪੂਰਾ ਉਤਰਨ ਨਾਲ ਮੇਹਰ ਕਰਕੇ ਉਸ ਨੂੰ) ਬਖਸ਼ ਲੈਂਦਾ ਹੈ।

ਅੰਗ ੯੪੧ = ਏਕਾ ਬੇਦਨ ਦੂਜੈ ਬਿਆਪੀ, ਨਾਮੁ ਰਸਾਇਣੁ ਵੀਸਰਿਆ ॥ ਸੋ ਬੂਝੈ ਜਿਸੁ ਆਪਿ ਬੁਝਾਏ, ਗੁਰ ਕੈ ਸਬਦਿ ਸੁ ਮੁਕਤੁ ਭਇਆ ॥ ਨਾਨਕ ਤਾਰੇ ਤਾਰਣਹਾਰਾ, ਹਉਮੈ ਦੂਜਾ ਪਰਹਰਿਆ ॥੨੫॥ ਦ੍ਵੈਤ ਭਾਵ ਦੇ ਕਾਰਣ (ਮਨਮੁਖ ਨੂੰ ਆਵਾਗਉਣ ਦੀ) ਏਕ ਪੀੜਾ ਵਿਆਪਦੀ ਹੈ, (ਕਿਉਂਕਿ ਉਸ ਨੂੰ) ਰਸਾਂ ਦਾ ਘਰ ਪ੍ਰਭੂ ਦਾ ਨਾਮ ਭੁੱਲ ਗਿਆ ਹੈ।(ਇਸ ਭੇਦ ਨੂੰ) ਉਹ ਮਨੁੱਖ ਸਮਝਦਾ ਹੈ, ਜਿਸ ਨੂੰ ਪ੍ਰਭੂ ਆਪ ਸਮਝਾਉਂਦਾ ਹੈ, (ਫਿਰ ਉਹ) ਗੁਰੂ ਦੇ ਸ਼ਬਦ ਦੁਆਰਾ ਮੁਕਤ ਹੋ ਜਾਂਦਾ ਹੈ।ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਤਾਰਨ ਵਾਲਾ ਪ੍ਰਭੂ (ਉਸ ਮਨੁੱਖ ਨੂੰ ਭਵਜਲ ਤੋਂ) ਤਾਰ ਲੈਂਦਾ ਹੈ, (ਜਿਸ ਨੇ) ਹਉਮੈ ਤੇ ਦ੍ਵੈਤ ਭਾਵ ਨੂੰ ਦੂਰ ਕਰ ਲਿਆ ਹੈ।੨੫।(ਇਸ ੨੫ ਵੀਂ ਪਉੜੀ ਤੋਂ ਅੱਗੇ ੪੨ ਵੀਂ ਪਉੜੀ ਤਕ ਪ੍ਰਸ਼ਨ ਉਤਰ ਨਹੀਂ ਹਨ।ਇਨ੍ਹਾਂ ਪਉੜੀਆਂ ਵਿਚ ਗੁਰੂ ਜੀ ਜੋਗੀਆਂ ਨੂੰ ਅਪਣੇ ਮੱਤ ਦੀ ਹੀ ਵਿਚਾਰ ਦਸਦੇ ਹਨ)।

ਪਦਾਰਥ = ਅਵਿਗਤੋ–ਅਵਿਅਕਤ (ਅਦ੍ਰਿਸਟ) ਤੋਂ।ਨਿਰਮਾਇਲੁ–ਨਿਰਮਲ।ਉਪਜੈ–ਪ੍ਰਗਟ ਹੋਇਆ।ਨਿਰਗੁਣ–ਮਾਇਆ ਦੇ ਤਿੰਨ ਗੁਣਾਂ ਤੋਂ ਰਹਿਤ।ਸਰਗੁਣੁ–ਪ੍ਰਭੂ ਦਾ ਉਹ ਸਰੂਪ, ਜੋ ਦਿਸਦਾ ਹੈ।ਥੀਆ–ਹੋਇਆ।ਪਰਚੈ–ਤਸੱਲੀ ਹੋਣ ਨਾਲ।ਪਰਮ ਪਦੁ–ਉਚੀ ਆਤਮਕ ਪਦਵੀ।ਸਾਚੇ–ਸੱਚੇ ਪ੍ਰਭੂ ਵਿਚ।ਸਬਦਿ–ਸ਼ਬਦ ਦੁਆਰਾ।ਸਮਾਇ ਲੀਆ–ਲੀਨ ਕਰ ਲੈਂਦਾ ਹੈ।ਏਕੇ ਕਉ–ਇਕ ਪ੍ਰਭੂ ਨੂੰ।ਸਚੁ–ਨਿਸ਼ਚੇ ਕਰਕੇ।ਦੂਜਾ–ਦ੍ਵੈਤ ਭਾਵ।ਸੋ–ਉਹ।ਅੰਤਰਿ–ਹਿਰਦੇ ਅੰਦਰ।ਪ੍ਰਗਾਸੁ ਥੀਆ–ਖਿੜ ਗਿਆ ਹੁੰਦਾ ਹੈ।ਜੀਵਤੁ ਮਰੈ–ਜੀਵਤ ਭਾਵ ਤੋਂ ਮਰਦਾ ਹੈ।ਸੁਝੈ–ਸਮਝ ਜਾਂਦਾ ਹੈ।ਸਰਬ ਦਇਆ–ਸਾਰੇ ਜੀਵਾਂ ਉਤੇ ਦਇਆ ਕਰਨ ਵਾਲਾ।ਤਾ ਕਉ–ਉਸ ਨੂੰ।ਆਪੁ–ਆਪਣੇ ਆਪ ਨੂੰ।ਸਰਬ ਜੀਆ–ਸਾਰੇ ਜੀਵਾਂ ਵਿਚ।੨੪।ਸਾਚੌ–ਸੱਚੇ ਪ੍ਰਭੂ ਤੋਂ।ਉਪਜੈ–ਪੈਦਾ ਹੁੰਦਾ ਹੈ।ਸਾਚਿ–ਸੱਚੇ ਪ੍ਰਭੂ ਵਿਚ।ਸਮਾਵੈ–ਲੀਨ ਰਹਿੰਦਾ ਹੈ।ਸਾਚੇ–ਸੱਚੇ ਨਾਮ ਦੁਆਰਾ।ਸੂਚੇ–ਸੁੱਚੇ।ਏਕ ਮਇਆ–ਇਕ ਰੂਪ; ਇਕ ਮਿਕ।ਠਵਰ–ਟਿਕਾਣਾ। ਦੂਜੈ–ਦ੍ਵੈਤ ਭਾਵ।ਆਵਾਗਉਣ–ਜਨਮ ਮਰਨ ਦਾ ਚੱਕਰ।ਭਇਆ–ਹੋਇਆ (ਬਣਿਆ) ਹੈ।ਏਕਾ ਬੇਦਨ–ਇਕ ਪੀੜਾ।ਬਿਆਪੀ–ਵਿਆਪਦੀ ਹੈ।ਰਸਾਇਣੁ–ਰਸਾਂ ਦਾ ਘਰ।ਵੀਸਰਿਆ–ਭੁੱਲ ਗਿਆ।ਸੁ–ਉਹ।ਪਰਹਰਿਆ–ਦੂਰ ਕੀਤਾ।੨੫।

ਵਿਆਖਿਆ = ਪ੍ਰਭੂ ਦਾ ਅਦ੍ਰਿਸ਼ਟ ਤੇ ਨਿਰਾਕਾਰ ਸਰੂਪ ਨਿਰਗੁਣ ਕਹੀਦਾ ਹੈ।ਜਦੋਂ ਉਹ ਅਪਣਾ ਅਕਾਰ ਤੇ ਦਿਸਣ ਵਾਲਾ ਸਰੂਪ ਧਾਰਨ ਕਰਦਾ ਹੈ, ਤਾਂ ਉਸ ਨੂੰ ਸਰਗੁਣ ਕਿਹਾ ਜਾਂਦਾ ਹੈ।ਗੁਰੂ ਜੀ ਨੇ ਮਾਰੂ ਸੋਲਹੇ ਅੰਗ ੧੦੩੫ ਤੇ ਇਸ ਨਿਰਗੁਣ ਤੇ ਸਰਗੁਣ ਸਰੂਪ ਨੂੰ ਵਿਸਥਾਰ ਸਹਿਤ ਵਰਨਣ ਕੀਤਾ ਹੈ {ਅਰਬਦ ਨਰਬਦ ਧੁੰਧੂਕਾਰਾ।ਧਰਣਿ ਨ ਗਗਨਾ ਹੁਕਮੁ ਅਪਾਰਾ।ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ}।ਸਾਰੀ ਸ੍ਰਿਸਟੀ ਨੂੰ ਪੈਦਾ ਕਰਨ ਵਾਲਾ ਨਿਰੰਕਾਰ ਹੀ ਹੈ, ਹੋਰ ਕੋਈ ਨਹੀਂ।

ਮਨਮੁਖਿ ਭੂਲੈ, ਜਮ ਕੀ ਕਾਣਿ ॥ ਪਰ ਘਰੁ ਜੋਹੈ, ਹਾਣੇ ਹਾਣਿ ॥ ਮਨਮੁਖਿ ਭਰਮਿ ਭਵੈ ਬੇਬਾਣਿ ॥ ਵੇਮਾਰਗਿ ਮੂਸੈ ਮੰਤ੍ਰਿ ਮਸਾਣਿ ॥ ਸਬਦੁ ਨ ਚੀਨੈ, ਲਵੈ ਕੁਬਾਣਿ ॥ ਨਾਨਕ ਸਾਚਿ ਰਤੇ ਸੁਖੁ ਜਾਣਿ ॥੨੬॥ ਗੁਰਮੁਖਿ ਸਾਚੇ ਕਾ ਭਉ ਪਾਵੈ ॥ ਗੁਰਮੁਖਿ ਬਾਣੀ ਅਘੜੁ ਘੜਾਵੈ ॥ ਗੁਰਮੁਖਿ ਨਿਰਮਲ ਹਰਿ ਗੁਣ ਗਾਵੈ ॥ ਗੁਰਮੁਖਿ ਪਵਿਤ੍ਰੁ ਪਰਮ ਪਦੁ ਪਾਵੈ ॥ ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ ਨਾਨਕ ਗੁਰਮੁਖਿ ਸਾਚਿ ਸਮਾਵੈ ॥੨੭॥ ਗੁਰਮੁਖਿ ਪਰਚੈ ਬੇਦ ਬੀਚਾਰੀ ॥ ਗੁਰਮੁਖਿ ਪਰਚੈ ਤਰੀਐ ਤਾਰੀ ॥ ਗੁਰਮੁਖਿ ਪਰਚੈ, ਸੁ ਸਬਦਿ ਗਿਆਨੀ ॥ ਗੁਰਮੁਖਿ ਪਰਚੈ, ਅੰਤਰਿ ਬਿਧਿ ਜਾਨੀ ॥ ਗੁਰਮੁਖਿ ਪਾਈਐ ਅਲਖ ਅਪਾਰੁ ॥ ਨਾਨਕ ਗੁਰਮੁਖਿ ਮੁਕਤਿ ਦੁਆਰੁ ॥੨੮॥ ਮਨਮੁਖ ਪ੍ਰਭੂ ਨੂੰ ਭੁੱਲ ਜਾਂਦਾ ਹੈ, (ਜਿਸ ਕਰਕੇ ਉਹ) ਜਮਾਂ ਦੀ ਮੁਥਾਜੀ ਵਿਚ ਪਿਆ ਰਹਿੰਦਾ ਹੈ।(ਉਹ) ਪਰਾਏ ਘਰ ਨੂੰ ਤੱਕਦਾ ਹੈ, (ਜਿਸ ਵਿਚ ਉਸ ਨੂੰ) ਘਾਟਾ ਹੀ ਘਾਟਾ ਹੈ।ਮਨਮੁਖ ਭਰਮ ਵਿਚ ਪਿਆ ਸੰਸਾਰ ਰੂਪ ਜੰਗਲ ਵਿਚ ਭਟਕਦਾ ਫਿਰਦਾ ਹੈ।(ਕਿਉਂਕਿ ਉਹ) ਮਸਾਣਾਂ ਵਿਚ ਮੰਤ੍ਰ ਪੜ੍ਹਨ ਵਾਲਾ ਕੁਰਾਹੇ ਪੈ ਕੇ ਲੁਟਿਆ ਜਾਂਦਾ ਹੈ।ਉਹ ਗੁਰੂ ਦੇ ਸ਼ਬਦ ਨੂੰ ਤਾਂ ਸਮਝਦਾ ਨਹੀਂ (ਪਰ ਮੰਤ੍ਰਾਂ ਜੰਤ੍ਰਾਂ ਵਾਲੀ) ਖੋਟੀ ਬਾਣੀ ਉਚਾਰਦਾ ਹੈ; ਸਿਵੇ ਜਗਾਉਣ ਵਾਲੀ ਖੋਟੀ ਬਾਣੀ ਜਾਂ ਕਲਾਮਾਂ ਪੜ੍ਹਦਾ ਰਹਿੰਦਾ ਹੈ।ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਜੋ ਮਨੁੱਖ) ਸੱਚੇ ਨਾਮ ਵਿਚ ਰੰਗੇ ਹੋਏ ਹਨ, (ਉਹ) ਆਤਮਕ ਸੁਖ ਨੂੰ ਜਾਣਦੇ ਹਨ। ੨੬।ਗੁਰਮੁਖ ਸੱਚੇ ਪ੍ਰਭੂ ਦਾ ਭੈ ਮਨ ਵਿਚ ਪਾਈ ਰੱਖਦਾ ਹੈ।ਗੁਰਮੁਖ ਬਾਣੀ ਦੁਆਰਾ ਅਸਾਧ ਮਨ ਨੂੰ ਸਾਧਦਾ ਹੈ।ਗੁਰਮੁਖ ਨਿਰਮਲ ਹੈ, (ਕਿਉਂਕਿ ਉਹ) ਪ੍ਰਭੂ ਦੇ ਗੁਣ ਗਾਉਂਦਾ ਹੈ।ਗੁਰਮੁਖ ਪਵਿਤ੍ਰ ਹੈ, (ਜਿਸ ਕਰਕੇ ਉਹ) ਪਰਮਪਦ ਪਾ ਲੈਂ ਦਾ ਹੈ।ਗੁਰਮੁਖਿ ਰੋਮ ਰੋਮ ਹਰੀ ਨੂੰ ਧਿਆਉਂਦਾ ਹੈ।ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਗੁਰਮੁਖ ਸੱਚੇ ਹਰੀ ਵਿਚ ਲੀਨ ਰਹਿੰਦਾ ਹੈ।੨੭।ਗੁਰੂ ਦੁਆਰਾ ਮਨ ਦੀ ਨਿਸ਼ਾ ਹੋ ਜਾਣ ਨਾਲ ਉਹ ਗਿਆਨ ਹਾਸਲ ਹੋ ਜਾਂਦਾ ਹੈ, ਜੋ ਬੇਦਾਂ ਦੀ ਵਿਚਾਰ ਕਰਨ ਵਾਲੇ ਨੂੰ ਹੁੰਦਾ ਹੈ; ਗੁਰਮੁਖ ਨੂੰ ਬੇਦਾਂ ਦੀ ਵਿਚਾਰ ਦਾ ਗਿਆਨ ਅਪਣੇ ਆਪ ਹੋ ਜਾਂਦਾ ਹੈ।ਗੁਰੂ ਦੁਆਰਾ ਮਨ ਦੀ ਨਿਸ਼ਾ ਹੋ ਜਾਣ ਨਾਲ ਸੰਸਾਰ ਸਮੁੰਦਰ ਤੋਂ ਤਰ ਜਾਈਦਾ

ਹੈ।ਗੁਰੂ ਦੁਆਰਾ ਮਨ ਦੀ ਨਿਸ਼ਾ ਹੋ ਜਾਣ ਨਾਲ ਅਤੇ ਸ੍ਰੇਸਟ ਸ਼ਬਦ ਦੁਆਰਾ ਮਨੁੱਖ ਗਿਆਨਵਾਨ ਬਣ ਜਾਂਦਾ ਹੈ।ਗੁਰੂ ਦੁਆਰਾ ਮਨ ਦੀ ਨਿਸ਼ਾ ਹੋ ਜਾਣ ਨਾਲ ਮਨੁੱਖ ਅਪਣੀ ਅੰਦਰਲੀ ਹਾਲਤ ਜਾਣ ਲੈਂਦਾ ਹੈ।ਗੁਰੂ ਦੁਆਰਾ ਹੀ ਅਲੱਖ ਅਪਾਰ ਪ੍ਰਭੂ ਪ੍ਰਾਪਤ ਕਰ ਲਈਦਾ ਹੈ।ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਗੁਰੂ ਦੁਆਰਾ ਮੁਕਤੀ ਦਾ ਦੁਆਰਾ ਖੁਲ੍ਹਦਾ ਹੈ।੨੮।

ਪਦਾਰਥ = ਮਨਮੁਖਿ–ਮਨ ਮਤੀਆ, ਜੋ ਗੁਰੂ ਦੀ ਸਿੱਖਿਆ ਅਨੁਸਾਰ ਨਹੀਂ ਚਲਦਾ।ਕਾਣਿ–ਮੁਹਤਾਜੀ; ਅਧੀਨਗੀ; ਵਸ ਵਿਚ।ਪਰ ਘਰੁ–ਪਰਾਈ ਇਸਤ੍ਰੀ ਨੂੰ; ਪਰਾਏ ਧਨ ਨੂੰ; ਦੇਵੀ ਦੇਵਤਿਆਂ ਦੇ ਘਰ ਨੂੰ।ਜੋਹੈ–ਤੱਕਦਾ ਹੈ।ਹਾਣੇ ਹਾਣਿ–ਘਾਟਾ ਹੀ ਘਾਟਾ।ਭਰਮਿ–ਭਰਮ ਵਿਚ।ਭਵੈ–ਭਟਕਦਾ ਹੈ।ਬੇਬਾਣਿ–ਬੀਆਬਾਨ ਜੰਗਲ ਵਿਚ।ਵੇਮਾਰਗਿ–ਕੁਰਾਹੇ ਪੈ ਕੇ।ਮੂਸੈ–ਲੁੱਟਿਆ ਜਾਂਦਾ ਹੈ।ਮਸਾਣਿ–ਮੜ੍ਹੀਆਂ ਵਿਚ।ਨ ਚੀਨੈ–ਨਹੀਂ ਪਛਾਣਦਾ।ਲਵੈ–ਪੜ੍ਹਦਾ ਹੈ।ਕੁਬਾਣਿ–ਨਿੰਦਿਤ ਬਾਣੀ (ਮੰਤ੍ਰ ਜੰਤ੍ਰ)।ਸਾਚਿ ਰਤੇ–ਸੱਚੇ ਨਾਮ ਵਿਚ ਰੰਗੇ ਹੋਏ।੨੬।ਗੁਰਮੁਖਿ–ਗੁਰੂ ਦੀ ਸਿਖਿਆ ਅਨੁਸਾਰ ਚੱਲਣ ਵਾਲਾ ਮਨੁੱਖ।ਭਉ ਪਾਵੈ–ਡਰ ਰੱਖਦਾ ਹੈ।ਅਘੜ–ਨਾ ਘੜਿਆ ਜਾਣ ਵਾਲਾ ਮਨ; ਅਸ਼ੁੱਧ ਮਨ।ਘੜਾਵੈ–ਘੜ (ਸੁਆਰ) ਲੈਂਦਾ ਹੈ।ਨਿਰਮਲ–ਪਵਿਤ੍ਰ।ਪਰਮਪਦੁ–ਸਭ ਤੋਂ ਉਚੀ ਆਤਮਕ ਪਦਵੀ। ਸਾਚਿ–ਸੱਚੇ ਨਾਮ ਵਿਚ।ਸਮਾਵੈ–ਲੀਨ ਰਹਿੰਦਾ ਹੈ।੨੭।ਗੁਰਮੁਖਿ–ਗੁਰੂ ਦੁਆਰਾ।ਪਰਚੈ–ਨਿਸ਼ਾ (ਤਸੱਲੀ) ਹੋ ਜਾਣ ਨਾਲ; ਗਿਆਨ ;ਮੇਲ; ਪਛਾਣ।ਬੇਦ ਬੀਚਾਰੀ–ਵੇਦਾਂ ਦੀ ਵਿਚਾਰ ਕਰਨ ਵਾਲਾ।ਤਾਰੀ–ਸੰਸਾਰ ਰੂਪ ਨਦੀ।ਅੰਤਰ–ਅੰਦਰ ਦੀ।ਬਿਧਿ–ਹਾਲਤ। ਅਲਖ–(ਅਲੱਖ ਪੜ੍ਹੋ) ਅਦ੍ਰਿਸਟ; ਜੋ ਜਾਣਿਆ ਨਾ ਜਾਵੇ।ਅਪਾਰੁ–ਬੇਅੰਤ।ਮੁਕਤਿ ਦੁਆਰੁ–ਮੁਕਤੀ ਦਾ ਦਰਵਾਜਾ।੨੮।

ਗੁਰਮੁਖਿ ਅਕਥੁ ਕਥੈ ਬੀਚਾਰਿ ॥ ਗੁਰਮੁਖਿ ਨਿਬਹੈ ਸਪਰਵਾਰਿ ॥ ਗੁਰਮੁਖਿ ਜਪੀਐ ਅੰਤਰਿ ਪਿਆਰਿ ॥ ਗੁਰਮੁਖਿ ਪਾਈਐ ਸਬਦਿ ਅਚਾਰਿ ॥ ਸਬਦਿ ਭੇਦਿ ਜਾਣੈ ਜਾਣਾਈ ॥ ਨਾਨਕ ਹਉਮੈ ਜਾਲਿ ਸਮਾਈ ॥੨੯॥ ਗੁਰਮੁਖਿ ਧਰਤੀ ਸਾਚੈ ਸਾਜੀ ॥ ਤਿਸ ਮਹਿ, ਓਪਤਿ ਖਪਤਿ ਸੁ ਬਾਜੀ ॥ ਗੁਰ ਕੈ ਸਬਦਿ, ਰਪੈ ਰੰਗੁ ਲਾਇ ॥ ਸਾਚਿ ਰਤਉ ,ਪਤਿ ਸਿਉ ਘਰਿ ਜਾਇ ॥ ਸਾਚ ਸਬਦ ਬਿਨੁ ,ਪਤਿ ਨਹੀ ਪਾਵੈ ॥ ਨਾਨਕ ਬਿਨੁ ਨਾਵੈ, ਕਿਉ ਸਾਚਿ ਸਮਾਵੈ ॥੩੦॥ ਗੁਰਮੁਖਿ ਅਸਟ ਸਿਧੀ, ਸਭਿ ਬੁਧੀ ॥ ਗੁਰਮੁਖਿ ਭਵਜਲੁ ਤਰੀਐ ਸਚ ਸੁਧੀ ॥ ਗੁਰਮੁਖਿ ਸਰ ਅਪਸਰ ਬਿਧਿ ਜਾਣੈ ॥ ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ ॥ ਗੁਰਮੁਖਿ ਤਾਰੇ ਪਾਰਿ ਉਤਾਰ ॥ ਨਾਨਕ ਗੁਰਮੁਖਿ ਸਬਦਿ ਨਿਸਤਾਰੇ ॥੩੧॥ ਗੁਰਮੁਖ (ਗੁਰੂ ਦੇ ਸ਼ਬਦ ਦੀ) ਵਿਚਾਰ ਦੁਆਰਾ ਅਕੱਥ ਪ੍ਰਭੂ ਦੇ ਗੁਣ ਕਥਨ ਕਰਦਾ ਹੈ।ਗੁਰਮੁਖ (ਅਪਣੇ) ਪ੍ਰਵਾਰ ਦੇ ਨਾਲ ਰਹਿੰਦਿਆਂ ਧਰਮ ਨੂੰ ਨਿਬਾਹੀ (ਪੂਰਾ ਕਰੀ) ਜਾਂਦਾ ਹੈ।ਗੁਰੂ ਦੁਆਰਾ ਦਿਲ ਵਿਚ ਪਿਆਰ ਧਾਰ ਕੇ ਪ੍ਰਭੂ ਦਾ ਨਾਮ ਜਪੀਦਾ ਹੈ।ਗੁਰੂ ਦੇ ਸ਼ਬਦ ਦੁਆਰਾ ਉਚੇ ਆਚਰਨ ਵਾਲਾ ਬਣ ਕੇ ਪ੍ਰਭੂ ਨੂੰ ਪਾ ਸਕੀਦਾ ਹੈ।(ਗੁਰੂ ਅਨੁਸਾਰੀ ਮਨੁੱਖ ਗੁਰੂ ਦੇ) ਸ਼ਬਦ ਦੁਆਰਾ ਅਪਣੇ ਮਨ ਨੂੰ ਵਿੰਨ੍ਹ ਕੇ (ਪ੍ਰਭੂ ਨੂੰ ਆਪ) ਜਾਣਦਾ ਹੈ ਅਤੇ (ਹੋਰਨਾਂ ਨੂੰ ਵੀ ਪ੍ਰਭੂ ਦੀ) ਜਾਣਕਾਰੀ ਕਰਾਉਂਦਾ ਹੈ।ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਗੁਰਮੁਖ (ਅਪਣੀ) ਹਉਮੈ ਸਾੜ ਕੇ (ਹਰੀ ਵਿਚ) ਸਮਾ ਜਾਂਦਾ ਹੈ ।੨੯।ਗੁਰੂ ਅਨੁਸਾਰੀ ਮਨੁੱਖ ਜਾਣਦਾ ਹੈ ਕਿ ਧਰਤੀ ਸੱਚੇ ਪ੍ਰਭੂ ਨੇ ਸਾਜੀ ਹੈ; ਸੱਚੇ ਹਰੀ ਨੇ ਗੁਰਮੁਖਾਂ ਦੇ ਸਿਮਰਨ ਕਰਨ ਲਈ ਧਰਤੀ ਬਣਾਈ ਹੈ {ਹਰਿ ਸਿਮਰਨਿ ਧਾਰੀ ਸਭ ਧਰਨਾ ੨੬੫}।ਉਸ ਧਰਤੀ ਵਿਚ (ਜੀਵਾਂ ਦੀ) ਉਤਪਤੀ ਤੇ ਵਿਨਾਸ਼ ਉਸ ਪ੍ਰਭੂ ਦੀ ਖੇਡ ਹੈ।(ਗੁਰਮੁਖ) ਗੁਰੂ ਦੇ ਸ਼ਬਦ ਨਾਲ ਪ੍ਰੇਮ ਲਾ ਕੇ ਰੰਗਿਆ ਜਾਂਦਾ ਹੈ।ਉਹ ਸੱਚ ਵਿਚ ਰੰਗਿਆ ਹੋਇਆ ਇੱਜਤ ਨਾਲ ਰੱਬੀ ਘਰ ਵਿਚ ਜਾਂਦਾ ਹੈ।ਸੱਚੇ ਸ਼ਬਦ ਤੋਂ ਬਿਨਾ (ਕੋਈ ਵੀ ਮਨੁੱਖ) ਇੱਜਤ ਨਹੀਂ ਪ੍ਰਾਪਤ ਕਰ ਸਕਦਾ।ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਹਰੀ ਦੇ ਨਾਮ ਤੋਂ ਬਿਨਾ ਕਿਵੇਂ (ਕੋਈ ਮਨੁੱਖ) ਸੱਚੇ ਪ੍ਰਭੂ ਵਿਚ ਸਮਾ ਸਕਦਾ ਹੈ? (ਨਹੀਂ ਸਮਾ ਸਕਦਾ)।੩੦।ਗੁਰਮੁਖ ਬਣਨ ਨਾਲ ਅੱਠ ਸਿੱਧੀਆਂ ਤੇ ਸਾਰੀਆਂ ਬੁਧੀਆਂ ਪ੍ਰਾਪਤ ਹੁੰਦੀਆਂ ਹਨ।ਗੁਰਮੁਖ ਬਣਨ ਨਾਲ ਸੱਚ ਦੀ ਸੂਝ ਪ੍ਰਾਪਤ ਕਰਕੇ ਸੰਸਾਰ ਸਮੁੰਦਰ ਨੂੰ ਤਰ ਜਾਈਦਾ ਹੈ।ਗੁਰਮੁਖ ਚੰਗੇ ਮੰਦੇ ਦੀ ਹਾਲਤ ਜਾਣ ਲੈਂਦਾ ਹੈ।ਗੁਰਮੁਖ ਗ੍ਰਹਿਣ ਕਰਨ, ਤਿਆਗ ਕਰਨ ਨੂੰ ਪਛਾਣਦਾ ਹੈ (ਕਿਥੇ ਮਨ ਲਾਉਣਾ ਹੈ ਤੇ ਕਿੱਥੇ ਤਿਆਗ ਕਰਨਾ ਹੈ)।ਗੁਰਮੁਖ ਹੋਰਨਾਂ ਨੂੰ ਤਾਰ ਕੇ (ਭਵਜਲ ਤੋਂ) ਪਾਰ ਉਤਾਰਦਾ ਹੈ।ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਗੁਰਮੁਖਿ (ਅਪਣੀ ਤਾਕਤ ਨਾਲ ਨਹੀਂ, ਗੁਰੂ ਦੇ) ਸ਼ਬਦ ਦੁਆਰਾ ਦੂਜਿਆਂ ਨੂੰ ਤਾਰਦਾ ਹੈ।੩੧।

ਪਦਾਰਥ = ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ।ਅਕਥੁ–ਜਿਸ ਦਾ ਸਹੀ ਸਰੂਪ ਬਿਆਨ ਨਾ ਕੀਤਾ ਜਾ ਸਕੇ।ਕਥੈ–ਕਥਨ ਕਰਦਾ ਹੈ ।ਬੀਚਾਰਿ–ਵਿਚਾਰ ਦੁਆਰਾ।ਨਿਬਹੈ–ਪੂਰਾ ਕਰਦਾ ਹੈ; ਨਿਬਾਹੁੰਦਾ ਹੈ।ਸਪਰਵਾਰਿ–ਪ੍ਰਵਾਰ ਨਾਲ ਰਹਿੰਦਿਆਂ।ਅੰਤਰਿ–ਦਿਲ ਵਿਚ। ਪਿਆਰਿ–ਪਿਆਰ ਧਾਰ ਕੇ।ਅਚਾਰਿ–ਉਚੇ ਆਚਰਨ ਵਾਲਾ ਬਣ ਕੇ।ਸਬਦਿ–ਸ਼ਬਦ ਦੁਆਰਾ।ਭੇਦਿ–(ਮਨ ਨੂੰ) ਵਿੰਨ੍ਹ ਕੇ; ਪ੍ਰੋ ਕੇ। ਜਾਣਾਈ–ਜਾਣਕਾਰੀ ਕਰਾਉਂਦਾ ਹੈ।ਜਾਲਿ–ਸਾੜ ਕੇ।ਸਮਾਈ–ਮਿਲ ਜਾਂਦਾ ਹੈ।੨੯।ਸਾਚੈ–ਸੱਚੇ ਪ੍ਰਭੂ ਨੇ।ਸਾਜੀ–ਬਣਾਈ।ਤਿਸੁ

ਮਹਿ-ਉਸ (ਧਰਤੀ) ਵਿਚ। ਓਪਤਿ-ਪੈਦਾਇਸ਼। ਖਪਤਿ-ਵਿਨਾਸ਼। ਸੁ-ਉਸ ਦੀ। ਬਾਜੀ-ਖੇਡ। ਰਪੈ-ਰੰਗਿਆ ਜਾਂਦਾ ਹੈ। ਰੰਗੁ-ਪ੍ਰੇਮ। ਸਾਚਿ ਰਤਉ-ਸੱਚ ਵਿਚ ਰੰਗਿਆ ਹੋਇਆ। ਪਤਿ ਸਿਉ-ਇੱਜਤ ਨਾਲ। ਘਰਿ-ਰੱਬੀ ਘਰ ਵਿਚ। ਕਿਉ ਸਮਾਵੈ-ਕਿਵੇਂ ਲੀਨ ਹੋ ਸਕਦਾ ਹੈ?।੩੦। ਅਸਟ ਸਿਧੀ-ਅੱਠ ਕਰਾਮਾਤਾਂ। ਭਵਜਲੁ-ਸੰਸਾਰ ਸਮੁੰਦਰ ਨੂੰ। ਸਚ ਸੁਧੀ-ਸੱਚ ਦੀ ਸੂਝ ਬੂਝ। ਸਰ ਅਪਸਰ-ਚੰਗੇ ਮੰਦੇ (ਸੱਤ ਅਸੱਤ) ਦੀ। ਬਿਧਿ-ਹਾਲਤ। ਪਰਵਿਰਤਿ-ਗ੍ਰਿਹਸਤ ਵਿਚ ਰਹਿ ਕੇ ਜੀਵਨ ਬਤੀਤ ਕਰਨਾ। ਨਿਰਵਿਰਤਿ-ਘਰ ਬਾਰ ਦਾ ਤਿਆਗ ਕਰ ਕੇ ਜੀਵਨ ਬਤੀਤ ਕਰਨਾ।੩੧। ਤਾਰੇ-ਤਾਰਦਾ ਹੈ। ਨਿਸਤਾਰ-ਤਾਰਦਾ ਹੈ।੩੧।

ਨਾਮੇ ਰਾਤੇ ਹਉਮੈ ਜਾਇ ॥ ਨਾਮਿ ਰਤੇ, ਸਚਿ ਰਹੇ ਸਮਾਇ ॥ ਨਾਮਿ ਰਤੇ, ਜੋਗ ਜੁਗਤਿ ਬੀਚਾਰੁ ॥ ਨਾਮਿ ਰਤੇ, ਪਾਵਹਿ ਮੋਖ ਦੁਆਰੁ ॥ ਨਾਮਿ ਰਤੇ, ਤ੍ਰਿਭਵਣ ਸੋਝੀ ਹੋਇ ॥ ਨਾਨਕ ਨਾਮਿ ਰਤੇ, ਸਦਾ ਸੁਖੁ ਹੋਇ ॥੩੨॥ ਨਾਮਿ ਰਤੇ ਸਿਧ ਗੋਸਟਿ ਹੋਇ ॥ ਨਾਮਿ ਰਤੇ, ਸਦਾ ਤਪੁ ਹੋਇ ॥ ਨਾਮਿ ਰਤੇ, ਸਚੁ ਕਰਣੀ ਸਾਰੁ ॥ ਨਾਮਿ ਰਤੇ, ਗੁਣ ਗਿਆਨ ਬੀਚਾਰੁ ॥ ਬਿਨੁ ਨਾਵੈ, ਬੋਲੈ ਸਭੁ ਵੇਕਾਰੁ ॥ ਨਾਨਕ ਨਾਮਿ ਰਤੇ, ਤਿਨ ਕਉ ਜੈਕਾਰੁ ॥੩੩॥ ਪੂਰੇ ਗੁਰ ਤੇ ਨਾਮੁ ਪਾਇਆ ਜਾਇ ॥ ਜੋਗ ਜੁਗਤਿ, ਸਚਿ ਰਹੈ ਸਮਾਇ ॥ ਬਾਰਹ ਮਹਿ ਜੋਗੀ ਭਰਮਾਏ, ਸੰਨਿਆਸੀ ਛਿਅ ਚਾਰਿ ॥ (ਗੁਰਮੁਖ ਦੀ ਪੂੰਜੀ ਪ੍ਰਭੂ ਦਾ ਨਾਮ ਦੱਸੀ ਹੈ। ਜੋ ਮਨੁੱਖ) ਪ੍ਰਭੂ ਦੇ ਨਾਮ ਵਿਚ ਰੰਗੇ ਹੋਏ ਹਨ, (ਉਨ੍ਹਾਂ ਦੀ) ਹਉਮੈ ਦੂਰ ਹੋ ਜਾਂਦੀ ਹੈ। ਨਾਮ ਵਿਚ ਰੰਗੇ ਹੋਏ ਮਨੁੱਖ ਸੱਚੇ ਪ੍ਰਭੂ ਵਿਚ ਸਮਾਏ ਰਹਿੰਦੇ ਹਨ। (ਜੋ ਮਨੁੱਖ) ਨਾਮ ਵਿਚ ਰੰਗੇ ਹੋਏ ਹਨ, (ਉਨ੍ਹਾਂ ਨੂੰ) ਜੋਗ ਦੀ ਜੁਗਤੀ ਦਾ ਵਿਚਾਰ ਪ੍ਰਾਪਤ ਹੋ ਜਾਂਦਾ ਹੈ। ਨਾਮ ਵਿਚ ਰੰਗੇ ਹੋਏ ਮਨੁੱਖ ਮੁਕਤੀ ਦਾ ਦਰ ਪ੍ਰਾਪਤ ਕਰ ਲੈਂਦੇ ਹਨ। ਨਾਮ ਵਿਚ ਰੰਗੇ ਹੋਏ ਮਨੁੱਖਾਂ ਨੂੰ ਤਿੰਨਾਂ ਲੋਕਾਂ ਦੀ ਸੋਝੀ ਹੋ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਨਾਮ ਵਿਚ ਰੰਗੇ ਮਨੁੱਖ ਨੂੰ ਸਦਾ ਸੁਖ ਹੁੰਦਾ ਹੈ।੩੨। (ਆਮ ਮਨੁੱਖ ਸਿੱਧਾਂ ਨਾਲ ਗੱਲਬਾਤ ਕਰਨ ਤੋਂ ਡਰਦਾ ਸੀ, ਜੋ ਮਨੁੱਖ) ਪ੍ਰਭੂ ਦੇ ਨਾਮ ਵਿਚ ਰੰਗੇ ਹੋਏ ਹਨ, (ਉਨ੍ਹਾਂ ਵੱਲੋਂ ਹੀ) ਸਿੱਧਾਂ ਨਾਲ ਚਰਚਾ ਹੋ ਸਕਦੀ ਹੈ। (ਜੋ ਮਨੁੱਖ) ਨਾਮ ਵਿਚ ਰੰਗੇ ਹੋਏ ਹਨ, (ਨਾਮ ਜਪਣਾ ਹੀ ਉਨ੍ਹਾਂ ਦਾ) ਸਦਾ ਤਪ ਹੁੰਦਾ ਹੈ {ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ੪੨੩}। (ਜੋ ਮਨੁੱਖ) ਨਾਮ ਵਿਚ ਰੰਗੇ ਹੋਏ ਹਨ, (ਉਨ੍ਹਾਂ ਦੀ) ਕਰਣੀ ਸੱਚੀ ਤੇ ਸ੍ਰੇਸ਼ਟ ਹੁੰਦੀ ਹੈ। (ਜੋ ਮਨੁੱਖ) ਨਾਮ ਵਿਚ ਰੰਗੇ ਹਨ, (ਉਹ) ਪ੍ਰਭੂ ਦੇ ਗੁਣਾਂ ਅਤੇ ਗਿਆਨ ਦਾ ਵਿਚਾਰ ਕਰਦੇ ਹਨ। ਨਾਮ ਤੋਂ ਬਿਨਾ (ਜੋ ਕੁਛ ਮਨੁੱਖ) ਬੋਲਦਾ ਹੈ (ਹੋਰ ਮੰਤ੍ਰ ਜੰਤ੍ਰ ਕਰਦਾ ਹੈ, ਉਹ) ਸਭ ਵਿਅਰਥ ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਜੋ ਮਨੁੱਖ) ਨਾਮ ਵਿਚ ਰੰਗੇ ਹਨ, ਉਨ੍ਹਾਂ ਨੂੰ ਮੇਰੀ ਨਮਸ਼ਕਾਰ ਹੈ।੩੩। ਪ੍ਰਭੂ ਦਾ ਨਾਮ ਪੂਰੇ ਗੁਰੂ ਤੋਂ ਪਾਇਆ ਜਾਂਦਾ ਹੈ। (ਜੋ ਮਨੁੱਖ) ਪ੍ਰਭੂ ਦੇ ਸੱਚੇ ਨਾਮ ਵਿਚ ਲੀਨ ਰਹਿੰਦਾ ਹੈ, (ਨਾਮ ਵਿਚ ਲੀਨ ਰਹਿਣਾ ਹੀ ਉਸ ਦੀ) ਜੋਗ ਦੀ ਜੁਗਤੀ ਹੈ। ਜੋਗੀ ਅਪਣੇ ਬਾਰਾਂ ਫਿਰਕਿਆਂ ਵਿਚ ਅਤੇ ਸੰਨਿਆਸੀ ਅਪਣੇ ਦਸ ਫਿਰਕਿਆਂ ਵਿਚ ਭਰਮਦੇ ਫਿਰਦੇ ਹਨ।

ਅੰਗ ੯੪੨ = ਗੁਰ ਕੈ ਸਬਦਿ ਜੋ ਮਰਿ ਜੀਵੈ, ਸੋ ਪਾਏ ਮੋਖ ਦੁਆਰੁ ॥ ਬਿਨੁ ਸਬਦੈ ਸਭਿ ਦੂਜੈ ਲਾਗੇ, ਦੇਖਹੁ ਰਿਦੈ ਬੀਚਾਰਿ ॥ ਨਾਨਕ ਵਡੇ ਸੇ ਵਡਭਾਗੀ, ਜਿਨੀ ਸਚੁ ਰਖਿਆ ਉਰ ਧਾਰਿ ॥੩੪॥ (ਪਰ ਜੋ ਮਨੁੱਖ) ਗੁਰੂ ਦੇ ਸ਼ਬਦ ਦੁਆਰਾ ਆਪਾ ਭਾਵ ਤੋਂ ਮਰ ਕੇ ਜਿਉਂਦਾ ਹੈ, ਉਹ ਮੁਕਤੀ ਦਾ ਦਰ ਪ੍ਰਾਪਤ ਕਰਦਾ ਹੈ। (ਹੇ ਸਿੱਧੋ! ਅਪਣੇ) ਹਿਰਦੇ ਵਿਚ ਵਿਚਾਰ ਕੇ ਦੇਖ ਲਵੋ, ਸਾਰੇ ਲੋਕ (ਪ੍ਰਭੂ ਨੂੰ ਛਡ ਕੇ) ਦੂਜੇ ਪਾਸੇ ਲੱਗੇ ਹੋਏ ਹਨ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਉਹ ਮਨੁੱਖ ਵੱਡੇ ਹਨ ਤੇ ਵੱਡੇ ਭਾਗਾਂ ਵਾਲੇ ਹਨ, ਜਿਨ੍ਹਾਂ ਨੇ ਸੱਚੇ ਪ੍ਰਭੂ ਨੂੰ (ਅਪਣੇ) ਹਿਰਦੇ ਵਿਚ ਟਿਕਾ ਕੇ ਰੱਖਿਆ ਹੈ।੩੪।

ਪਦਾਰਥ = ਨਾਮੇ-ਨਾਮ ਵਿਚ। ਰਾਤੇ-ਰੰਗੇ ਹੋਏ। ਰਤੇ-ਰੰਗੇ ਹੋਏ। ਸਚਿ-ਸੱਚੇ ਪ੍ਰਭੂ ਵਿਚ। ਰਹੇ ਸਮਾਏ-ਲੀਨ ਰਹਿੰਦੇ ਹਨ। ਜੋਗ ਜੁਗਤਿ-ਜੋਗ ਅਭਿਆਸ ਦਾ ਤਰੀਕਾ। ਮੋਖ ਦੁਆਰੁ-ਮੁਕਤੀ ਦਾ ਦਰਵਾਜਾ (ਗਿਆਨ)। ਤ੍ਰਿਭਵਣ-ਤਿੰਨ ਲੋਕਾਂ (ਮਾਤ, ਪਤਾਲ ਤੇ ਪ੍ਰਲੋਕ) ਦੀ।੩੨। ਸਿਧ ਗੋਸਟਿ-ਸਿੱਧਾਂ ਨਾਲ ਚਰਚਾ। ਤਪੁ-ਤਪੱਸਿਆ। ਕਰਣੀ-ਧਾਰਮਕ ਕਰਮ। ਸਾਰੁ-ਸ੍ਰੇਸ਼ਟ। ਵੇਕਾਰੁ-ਵਿਅਰਥ। ਤਿਨ ਕਉ-ਉਨ੍ਹਾਂ ਨੂੰ। ਜੈਕਾਰੁ-ਨਮਸ਼ਕਾਰ।੩੩। ਬਾਰਹ ਮਹਿ-ਜੋਗੀ ਬਾਰਾਂ ਫਿਰਕਿਆਂ ਵਿਚ (ਹੇਤੁ ,ਪਾਵ, ਆਈ, ਗਮਜ, ਪਾਗਲ, ਗੋਪਾਲ, ਕੰਥੜੀ, ਬਨ, ਧ੍ਰਜ, ਚੋਲੀ, ਰਾਵਲ ਅਤੇ ਦਾਸ)। ਛਿਅ ਚਾਰਿ-(੬+੪) ਸੰਨਿਆਸੀਆਂ ਦੇ ਦਸ ਫਿਰਕੇ (ਤੀਰਥ, ਆਸ਼੍ਰਮ, ਬਨ, ਆਰੰਨਜ, ਗਿਰਿ, ਪਰਬਤ, ਸਾਗਰ, ਸਰਸ੍ਰਤ, ਭਾਰਤੀ ਤੇ ਪੁਰੀ)। ਸੋ-ਉਹ। ਦੂਜੈ-ਪ੍ਰਭੂ ਨੂੰ ਛਡ ਕੇ ਦੂਜੇ ਪਾਸੇ। ਸੇ-ਉਹ। ਜਿਨੀ-ਜਿਨ੍ਹਾਂ ਨੇ। ਉਰਧਾਰਿ-ਹਿਰਦੇ ਵਿਚ।੩੪।

ਗੁਰਮੁਖਿ ਰਤਨੁ ਲਹੈ ਲਿਵ ਲਾਇ ॥ ਗੁਰਮੁਖਿ ਪਰਖੈ ਰਤਨੁ ਸੁਭਾਇ ॥ ਗੁਰਮੁਖਿ ਸਾਚੀ ਕਾਰ ਕਮਾਇ ॥ ਗੁਰਮੁਖਿ ਸਾਚੇ ਮਨੁ ਪਤੀਆਇ ॥ ਗੁਰਮੁਖਿ ਅਲਖੁ ਲਖਾਏ ਤਿਸੁ ਭਾਵੈ ॥ ਨਾਨਕ ਗੁਰਮੁਖਿ ਚੋਟ ਨ ਖਾਵੈ ॥੩੫॥ ਗੁਰਮੁਖਿ ਨਾਮੁ ਦਾਨੁ ਇਸਨਾਨੁ ॥

ਗੁਰਮੁਖਿ ਲਾਗੈ ਸਹਜਿ ਧਿਆਨੁ ॥ ਗੁਰਮੁਖਿ ਪਾਵੈ ਦਰਗਹ ਮਾਨੁ ॥ ਗੁਰਮੁਖਿ ਭਉ ਭੰਜਨੁ ਪਰਧਾਨੁ ॥ ਗੁਰਮੁਖਿ ਕਰਣੀ ਕਾਰ ਕਰਾਏ ॥ ਨਾਨਕ ਗੁਰਮੁਖਿ ਮੇਲਿ ਮਿਲਾਏ ॥੩੬॥ ਗੁਰਮੁਖਿ ਸਾਸਤ੍ਰ ਸਿਮ੍ਰਿਤਿ ਬੇਦ ॥ ਗੁਰਮੁਖਿ ਪਾਵੈ ਘਟਿ ਘਟਿ ਭੇਦ ॥ ਗੁਰਮੁਖਿ ਵੈਰ ਵਿਰੋਧ ਗਵਾਵੈ ॥ ਗੁਰਮੁਖਿ ਸਗਲੀ ਗਣਤ ਮਿਟਾਵੈ ॥ ਗੁਰਮੁਖਿ ਰਾਮ ਨਾਮ ਰੰਗਿ ਰਾਤਾ ॥ ਨਾਨਕ ਗੁਰਮੁਖਿ ਖਸਮ ਪਛਾਤਾ ॥੩੭॥ ਗੁਰਮੁਖ ਪ੍ਰਭੂ ਨਾਲ ਲਿਵ ਲਾ ਕੇ ਨਾਮ ਰਤਨ ਨੂੰ ਲੱਭ ਲੈਂਦਾ ਹੈ। ਗੁਰਮੁਖਿ ਸੁਭਾਵਕ ਹੀ ਨਾਮ ਰਤਨ ਨੂੰ ਪਰਖ ਲੈਂਦਾ ਹੈ। ਗੁਰਮੁਖਿ (ਆਪ ਨਾਮ ਜਪਦਾ ਹੈ ਅਤੇ ਹੋਰਨਾਂ ਤੋਂ ਨਾਮ ਜਪਣ ਦੀ) ਸੱਚੀ ਕਾਰ ਕਰਾਉਂਦਾ ਹੈ। ਗੁਰਮੁਖ ਦਾ ਮਨ ਸੱਚੇ ਪ੍ਰਭੂ ਵਿਚ ਪਤੀਜਦਾ ਹੈ। (ਜਦੋਂ) ਉਸ ਪ੍ਰਭੂ ਨੂੰ ਚੰਗਾ ਲਗਦਾ ਹੈ, (ਤਾਂ ਉਹ ਅਪਣੇ) ਅਲੱਖ ਸਰੂਪ ਦੀ ਸੂਝ ਗੁਰਮੁਖ ਨੂੰ ਕਰਾ ਦੇਂਦਾ ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਗੁਰਮੁਖ ਜਮਾਂ ਦੀ ਚੋਟ ਨਹੀਂ ਖਾਂਦਾ। ੩੫। ਗੁਰਮੁਖ ਨਾਮ ਜਪਦਾ ਹੈ, (ਧਾਰਮਕ ਕਾਰਜਾਂ ਲਈ) ਦਾਨ ਕਰਦਾ ਹੈ ਅਤੇ (ਅੰਮ੍ਰਿਤ ਵੇਲੇ) ਇਸ਼ਨਾਨ ਕਰਦਾ ਹੈ। ਗੁਰਮੁਖ ਦਾ ਸਹਿਜ ਅਵਸਥਾ ਵਿਚ ਧਿਆਨ ਲਗਦਾ ਹੈ। ਗੁਰਮੁਖ ਦਰਗਾਹ ਵਿਚ ਸਨਮਾਨ ਪਾਉਂਦਾ ਹੈ। ਗੁਰਮੁਖ ਭੈ ਨਾਸ਼ ਕਰਨ ਵਾਲੇ ਪ੍ਰਧਾਨ ਪ੍ਰਭੂ ਨੂੰ ਪ੍ਰਾਪਤ ਕਰ ਲੈਂਦਾ ਹੈ। ਗੁਰਮੁਖ (ਹੋਰਨਾਂ ਪਾਸੋਂ ਨਾਮ ਜਪਣ ਦਾ) ਕਰਨ ਯੋਗ ਕਰਮ ਕਰਾਉਂਦਾ ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਗੁਰਮੁਖ (ਹੋਰਨਾਂ ਨੂੰ ਵੀ) ਪ੍ਰਭੂ ਦੇ ਮੇਲ ਵਿਚ ਮਿਲਾ ਦੇਂਦਾ ਹੈ। ੩੬। ਗੁਰਮੁਖ ਨੂੰ ਛੇ ਸਾਸ਼ਤ੍ਰਾਂ, ਸਤਾਈ ਸਿਮ੍ਰਤੀਆਂ ਤੇ ਬੇਦਾਂ ਦਾ ਗਿਆਨ ਸੁਤੇ ਸਿੱਧ ਹੀ ਹੋ ਜਾਂਦਾ ਹੈ। ਗੁਰਮੁਖ ਜੀਵਾਂ ਦੇ ਭੇਦ ਅਪਣੇ ਦਿਲ ਵਿਚ ਜਾਣਦਾ ਹੈ; ਗੁਰਮੁਖ ਹਰੇਕ ਜੀਵ ਦੇ ਹਿਰਦੇ ਅੰਦਰ ਵਿਆਪਕ ਪ੍ਰਭੂ ਦਾ ਭੇਦ ਪਾ ਲੈਂਦਾ ਹੈ। ਗੁਰ ਮੁਖ ਹੋਰਨਾਂ ਨਾਲ ਅਪਣਾ ਵੈਰ ਵਿਰੋਧ ਦੂਰ ਕਰ ਦੇਂਦਾ ਹੈ। ਗੁਰਮੁਖ (ਵੈਰ ਵਿਰੋਧ ਦੇ) ਸਾਰੇ ਲੇਖੇ ਮਿਟਾ ਦੇਂਦਾ ਹੈ (ਉਸ ਨੂੰ ਚੇਤਾ ਹੀ ਨਹੀਂ ਰਹਿੰਦਾ ਕਿ ਉਸ ਨਾਲ ਕਿਸੇ ਨੇ ਕੋਈ ਵਧੀਕੀ ਕੀਤੀ ਸੀ); ਗੁਰਮੁਖ ਸਾਰੀ ਚਿੰਤਾ ਮਿਟਾ ਦੇਂਦਾ ਹੈ। ਗੁਰਮੁਖਿ ਰਾਮ ਦੇ ਪ੍ਰੇਮ ਰੰਗ ਵਿਚ ਰੰਗਿਆ ਰਹਿੰਦਾ ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਗੁਰਮੁਖ ਨੇ ਪ੍ਰਭੂ ਨੂੰ ਪਛਾਣ ਲਿਆ ਹੈ। ੩੭।

ਪਦਾਰਥ = ਗੁਰਮੁਖਿ–ਗੁਰੂ ਦੀ ਸਿੱਖਿਆ ਅਨੁਸਾਰ ਚੱਲਣ ਵਾਲਾ ਮਨੁੱਖ। ਰਤਨੁ–ਅਮੋਲਕ ਨਾਮ। ਲਹੈ–ਲੱਭ ਲੈਂਦਾ ਹੈ। ਪਰਖੈ–ਪਰਖਦਾ ਹੈ; ਪਛਾਣਦਾ ਹੈ। ਸੁਭਾਇ–ਸੁਭਾਵਕ ਹੀ। ਪਤੀਆਇ–ਪਤੀਜਦਾ ਹੈ। ਅਲਖੁ (ਅਲੱਖ ਪੜ੍ਹੋ)–ਅਦ੍ਰਿਸ਼ਟ; ਜੋ ਜਾਣਿਆ ਨਾ ਜਾਵੇ। ਲਖਾਏ–ਜਣਾ (ਸੂਝ ਕਰਾ) ਦੇਂਦਾ ਹੈ। ਤਿਸੁ–ਉਸ (ਪ੍ਰਭੂ) ਨੂੰ। ਭਾਵੈ–ਭਾਉਂਦਾ ਹੈ। ੩੫। ਸਹਜ–ਸਹਿਜ ਅਵਸਥਾ ਵਿਚ। ਮਾਨੁ –ਆਦਰ। ਭਉ ਭੰਜਨੁ–ਭੈ ਨਾਸ਼ ਕਰਨ ਵਾਲਾ। ਪਰਧਾਨੁ–(ਸਾਰੀ ਦੁਨੀਆਂ ਦਾ) ਮੁਖੀ ਪ੍ਰਭੂ। ਕਰਣੀ ਕਾਰ–ਕਰਨ ਯੋਗ ਕਰਮ। ਮੇਲਿ ਮਿਲਾਏ–ਮੇਲ ਵਿਚ ਮਿਲਾ ਦੇਂਦਾ ਹੈ। ੩੬। ਘਟਿ ਘਟਿ–ਹਰੇਕ ਜੀਵ ਦੇ ਹਿਰਦੇ ਅੰਦਰ ਵਿਆਪਕ ਪ੍ਰਭੂ। ਗਵਾਵੈ–ਦੂਰ ਕਰਦਾ ਹੈ। ਸਗਲੀ–ਸਾਰੀ। ਗਣਤ–ਲੇਖਾ; ਚਿੰਤਾ। ਰੰਗਿ–ਪ੍ਰੇਮ ਵਿਚ। ਰਾਤਾ–ਰੰਗਿਆ ਹੈ। ਖਸਮ–ਮਾਲਕ ਪ੍ਰਭੂ। ੩੭।

ਬਿਨੁ ਗੁਰ ਭਰਮੈ, ਆਵੈ ਜਾਇ ॥ ਬਿਨੁ ਗੁਰ ਘਾਲ ਨ ਪਵਈ ਥਾਇ ॥ ਬਿਨੁ ਗੁਰ ਮਨੂਆ ਅਤਿ ਡੋਲਾਇ ॥ ਬਿਨੁ ਗੁਰ, ਤ੍ਰਿਪਤਿ ਨਹੀ ਬਿਖੁ ਖਾਇ ॥ ਬਿਨੁ ਗੁਰ, ਬਿਸੀਅਰੁ ਡਸੈ ਮਰਿ ਵਾਟ ॥ ਨਾਨਕ ਗੁਰ ਬਿਨੁ ,ਘਾਟੇ ਘਾਟ ॥੩੮॥ ਜਿਸੁ ਗੁਰੁ ਮਿਲੈ, ਤਿਸੁ ਪਾਰਿ ਉਤਾਰੈ ॥ ਅਵਗਣ ਮੇਟੈ ਗੁਣਿ ਨਿਸਤਾਰੈ ॥ ਮੁਕਤਿ ਮਹਾ ਸੁਖ, ਗੁਰ ਸਬਦੁ ਬੀਚਾਰਿ ॥ ਗੁਰਮੁਖਿ ਕਦੇ ਨ ਆਵੈ ਹਾਰਿ ॥ ਤਨੁ ਹਟੜੀ, ਇਹੁ ਮਨੁ ਵਣਜਾਰਾ ॥ ਨਾਨਕ ਸਹਜੇ ਸਚੁ ਵਾਪਾਰਾ ॥੩੯॥ ਗੁਰਮੁਖਿ ਬਾਂਧਿਓ ਸੇਤੁ ਬਿਧਾਤੈ ॥ ਲੰਕਾ ਲੂਟੀ, ਦੈਤ ਸੰਤਾਪੈ ॥ ਰਾਮਚੰਦਿ ਮਾਰਿਓ, ਅਹਿ ਰਾਵਣੁ ॥ ਭੇਦੁ ਬਭੀਖਣ ਗੁਰਮੁਖਿ ਪਰਚਾਇਣੁ ॥ ਗੁਰਮੁਖਿ ਸਾਇਰਿ ਪਾਹਣ ਤਾਰੇ ॥ ਗੁਰਮੁਖਿ ਕੋਟਿ ਤੇਤੀਸ ਉਧਾਰੇ ॥੪੦॥ (ਮਨਮੁਖ) ਗੁਰੂ ਦੀ ਸ਼ਰਨ ਤੋਂ ਬਿਨਾ ਭਟਕਦਾ ਹੈ ਅਤੇ ਜੰਮਦਾ ਮਰਦਾ ਰਹਿੰਦਾ ਹੈ। ਗੁਰੂ ਤੋਂ ਬਿਨਾ (ਮਨਮੁਖ ਦੀ) ਕੀਤੀ ਕਮਾਈ ਥਾਂ ਨਹੀਂ ਪੈਂਦੀ (ਕਿਉਂਕਿ ਉਹ ਕਮਾਈ ਗੁਮਰਾਹ ਹੋ ਕੇ ਕੀਤੀ ਹੁੰਦੀ ਹੈ)। ਗੁਰੂ ਤੋਂ ਬਿਨਾ (ਉਸ ਦਾ) ਚੰਚਲ ਮਨ ਬਹੁਤ ਡੋਲਦਾ ਹੈ। ਗੁਰੂ ਤੋਂ ਬਿਨਾ ਉਹ ਬਿਖ (ਮਾਇਕ ਪਦਾਰਥ) ਖਾ ਖਾ ਕੇ ਰੱਜਦਾ ਨਹੀਂ। ਗੁਰੂ ਤੋਂ ਬਿਨਾ (ਉਸ ਨੂੰ ਮੋਹ ਮਾਇਆ ਦਾ) ਸੱਪ ਡੰਗ ਮਾਰਦਾ ਹੈ, (ਜਿਸ ਨਾਲ ਉਹ ਜੀਵਨ ਦੇ ਅੱਧੇ) ਰਸਤੇ ਵਿਚ ਹੀ ਮਰ ਜਾਂਦਾ ਹੈ ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਤੋਂ ਬਿਨਾ (ਮਨਮੁਖ ਦੇ ਜੀਵਨ ਵਿਚ) ਘਾਟਾ ਹੀ ਘਾਟਾ ਹੈ। ੩੮। ਜਿਸ (ਭਾਗਾਂ ਵਾਲੇ ਗੁਰਮੁਖ) ਨੂੰ ਗੁਰੂ ਮਿਲ ਜਾਂਦਾ ਹੈ, ਉਸ ਨੂੰ (ਗੁਰੂ ਸੰਸਾਰ ਸਮੁੰਦਰ ਤੋਂ) ਪਾਰ ਉਤਾਰ ਦੇਂਦਾ ਹੈ। (ਗੁਰੂ ਉਸ ਦੇ) ਔਗਣ ਮੇਟ ਦੇਂਦਾ ਹੈ ਅਤੇ ਸ਼ੁੱਭ ਗੁਣਾਂ ਦੁਆਰਾ (ਭਵਜਲ ਤੋਂ) ਤਾਰ ਦੇਂਦਾ ਹੈ। ਗੁਰੂ ਦੇ ਸ਼ਬਦ ਨੂੰ ਬਿਚਾਰ ਕੇ (ਗੁਰਮੁਖ ਨੂੰ) ਮੁਕਤੀ ਦਾ ਮਹਾਂ ਸੁਖ ਮਿਲਦਾ ਹੈ। ਗੁਰਮੁਖ (ਜੀਵਨ ਬਾਜੀ ਵਿਚ) ਕਦੇ ਵੀ ਹਾਰ ਕੇ ਨਹੀਂ ਆਉਂਦਾ। (ਗੁਰਮੁਖ ਅਪਣੇ) ਸਰੀਰ ਨੂੰ ਹੱਟੀ ਅਤੇ ਮਨ ਨੂੰ ਵਣਜਾਰਾ ਬਣਾਉਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਸਹਿਜ ਅਵਸਥਾ ਵਿਚ (ਪੁਜ ਕੇ ਗੁਰਮੁਖ ਨਾਮ ਦਾ) ਸੱਚਾ ਵਪਾਰ ਕਰਦਾ ਹੈ। ੩੯। (ਸ੍ਰੀ ਰਾਮ

ਚੰਦਰ ਜੀ ਨੇ ਸੀਤਾ ਨੂੰ ਰਾਵਣ ਦੀ ਕੈਦ ਵਿਚੋਂ ਛੁਡਾਉਣ ਲਈ ਸਮੁੰਦਰ ਤੇ ਪੁਲ ਬੰਨਿਆ ਸੀ, ਗੁਰੂ ਜੀ ਉਹ ਪ੍ਰਮਾਣ ਦੇ ਕੇ ਗੁਰਮੁਖ ਦੀ ਵਡਿਆਈ ਦਸ ਰਹੇ ਹਨ) ਰਚਨਹਾਰ ਕਰਤਾਰ ਨੇ ਗੁਰਮੁਖਾਂ ਦੇ ਪਾਰ ਹੋਣ ਲਈ (ਸੰਸਾਰ ਸਮੁੰਦਰ ਉਤੇ) ਨਾਮ ਰੂਪ ਪੁਲ ਬੰਨਿਆ ਹੈ; ਕਰਤਾਰ ਰੂਪ ਗੁਰਮੁਖ (ਰਾਮਚੰਦਰ) ਨੇ ਸਮੁੰਦਰ ਤੇ ਪੁਲ ਬੰਨ੍ਹਿਆ। ਜਿਵੇਂ ਰਾਮਚੰਦਰ ਜੀ ਨੇ ਸਮੁੰਦਰ ਤੇ ਪੁਲ ਬੰਨ੍ਹ ਕੇ ਲੰਕਾ ਲੁੱਟੀ ਤੇ ਰਾਖਸ਼ਾਂ ਨੂੰ ਦੁਖ ਦਿਤਾ (ਮਾਰ ਦਿਤੇ, ਤਿਵੇਂ ਗੁਰਮੁਖ ਨੇ) ਕਾਮਾਦਿਕ ਦੈਂਤ ਮਾਰੇ ਹਨ ਅਤੇ ਸਰੀਰ ਰੂਪ ਲੰਕਾ ਨੂੰ ਦੈਤਾਂ ਦੇ ਕਬਜੇ ਵਿਚੋਂ ਛੁਡਾਇਆ। (ਜਿਵੇਂ) ਰਾਮ ਚੰਦਰ ਨੇ ਰਾਵਣ ਨੂੰ ਮਾਰਿਆ, (ਤਿਵੇਂ) ਗੁਰਮੁਖ ਨੇ ਹੰਕਾਰ ਨੂੰ ਮਾਰਿਆ ਹੈ। ਗੁਰੂ ਦਾ ਉਪਦੇਸ਼ (ਹੰਕਾਰ ਨੂੰ ਮਾਰਨ ਲਈ) ਇਉਂ ਕੰਮ ਆਇਆ, ਜਿਵੇਂ ਬਭੀਖਣ ਦਾ ਭੇਤ (ਰਾਵਣ ਨੂੰ ਮਾਰਨ ਲਈ ਕੰਮ ਆਇਆ)। ਗੁਰੂ ਨੇ ਸੰਸਾਰ ਸਮੁੰਦਰ ਤੋਂ ਪਾਪੀ ਤਾਰ ਦਿਤੇ ਹਨ (ਜਿਵੇਂ ਰਾਮ ਚੰਦਰ ਜੀ ਨੇ ਸਮੁੰਦਰ ਤੇ ਪੱਥਰ ਤਾਰੇ ਸਨ)। ਗੁਰੂ ਨੇ ਤੇਰੀ ਕਰੋੜ (ਬੇਅੰਤ ਜੀਵ ਭਵਜਲ ਤੋਂ) ਤਾਰ ਦਿਤੇ ਹਨ।੪੦। ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ। (੬੦੮)

ਪਦਾਰਥ = ਭਰਮੈ–ਭਰਕਦਾ ਹੈ। ਆਵੈ ਜਾਇ–ਜੰਮਦਾ ਮਰਦਾ ਹੈ। ਘਾਲ–ਮੇਹਨਤ। ਨ ਪਵਈ ਥਾਇ–ਪ੍ਰਵਾਨ ਹੀਂ ਪੈਂਦੀ। ਮਨੂਆ–ਚੰਚਲ ਮਨ। ਅਤਿ–ਬਹੁਤ। ਡੋਲਾਇ–ਡੋਲਦਾ ਹੈ। ਤ੍ਰਿਪਤਿ ਨਹੀ–ਰੱਜਦਾ ਨਹੀਂ। ਬਿਖੁ–ਜਹਿਰ (ਮਾਇਕ ਪਦਾਰਥ)। ਬਿਸੀਅਰੁ–ਸੱਪ (ਮਾਇਆ ਦਾ ਮੋਹ)। ਡਸੈ–ਡੰਗ ਮਾਰਦਾ ਹੈ। ਮਰਿ ਵਾਟ–ਰਸਤੇ ਵਿਚ ਹੀ ਮਰ ਜਾਂਦਾ ਹੈ।੩੮। ਪਾਰਿ ਉਤਾਰੈ–ਪਾਰ ਲੰਘਾ ਦੇਂਦਾ ਹੈ। ਗੁਣਿ–ਗੁਣਾਂ ਰਾਹੀਂ। ਨਿਸਤਾਰੈ–ਤਾਰ ਦੇਂਦਾ ਹੈ। ਬੀਚਾਰਿ–ਵਿਚਾਰ ਕੇ। ਤਨੁ–ਸਰੀਰ। ਹਟੜੀ–ਹੱਟੀ। ਵਣਜਾਰਾ–ਵਪਾਰੀ। ਸਹਜੇ –ਸਹਿਜ ਅਵਸਥਾ ਵਿਚ।੩੯। ਗੁਰਮੁਖਿ–ਗੁਰਮੁਖਾਂ ਲਈ; ਗੁਰਮੁਖ ਰੂਪ ਰਾਮਚੰਦਰ ਜੀ ਨੇ; ਗੁਰਮੁਖ ਰੂਪ ਪੁਲ। ਬਾਂਧਿਓ–ਬੰਨ੍ਹਿਆ। ਸੇਤੁ–ਪੁਲ। ਬਿਧਾਤੈ–ਕਰਤਾਰ ਨੇ। ਦੈਤ–ਦੈਂਤ (ਰਾਖਸ਼)। ਸੰਤਾਪੈ–ਦੁੱਖ ਦਿਤਾ; ਮਾਰੇ ਸਨ। ਰਾਮਚੰਦਿ–ਰਾਮਚੰਦਰ ਨੇ। ਅਹਿ–ਸੱਪ। ਪਰਚਾਇਣੁ–ਉਪਦੇਸ਼; ਗਿਆਨ। ਸਾਇਰਿ–ਸਮੁੰਦਰ ਉਤੇ। ਪਾਹਣ–ਪੱਥਰ। ਕੋਟਿ ਤੇਤੀਸ–ਤੇਤੀ ਕ੍ਰੋੜ। ਉਧਾਰੇ–ਤਾਰ ਦਿਤੇ।੪।

ਗੁਰਮੁਖਿ ਚੂਕੈ ਆਵਣ ਜਾਣੁ ॥ ਗੁਰਮੁਖਿ ਦਰਗਹ ਪਾਵੈ ਮਾਣੁ ॥ ਗੁਰਮੁਖਿ ਖੋਟੇ ਖਰੇ ਪਛਾਣੁ ॥ ਗੁਰਮੁਖਿ ਲਾਗੈ ਸਹਜਿ ਧਿਆਨੁ ॥ ਗੁਰਮੁਖਿ ਦਰਗਹ ਸਿਫਤਿ ਸਮਾਇ ॥ ਨਾਨਕ ਗੁਰਮੁਖਿ ਬੰਧੁ ਨ ਪਾਇ ॥੪੧॥ ਗੁਰਮੁਖਿ ਨਾਮੁ ਨਿਰੰਜਨ ਪਾਏ ॥ ਗੁਰਮੁਖਿ ਹਉਮੈ ਸਬਦਿ ਜਲਾਏ ॥ ਗੁਰਮੁਖਿ ਸਾਚੇ ਕੇ ਗੁਣ ਗਾਏ ॥ ਗੁਰਮੁਖ ਸਾਚੈ ਰਹੈ ਸਮਾਏ ॥ ਗੁਰਮੁਖਿ ਸਾਚਿ ਨਾਮਿ, ਪਤਿ ਊਤਮ ਹੋਇ ॥ ਨਾਨਕ ਗੁਰਮੁਖਿ, ਸਗਲ ਭਵਣ ਕੀ ਸੋਝੀ ਹੋਇ ॥੪੨॥ ਕਵਣ ਮੂਲੁ ਕਵਣ ਮਤਿ ਵੇਲਾ ॥ ਤੇਰਾ ਕਵਣੁ ਗੁਰੂ ,ਜਿਸ ਕਾ ਤੂ ਚੇਲਾ ॥ ਕਵਣ ਕਥਾ ਲੇ, ਰਹਹੁ ਨਿਰਾਲੇ ॥ ਬੋਲੈ ਨਾਨਕੁ ,ਸੁਣਹੁ ਤੁਮ ਬਾਲੇ ॥ ਏਸੁ ਕਥਾ ਕਾ ਦੇਇ ਬੀਚਾਰੁ ॥ ਭਵਜਲੁ ਸਬਦਿ ਲੰਘਾਵਣਹਾਰੁ ॥੪੩॥ ਗੁਰਮੁਖ (ਬਹੁਤ ਉਚੀ ਅਵਸਥਾ ਦਾ ਮਾਲਕ ਹੁੰਦਾ ਹੈ, ਇਸ ਕਰਕੇ ਉਸ) ਦਾ ਜੰਮਣਾ ਮਰਨਾ ਮੁੱਕ ਜਾਂਦਾ ਹੈ। ਗੁਰਮੁਖ ਰੱਬੀ ਦਰਗਾਹ ਵਿਚ ਆਦਰ ਮਾਣ ਪਾਉਂਦਾ ਹੈ। ਗੁਰਮੁਖ ਖੋਟੇ ਤੇ ਖਰੇ (ਕੰਮਾਂ ਤੇ ਮਨੁੱਖਾਂ) ਦਾ ਪਛਾਣੂ ਹੁੰਦਾ ਹੈ। ਗੁਰਮੁਖ ਦਾ ਪ੍ਰਭੂ ਵਿਚ ਧਿਆਨ ਲਗਾ ਰਹਿੰਦਾ ਹੈ। ਗੁਰਮੁਖ ਪ੍ਰਭੂ ਦੀ ਸਿਫਤ ਸਲਾਹ ਦੁਆਰਾ ਪ੍ਰਭੂ ਦੀ ਦਰਗਾਹ (ਸਤਸੰਗਤ) ਵਿਚ ਲੀਨ ਰਹਿੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰਮੁਖ ਦੇ ਰਸਤੇ ਵਿਚ ਕੋਈ ਰੁਕਾਵਟ ਨਹੀਂ ਪਾਉਂਦਾ।੪੧। ਗੁਰਮੁਖਿ ਮਾਇਆ ਰਹਿਤ ਪ੍ਰਭੂ ਦਾ ਨਾਮ ਪ੍ਰਾਪਤ ਕਰਦਾ ਹੈ। ਗੁਰਮੁਖਿ ਗੁਰੂ ਦੇ ਸ਼ਬਦ ਦੁਆਰਾ ਹਉਮੈ ਨੂੰ ਸਾੜ ਦੇਂਦਾ ਹੈ। ਗੁਰਮੁਖਿ ਸੱਚੇ ਪ੍ਰਭੂ ਦੇ ਗੁਣ ਗਾਉਂਦਾ ਹੈ। ਗੁਰਮੁਖਿ ਸੱਚੇ ਪ੍ਰਭੂ ਵਿਚ ਲੀਨ ਰਹਿੰਦਾ ਹੈ। ਗੁਰਮੁਖਿ ਦੀ ਇੱਜਤ ਪ੍ਰਭੂ ਦੇ ਸੱਚੇ ਨਾਮ ਵਿਚ ਜੁੜੇ ਰਹਿਣ ਕਰਕੇ ਉਤਮ ਹੁੰਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰਮੁਖ ਨੂੰ ਸਾਰੇ ਭਵਨਾਂ ਦੀ ਸੋਝੀ ਹੁੰਦੀ ਹੈ (ਕਿ ਸਾਰੇ ਸੰਸਾਰ ਵਿਚ ਪ੍ਰਭੂ ਦੀ ਜੋਤ ਵਰਤ ਰਹੀ ਹੈ?)।੪੨। (ਜੋਗੀਆਂ ਦੇ ਪ੍ਰਸ਼ਨ ਤੇ ਗੁਰੂ ਜੀ ਵੱਲੋਂ ਉਤਰ ਫਿਰ ਸ਼ੁਰੂ ਹੁੰਦੇ ਹਨ) ਸਰੀਰਕ ਜੀਵਨ ਦਾ ਅਰੰਭ ਕੀ ਹੈ; ਜਗਤ ਦਾ ਮੁੱਢ ਕਾਰਨ ਕਿਹੜਾ ਹੈ? (ਆਤਮਕ ਜੀਵਨ ਲਈ) ਕਿਹੜੀ ਸਿੱਖਿਆ ਲੈਣ ਦਾ ਵੇਲਾ ਹੈ? ਤੇਰਾ ਗੁਰੂ ਕੌਣ ਹੈ, ਜਿਸ ਦਾ ਤੂੰ ਚੇਲਾ ਹੈਂ? ਕਿਹੜੇ ਵਿਚਾਰ ਲੈ ਕੇ ਤੁਸੀਂ (ਜਗਤ ਵਿਚ) ਨਿਰਲੇਪ ਰਹਿੰਦੇ ਹੋ? ਨਾਨਕ ਆਖਦਾ ਹੈ ਕਿ (ਜੋਗੀਆਂ ਨੇ ਇਉਂ ਕਿਹਾ) ਹੇ ਬਾਲਕ! ਤੁਸੀਂ ਸੁਣੋ। ਤੇ ਇਸ ਗੱਲ ਦਾ ਵੀ ਵਿਚਾਰ ਦੇਵੋ। (ਕਿ ਜਿਸ ਸ਼ਬਦ ਦੀ ਤੁਸੀਂ ਇਤਨੀ ਮਹਾਨਤਾ ਦਸ ਰਹੇ ਹੋ, ਉਸ) ਸ਼ਬਦ ਦੁਆਰਾ ਗੁਰੂ ਭਵਜਲ ਤੋਂ ਕਿਵੇਂ ਲੰਘਾਉਣ ਵਾਲਾ ਹੈ?।੪੩। (ਗੁਰੂ ਜੀ ਦਾ ਉਤਰ ਅਗਲੀ ਪਉੜੀ ਵਿਚ ਹੈ)।

ਪਦਾਰਥ = ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ। ਚੂਕੈ–ਮੁੱਕ ਜਾਂਦਾ ਹੈ। ਆਵਣ ਜਾਣੁ–ਜੰਮਣ ਮਰਨ ਦਾ ਗੇੜ। ਮਾਣੁ–ਆਦਰ। ਸਹਜਿ–ਪ੍ਰਭੂ ਵਿਚ। ਸਿਫਤਿ–ਸਿਫਤ ਸਲਾਹ ਦੁਆਰਾ। ਸਮਾਇ–ਲੀਨ ਹੁੰਦਾ ਹੈ। ਬੰਧੁ–ਰੁਕਾਵਟ। ਨ ਪਾਇ–ਨਹੀਂ ਪਾਉਂਦਾ।੪੧। ਨਿਰੰਜਨ–ਮਾਇਆ ਤੋਂ ਨਿਰਲੇਪ ਪ੍ਰਭੂ। ਪਾਏ–ਪ੍ਰਾਪਤ ਕਰਦਾ ਹੈ। ਸਬਦਿ–ਗੁਰੂ ਦੇ ਸ਼ਬਦ ਦੁਆਰਾ। ਜਲਾਏ–ਸਾੜ ਦੇਂਦਾ ਹੈ। ਸਾਚੈ–ਸੱਚੇ ਪ੍ਰਭੂ

ਵਿਚ। ਰਹੈ ਸਮਾਇ–ਲੀਨ ਰਹਿੰਦਾ ਹੈ। ਸਾਚਿ ਨਾਮਿ–ਸੱਚੇ ਨਾਮ ਵਿਚ ਜੁੜੇ ਰਹਿਣ ਕਰਕੇ। ਪਤਿ–ਇੱਜਤ। ਸਗਲ ਭਵਣ ਕੀ–ਸਾਰੇ ਭਵਨਾਂ ਦੀ। ੪੨। ਕਵਣ–ਕੀ; ਕਿਹੜਾ; ਕਿਸ ਦੀ; ਕੌਣ। ਮੂਲੁ–ਅਰੰਭ; ਮੁੱਢ। ਮਤਿ–ਸਿੱਖਿਆ। ਵੇਲਾ–ਸਮਾਂ। ਕਥਾ–ਵਿਚਾਰ ;ਗੱਲ। ਲੇ–ਲੈ ਕੇ। ਨਿਰਾਲੇ–ਨਿਰਲੇਪ। ਬਾਲੇ–ਹੇ ਬਾਲਕ ! । ਭਵਜਲੁ–ਸੰਸਾਰ ਸਮੁੰਦਰ। ਲੰਘਾਵਣਹਾਰੁ–ਲੰਘਾਉਣ ਵਾਲਾ। ੪੩।

ਅੰਗ ੯੪੩ = ਪਵਨ ਅਰੰਭੁ ,ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ,ਸੁਰਤਿ ਧੁਨਿ ਚੇਲਾ ॥ ਅਕਥ ਕਥਾ ਲੇ ਰਹਉ ਨਿਰਾਲਾ ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥ ਏਕੁ ਸਬਦੁ ,ਜਿਤੁ ਕਥਾ ਵੀਚਾਰੀ ॥ ਗੁਰਮੁਖਿ ਹਉਮੈ ਅਗਨਿ ਨਿਵਾਰੀ ॥੪੪॥ ਮੈਣ ਕੇ ਦੰਤ, ਕਿਉ ਖਾਈਐ ਸਾਰੁ ॥ ਜਿਤੁ ਗਰਬੁ ਜਾਇ, ਸੁ ਕਵਣੁ ਆਹਾਰੁ ॥ ਹਿਵੈ ਕਾ ਘਰੁ ਮੰਦਰੁ ,ਅਗਨਿ ਪਿਰਾਹਨੁ ॥ ਕਵਨ ਗੁਫਾ, ਜਿਤੁ ਰਹੈ ਅਵਾਹਨੁ ॥ ਇਤ ਉਤ, ਕਿਸ ਕਉ ਜਾਨਿ ਸਮਾਵੈ ॥ ਕਵਨ ਧਿਆਨੁ ,ਮਨੁ ਮਨਹਿ ਸਮਾਵੈ ॥੪੫॥ ਹਉ ਹਉ ਮੈ ਮੈ, ਵਿਚਹੁ ਖੋਵੈ ॥ ਦੂਜਾ ਮੇਟੈ, ਏਕੋ ਹੋਵੈ ॥ ਜਗੁ ਕਰੜਾ, ਮਨਮੁਖੁ ਗਾਵਾਰੁ ॥ ਸਬਦੁ ਕਮਾਈਐ, ਖਾਈਐ ਸਾਰੁ ॥ ਅੰਤਰਿ ਬਾਹਰਿ, ਏਕੋ ਜਾਣੈ ॥ ਨਾਨਕ ਅਗਨਿ ਮਰੈ, ਸਤਿਗੁਰ ਕੈ ਭਾਣੈ ॥੪੬॥ (ਸਿੱਧਾਂ ਦੇ ਪ੍ਰਸ਼ਨ ਦਾ ਗੁਰੂ ਜੀ ਵੱਲੋਂ ਉਤਰ) ਜੀਵਨ ਦਾ ਅਰੰਭ ਪ੍ਰਾਣ ਹਨ; ਜਗਤ ਦਾ ਮੁੱਢ ਪੌਣ ਹੈ ਅਤੇ ਜੀਵਨ ਦਾ ਸਮਾਂ ਸਤਿਗੁਰੂ ਦੀ ਸਿੱਖਿਆ ਲੈਣ ਦਾ ਹੈ (ਕਿਉਂਕਿ ਮਨੁੱਖਾ ਜੀਵਨ ਭਾਗਾਂ ਨਾਲ ਮਿਲਦਾ ਹੈ)। ਪ੍ਰਮੇਸਰ ਮੇਰਾ ਗੁਰੂ ਹੈ {ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ੫੯੯}, ਮੇਰੀ ਸੁਰਤ (ਉਸ ਗੁਰੂ ਦਾ) ਚੇਲਾ ਹੈ, ਜਿਸ ਵਿਚ ਸ਼ਬਦ ਦੀ ਧੁਨ ਵਜਦੀ ਹੈ। ਮੈਂ ਉਸ ਅਕੱਥ ਹਰੀ ਦੀ ਕਥਾ (ਸਿਫਤ ਸਲਾਹ) ਹਿਰਦੇ ਵਿਚ ਵਸਾ ਕੇ ਮਾਇਆ ਤੋਂ ਨਿਰਲੇਪ ਰਹਿੰਦਾ ਹਾਂ। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੇਕ ਜੁਗ ਵਿਚ ਸਾਰੇ ਜੀਵਾਂ ਦੀ ਪਾਲਣਾ ਕਰਨ ਵਾਲਾ ਪ੍ਰਮੇਸਰ ਮੇਰਾ ਗੁਰੂ ਹੈ। (ਗੁਰੂ ਦਾ ਕੇਵਲ) ਇਕ ਸ਼ਬਦ ਹੀ ਹੈ, ਜਿਸ ਦੇ ਰਾਹੀਂ (ਹਰੇਕ ਜੁਗ ਵਿਚ ਕਾਇਮ ਰਹਿਣ ਵਾਲੇ ਗੁਰੂ) ਪ੍ਰਮੇਸਰ ਦੀ ਕਥਾ ਵਿਚਾਰੀ ਹੈ। ਗੁਰੂ ਰਾਹੀਂ ਮੈਂ ਹਉਮੈ ਦੀ ਅੱਗ ਦੂਰ ਕੀਤੀ ਹੈ। ੪੪। (ਸਿੱਧਾਂ ਦੇ ਪ੍ਰਸ਼ਨ) ਮੋਮ ਦੇ ਦੰਦਾਂ ਨਾਲ ਲੋਹਾ ਕਿਵੇਂ ਖਾਧਾ ਜਾਵੇ? ਉਹ ਭੋਜਨ ਕਿਹੜਾ ਹੈ? ਜਿਸ ਦੇ ਖਾਣ ਨਾਲ ਹੰਕਾਰ ਦੂਰ ਹੋ ਜਾਵੇ। ਜੇ ਬਰਫ ਦਾ ਘਰ ਹੋਵੇ ਅਤੇ ਅੱਗ ਦਾ ਉਸ ਉਤੇ ਚੋਲਾ ਹੋਵੇ (ਭਾਵ ਤਾਮਸੀ ਮਨ ਨਾਸ਼ਵੰਤ ਸਰੀਰ ਵਿਚ ਰਹਿੰਦਾ ਹੈ। ਜਿਵੇਂ ਬਰਫ ਨੂੰ ਅੱਗ ਪਿਘਲਾ ਦੇਂਦੀ ਹੈ, ਤਿਵੇਂ ਤਾਮਸੀ ਸੁਭਾਉ ਸਰੀਰ ਨੂੰ ਨਸ਼ਟ ਕਰਦਾ ਹੈ। ਉਹ) ਕਿਹੜੀ ਗੁਫਾ ਹੈ? ਜਿਸ ਵਿਚ ਜੀਵ ਅਡੋਲ ਟਿਕਿਆ ਰਹਿ ਸਕਦਾ ਹੈ (ਤਾਮਸੀ ਸੁਭਾਵ ਵਾਲਾ ਜਾਂ ਕਾਮਾਦਿਕ ਦੀ ਅੱਗ ਵਿਚ ਸੜ ਰਿਹਾ ਜੀਵ ਕਿਵੇਂ ਅਡੋਲ ਰਹਿ ਸਕਦਾ ਹੈ)? ਇਥੇ ਉਥੇ (ਹਰ ਥਾਂ ਹਾਜਰ ਨਾਜਰ) ਕਿਸ ਨੂੰ ਜਾਣ ਕੇ (ਉਸ ਵਿਚ) ਮਨ ਲੀਨ ਹੋ ਸਕਦਾ ਹੈ?; ਲੋਕ ਪ੍ਰਲੋਕ ਵਿਚ ਵਿਚ ਕਿਸ ਨੂੰ ਵਿਆਪਕ ਜਾਣੇ? ਕਿਹੜਾ ਧਿਆਨ ਹੈ?(ਜਿਸ ਕਰਕੇ ਬੁਰਾ) ਮਨ ਚੰਗੇ ਮਨ ਵਿਚ ਹੀ ਸਮਾਇਆ ਰਹੇ (ਬਾਹਰ ਨਾ ਭਟਕੇ)। ੪੫। (ਗੁਰੂ ਜੀ ਦਾ ਉਤਰ। ਜੋ ਮਨੁੱਖ ਗੁਰੂ ਦੇ ਸ਼ਬਦ ਦੁਆਰਾ) ਹਉਮੈ ਤੇ ਮੈਂ ਮੇਰੀ ਨੂੰ ਅਪਣੇ ਮਨ ਵਿਚੋਂ ਦੂਰ ਕਰ ਲੈਂਦਾ ਹੈ। (ਉਹ) ਦ੍ਵੈਤ ਨੂੰ ਮੇਟ ਦਿੰਦਾ ਹੈ ਅਤੇ ਸਭ ਨਾਲ ਇਕ ਮਿਕ ਹੋ ਜਾਂਦਾ ਹੈ। (ਪਰ) ਮਨਮਤੀਆ ਮਨੁੱਖ ਮੂਰਖ ਹੈ, (ਉਸ ਵਾਸਤੇ) ਜਗਤ ਕਰੜਾ ਹੈ (ਮਨਮੁਖ ਤਾਮਸੀ ਸੁਭਾਉ ਅਤੇ ਕਾਮਾਦਿਕ ਵਿਕਾਰਾਂ ਤੇ ਕਾਬੂ ਨਹੀਂ ਪਾ ਸਕਦਾ। ਜੇ) ਗੁਰੂ ਦੇ ਸ਼ਬਦ ਨੂੰ ਕਮਾਇਆ ਜਾਵੇ, (ਤਾਂ ਸ਼ਬਦ ਦੀ ਸ਼ਕਤੀ ਨਾਲ) ਲੋਹਾ ਖਾਧਾ ਜਾ ਸਕਦਾ ਹੈ ਭਾਵ ਇਹੋ ਮੋਮ ਦੇ ਦੰਦਾਂ ਨਾਲ ਲੋਹਾਂ ਚੱਬਣਾ ਹੈ {ਮਨਿ ਜੀਤੈ ਜਗੁ ਜੀਤੁ ੬}। ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਮਨੁੱਖ ਅਪਣੇ) ਅੰਦਰ ਤੇ ਬਾਹਰ (ਜਗਤ ਵਿਚ) ਇਕੋ ਪ੍ਰਭੂ ਨੂੰ ਵਿਆਪਕ ਜਾਣਦਾ ਹੈ। (ਉਸ ਦੇ ਤਾਮਸੀ ਸੁਭਾਉ ਵਾਲੀ) ਅੱਗ ਸਤਿਗੁਰੂ ਦੇ ਭਾਣੇ ਵਿਚ ਰਹਿਣ ਨਾਲ ਮਰ ਜਾਂਦੀ ਹੈ। ੪੬। (ਗੁਰੂ ਜੀ ਦਾ ਉਤਰ ਅਗਲੀ ਪਉੜੀ ਵਿਚ ਵੀ ਜਾਰੀ ਹੈ)

ਪਦਾਰਥ = ਪਵਨ–ਪੌਣ; ਪ੍ਰਾਣ। ਮਤਿ–ਸਿੱਖਿਆ। ਸਬਦੁ–ਪ੍ਰਮੇਸਰ; (ਗੁਰੂ ਦਾ) ਸ਼ਬਦ। ਸੁਰਤਿ–ਧਿਆਨ; ਬਿਰਤੀ। ਧੁਨਿ–ਅਵਾਜ। ਅਕਥ–(ਅਕੱਥ ਪੜ੍ਹੋ) ਪ੍ਰਭੂ ਜਿਸ ਦਾ ਸਹੀ ਬਿਆਨ ਨਹੀ ਹੋ ਸਕਦਾ। ਕਥਾ–ਸਿਫਤ ਸਲਾਹ। ਲੇ–ਲੈ (ਵਸਾ) ਕੇ। ਰਹਉ–ਮੈਂ ਰਹਿੰਦਾ ਹਾਂ। ਨਿਰਾਲਾ–ਨਿਰਲੇਪ। ਜੁਗਿ ਜੁਗਿ–ਹਰੇਕ ਜੁਗ (ਸਮੇਂ) ਵਿਚ। ਗੋਪਾਲਾ–ਜੀਵਾਂ ਦੀ ਪਾਲਣਾ ਕਰਨ ਵਾਲਾ ਪ੍ਰਭੂ। ਜਿਤੁ–ਜਿਸ ਦੇ ਰਾਹੀਂ। ਗੁਰਮੁਖਿ–ਗੁਰੂ ਦੁਆਰਾ। ਨਿਵਾਰੀ–ਦੂਰ ਕੀਤੀ ਹੈ। ੪੪। ਮੈਣ ਕੇ–ਮੋਮ ਦੇ। ਦੰਤ–ਦੰਦ। ਸਾਰੁ–ਲੋਹਾ। ਗਰਬੁ–ਹੰਕਾਰ। ਜਾਇ –ਦੂਰ ਹੋ ਜਾਵੇ। ਕਵਣੁ–ਕਿਹੜਾ। ਅਹਾਰੁ–ਭੋਜਨ। ਹਿਵੈ ਕਾ–ਬਰਫ ਦਾ। ਅਗਨਿ ਪਿਰਾਹਨੁ–ਅੱਗ ਦਾ ਚੋਲਾ। ਜਿਤੁ–ਜਿਸ ਵਿਚ। ਰਹੈ ਅਵਾਹਨੁ–ਅਡੋਲ (ਅਹਿੱਲ) ਰਹਿੰਦਾ ਹੈ। ਇਤ ਉਤ–ਇੱਥੇ ਉਥੇ; ਲੋਕ ਪ੍ਰਲੋਕ ਵਿਚ। ਕਿਸ ਕਉ–ਕਿਸ ਨੂੰ। ਸਮਾਵੈ–ਲੀਨ ਹੁੰਦਾ ਹੈ । ਮਨੁ ਮਨਹਿ–ਬੁਰਾ ਮਨ ਚੰਗੇ ਮਨ ਵਿਚ। ਸਮਾਵੈ–ਲੀਨ (ਟਿਕਿਆ; ਮਿਲਿਆ) ਰਹੇ। ੪੫। ਹਉ ਹਉ ਮੈ ਮੈ–ਹਉਮੈ ਤੇ ਮੈ ਮੇਰੀ ਦਾ ਖਿਆਲ ਮਨ ਵਿਚ ਸਦਾ ਬਣਿਆ ਰਹਿਣਾ। ਵਿਚਹੁ–ਮਨ ਵਿਚੋਂ। ਖੋਵੈ–ਦੂਰ ਕਰਦਾ ਹੈ। ਦੂਜਾ–ਦ੍ਵੈਤ (ਦੁਜਾਇਗੀ ਦਾ ਖਿਆਲ)।

ਗਾਵਾਰੁ–ਮੂਰਖ।ਅਗਨਿ ਮਰੈ–(ਤਾਮਸੀ ਸੁਭਾਉ ਦੀ) ਅੱਗ ਮਰ ਜਾਂਦੀ ਹੈ।ਭਾਣੈ–ਭਾਣੇ ਵਿਚ ਰਹਿਣ ਨਾਲ।੪੬।

ਸਬਦੁ ਗੁਰੂ = ੧. ਗੁਰੂ ਸਾਹਿਬ ਦਾ ਭਾਵ ਇਹ ਹੈ ਕਿ ਗੱਲਾਂ ਨਾਲ ਗੁਰੂ ਚੇਲਾ ਨਹੀਂ ਹੋ ਜਾਈਦਾ।ਸੁਰਤ ਨੂੰ ਸ਼ਬਦ ਦਾ ਪ੍ਰਭਾਵ ਕਬੂਲਣਾ ਚਾਹੀਦਾ ਹੈ।ਗੁਰੂ ਜੀ ਦਸਦੇ ਹਨ ਕਿ ਮੇਰੀ ਸੁਰਤ ਇਸ ਲਈ ਚੇਲਾ ਹੈ ਕਿ ਸ਼ਬਦ ਇਸ ਸੁਰਤ ਵਿਚ ਗੂੰਜਦਾ ਹੈ।੨. ਸੁਰਤ ਵਿਚ ਸ਼ਬਦ ਦਾ ਟਿਕ ਜਾਣਾ ਚੇਲਾ ਹੈ।ਸੁਰਤ ਵਿਚ ਸ਼ਬਦ ਦੀ ਧੁਨੀ ਦਾ ਗੂੰਜਣਾ ਚੇਲਾ ਹੈ, ਜਦੋਂ ਸ਼ਬਦ ਨਾਲ ਸੁਰਤ ਇਕ ਮਿਕ ਹੁੰਦੀ ਹੈ, ਤਾਂ ਮਨ ਟਿਕ ਜਾਂਦਾ ਹੈ ਅਤੇ ਮਨ ਦੇ ਅੰਦਰ ਬਿਸਮਾਦੀ ਧੁਨ ਉਠਦੀ ਹੈ।

ਮੈਣ ਕੇ ਦੰਤ = ਜਗਤ ਤੋਂ ਉਠਦੀਆਂ ਲਹਿਰਾਂ ਬੜੀਆਂ ਪ੍ਰਬਲ (ਕਰੜੀਆਂ) ਹਨ, ਕਮਜੋਰ ਤੇ ਗੁਣਹੀਣ ਮਨ ਨਾਲ ਇਨ੍ਹਾਂ ਦੇ ਅਸਰ ਨੂੰ ਕਿਵੇਂ ਮੁਕਾਇਆ ਜਾਵੇ? ਹਿਰਦਾ ਬਹੁਤ ਕੋਮਲ ਹੈ, ਜਦੋਂ ਕਿ ਕਾਮਾਦਿਕ ਵਿਕਾਰ ਲੋਹੇ ਵਾਂਗ ਕਰੜੇ ਹਨ।ਮੋਮ ਦੇ ਦੰਦ ਇਨ੍ਹਾਂ ਲੋਹੇ ਵਰਗੇ ਵਿਕਾਰਾਂ ਨੂੰ ਕਿਵੇਂ ਚੱਬ ਸਕਣ? ਭਾਵ ਕੋਮਲ ਹਿਰਦਾ ਇਨ੍ਹਾਂ ਵਿਕਾਰਾਂ ਨੂੰ ਕਿਵੇਂ ਹਜਮ ਕਰ ਸਕਦਾ ਹੈ?

ਜਗੁ ਕਰੜਾ = ਮਨਮਤੀਆ ਮੂਰਖ ਮਨੁੱਖ ਹੰਕਾਰੀ ਬਣ ਕੇ ਸਖਤ ਬਣਿਆ ਹੋਇਆ ਹੈ, ਜੋ ਜਗਤ ਨੂੰ ਦੁਖ ਦੇਂਦਾ ਹੈ।ਮਨਮੁਖਤਾ ਕਰਕੇ ਮਨੁੱਖ ਮੂਰਖ ਬਣਿਆ ਹੋਇਆ ਹੈ, ਇਸੇ ਕਰਕੇ ਮਨਮੁਖਾਂ ਨੂੰ ਜਗਤ ਲੋਹੇ ਵਰਗਾ ਕਰੜਾ ਪ੍ਰਤੀਤ ਹੁੰਦਾ ਹੈ।

ਸਚ ਭੈ ਰਾਤਾ, ਗਰਬੁ ਨਿਵਾਰੈ ॥ ਏਕੋ ਜਾਤਾ, ਸਬਦੁ ਵੀਚਾਰੈ ॥ ਸਬਦੁ ਵਸੈ, ਸਚੁ ਅੰਤਰਿ ਹੀਆ ॥ ਤਨੁ ਮਨੁ ਸੀਤਲੁ ,ਰੰਗਿ ਰੰਗੀਆ ॥ ਕਾਮੁ ਕ੍ਰੋਧੁ ਬਿਖੁ ਅਗਨਿ ਨਿਵਾਰੇ ॥ ਨਾਨਕ ਨਦਰੀ ਨਦਰਿ ਪਿਆਰੇ ॥੪੭॥ ਕਵਨ ਮੁਖਿ, ਚੰਦੁ ਹਿਵੈ ਘਰੁ ਛਾਇਆ ॥ ਕਵਨ ਮੁਖਿ, ਸੂਰਜੁ ਤਪੈ ਤਪਾਇਆ ॥ ਕਵਨ ਮੁਖਿ, ਕਾਲੁ ਜੋਹਤ ਨਿਤ ਰਹੈ ॥ ਕਵਨ ਬੁਧਿ, ਗੁਰਮੁਖਿ ਪਤਿ ਰਹੈ ॥ ਕਵਨੁ ਜੋਧੁ ,ਜੋ ਕਾਲੁ ਸੰਘਾਰੈ ॥ ਬੋਲੈ ਬਾਣੀ, ਨਾਨਕੁ ਬੀਚਾਰੈ ॥੪੮॥ ਸਬਦੁ ਭਾਖਤ, ਸਸਿ ਜੋਤਿ ਅਪਾਰਾ ॥ ਸਸਿ ਘਰਿ ਸੂਰ ਵਸੈ, ਮਿਟੈ ਅੰਧਿਆਰਾ ॥ ਸੁਖੁ ਦੁਖੁ ਸਮ ਕਰਿ, ਨਾਮੁ ਅਧਾਰਾ ॥ ਆਪੇ ਪਾਰਿ ਉਤਾਰਣਹਾਰਾ ॥ ਗੁਰ ਪਰਚੈ, ਮਨੁ ਸਾਚਿ ਸਮਾਇ ॥ ਪ੍ਰਣਵਤਿ ਨਾਨਕੁ ,ਕਾਲੁ ਨ ਖਾਇ ॥੪੯॥(ਗੁਰੂ ਜੀ ਦਾ ਉਤਰ ਜਾਰੀ ਹੈ।ਜੋ ਮਨੁੱਖ) ਸੱਚੇ ਪ੍ਰਭੂ ਦੇ ਭੈ ਵਿਚ ਰੰਗਿਆ ਹੋਇਆ ਹੈ ,(ਉਹ ਅਪਣੇ ਅੰਦਰੋਂ) ਹੰਕਾਰ ਦੂਰ ਕਰ ਲੈਂਦਾ ਹੈ।(ਉਹ ਗੁਰੂ ਦੇ) ਸ਼ਬਦ ਨੂੰ ਵਿਚਾਰਦਾ ਹੈ, (ਸ਼ਬਦ ਦੀ ਬਰਕਤ ਨਾਲ ਉਹ) ਇਕ ਪ੍ਰਭੂ ਨੂੰ (ਸਭ ਜਗ੍ਹਾ ਵਸਦਾ) ਜਾਣਦਾ ਹੈ।(ਜਦੋਂ ਉਸ ਦੇ ਹਿਰਦੇ ਵਿਚ ਗੁਰੂ ਦਾ) ਸ਼ਬਦ ਵਸ ਜਾਂਦਾ ਹੈ, ਤਾਂ ਹਿਰਦੇ ਅੰਦਰ ਪ੍ਰਭੂ ਆ ਵਸਦਾ ਹੈ।(ਉਹ) ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗਿਆ ਹੋਣ ਕਰਕੇ (ਉਸ ਦਾ) ਤਨ ਮਨ ਸੀਤਲ ਹੋ ਜਾਂਦਾ ਹੈ (ਸ਼ਾਂਤੀ ਮਿਲ ਜਾਂਦੀ ਹੈ)।ਨਾਨਕ ਗੁਰੂ ਜੀ ਆਖਦੇ ਹਨ ਕਿ ਮਿਹਰ ਦੀ ਨਜਰ ਕਰਨ ਵਾਲੇ ਪਿਆਰੇ ਪ੍ਰਭੂ ਦੀ ਨਜਰ ਨਾਲ (ਉਹ ਮਨੁੱਖ) ਕਾਮ ਕ੍ਰੋਧ ਰੂਪ ਜਹਿਰ ਅਤੇ ਤ੍ਰਿਸ਼ਨਾ ਦੀ ਅੱਗ ਨੂੰ ਦੂਰ ਕਰ ਲੈਂਦਾ ਹੈ।੪੭।(ਸਿੱਧ ਚੰਦ ਤੇ ਸੂਰਜ ਨੂੰ ਲੈ ਕੇ ਪ੍ਰਸ਼ਨ ਕਰਦੇ ਹਨ) ਕਿਹੜੇ ਕਾਰਣ ਕਰਕੇ (ਮਨੁੱਖ ਦੇ ਮਨ ਵਿਚ) ਠੰਢ ਦਾ ਘਰ ਚੰਦ੍ਰਮਾ ਛਾਇਆ ਰਹੇ (ਅਸਰ ਪਾਈ ਰੱਖੇ, ਕਿਸ ਤਰ੍ਹਾਂ ਮਨ ਵਿਚ ਸਤੋ ਗੁਣੀ ਸੁਭਾਉ ਕਰਕੇ ਸ਼ਾਂਤੀ ਬਣੀ ਰਹੇ)? ਕਿਸ ਤਰ੍ਹਾਂ ਗਿਆਨ ਦਾ ਸੂਰਜ ਮਨ ਵਿਚ ਤਪਾਇਆ ਤਪਦਾ ਰਹਿੰਦਾ ਹੈ? (ਸੂਰਜ ਹਨ੍ਹੇਰਾ ਤੇ ਠੰਢ ਦੋਹਾਂ ਨੂੰ ਨਾਸ਼ ਕਰਦਾ ਹੈ)।ਕਿਸ ਤਰ੍ਹਾਂ ਮੌਤ ਨਿਤ ਤੱਕਣ ਤੋਂ ਹਟ ਜਾਂਦੀ ਹੈ? ਕਿਹੜੀ ਬੁੱਧੀ ਕਰਕੇ ਗੁਰਮੁਖ ਦੀ ਇੱਜਤ ਬਣੀ ਰਹਿੰਦੀ ਹੈ? ਕਿਹੜਾ ਜੋਧਾ ਹੈ? ਜੋ ਮੌਤ ਨੂੰ ਮਾਰ ਲੈਂਦਾ ਹੈ।ਨਾਨਕ (ਸਿੱਧਾਂ ਦੇ ਇਨ੍ਹਾਂ ਪ੍ਰਸ਼ਨਾਂ ਨੂੰ) ਵਿਚਾਰਦਾ ਹੈ ਅਤੇ (ਉਤਰ ਵਿਚ ਇਉਂ) ਬਾਣੀ ਬੋਲਦਾ ਹੈ।੪੮।(ਗੁਰੂ ਜੀ ਦਾ ਉਤਰ।ਗੁਰੂ ਦਾ) ਸ਼ਬਦ ਉਚਾਰਦਿਆਂ ਚੰਦ ਵਿਚ (ਹਨ੍ਹੇਰੇ ਤੇ ਠੰਢੇ ਮਨ ਵਿਚ ਗਿਆਨ ਦਾ) ਬੇਅੰਤ ਚਾਨਣ ਹੋ ਜਾਂਦਾ ਹੈ।ਚੰਦ ਰੂਪ (ਚੰਦ ਵਾਂਗ ਸਰਦ ਹੋਏ ਹਨ੍ਹੇਰੇ) ਮਨ ਵਿਚ ਗਿਆਨ ਰੂਪ ਸੂਰਜ ਆ ਵਸਦਾ ਹੈ, (ਜਿਸ ਨਾਲ) ਅਗਿਆਨ ਦਾ ਹਨ੍ਹੇਰਾ ਮਿਟ ਜਾਂਦਾ ਹੈ।(ਜਦੋਂ ਮਨੁੱਖ) ਸੁਖ ਤੇ ਦੁਖ ਨੂੰ ਇਕੋ ਜਿਹਾ ਜਾਣ ਕਰਕੇ ਪ੍ਰਭੂ ਦੇ ਨਾਮ ਨੂੰ ਅਪਣੇ ਜੀਵਨ ਦਾ ਆਸਰਾ ਬਣਾ ਲੈਂਦਾ ਹੈ।ਤਾਂ ਪਾਰ ਉਤਾਰਨ ਵਾਲਾ ਪ੍ਰਭੂ ਆਪ ਹੀ (ਉਸ ਨੂੰ ਭਵਜਲ ਤੋਂ) ਪਾਰ ਲੰਘਾ ਦੇਂਦਾ ਹੈ।ਗੁਰੂ ਤੋਂ ਪਤੀਜ ਕੇ ਮਨੁੱਖ ਦਾ ਮਨ ਸੱਚੇ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ।ਨਾਨਕ ਗੁਰੂ ਜੀ ਬੇਨਤੀ ਕਰਦੇ ਹਨ (ਕਿ ਅਜੇਹੇ ਮਨੁੱਖ ਨੂੰ) ਮੌਤ ਨਹੀਂ ਖਾਂਦੀ (ਉਹ ਅਮਰ ਹੋ ਜਾਂਦਾ ਹੈ)।੪੯।

ਪਦਾਰਥ = ਸਚ ਭੈ–ਸੱਚੇ ਪ੍ਰਭੂ ਦੇ ਭੈ ਵਿਚ।ਗਰਬੁ–ਹੰਕਾਰ।ਨਿਵਾਰੈ–ਦੂਰ ਕਰਦਾ ਹੈ।ਏਕੋ–ਇਕ ਪ੍ਰਭੂ ਨੂੰ।ਜਾਤਾ–ਜਾਣਦਾ ਹੈ ।ਅੰਤਰਿ ਹੀਆ–ਹਿਰਦੇ ਅੰਦਰ।ਤਨੁ–ਸਰੀਰ।ਰੰਗਿ ਰੰਗੀਆ–ਪ੍ਰੇਮ ਰੰਗ ਵਿਚ ਰੰਗਿਆ ਹੋਣ ਕਰਕੇ।ਬਿਖੁ–ਜਹਿਰ।ਅਗਨਿ–ਅੱਗ ਤ੍ਰਿਸ਼ਨਾ ਦੀ।ਨਦਰੀ–ਮੇਹਰ ਦੀ ਨਜਰ ਕਰਨ ਵਾਲਾ ਪ੍ਰਭੂ।ਨਦਰਿ–ਨਜਰ ਨਾਲ।੪੭।ਕਵਨ ਮੁਖਿ–ਕਿਸ ਦੁਆਰੇ ਤੋਂ; ਕਿਹੜੇ ਕਾਰਣ ਕਰਕੇ; ਕਿਸ ਤਰ੍ਹਾਂ।ਹਿਵੈ ਘਰੁ–ਬਰਫ (ਸੀਤਲਤਾ ਜਾਂ ਸ਼ਾਂਤੀ) ਦਾ ਘਰ।ਛਾਇਆ–ਅਸਰ ਪਾਈ ਰੱਖੇ।ਸੂਰਜੁ–ਗਿਆਨ ਦਾ

।ਤਪੈ–ਤਪਦਾ ਹੈ।ਕਾਲੁ–ਮੌਤ।ਜੋਹਤ ਰਹੈ–ਤੱਕਣੋਂ ਹਟ ਜਾਵੇ।ਨਿਤ–ਸਦਾ; ਹਰ ਰੋਜ।ਬੁਧਿ–ਬੁਧੀ; ਸਿਆਣਪ।ਪਤਿ ਰਹੈ–ਇੱਜਤ ਬਣੀ ਰਹਿੰਦੀ ਹੈ।ਜੋਧੁ–ਜੋਧਾ।ਸੰਘਾਰੈ–ਮਾਰਦਾ ਹੈ।੪੮।ਭਾਖਤ–ਉਚਾਰਦਿਆਂ।ਸਸਿ–ਚੰਦ (ਸ਼ਾਂਤ ਜਾਂ ਸਤੋਗੁਣੀ) ਮਨ ਵਿਚ।ਜੋਤਿ ਅਪਾਰਾ–ਬੇਅੰਤ ਚਾਨਣ।ਸਮ ਕਰਿ–ਇਕੋ ਜਿਹਾ।ਅਧਾਰਾ–ਆਸਰਾ।ਪਰਚੈ–ਪਤੀਜ ਕੇ।ਸਾਚਿ–ਸੱਚੇ ਪ੍ਰਭੂ ਵਿਚ।ਸਮਾਇ–ਲੀਨ ਹੁੰਦਾ ਹੈ।ਪ੍ਰਣਵਤਿ–ਬੇਨਤੀ ਕਰਦਾ ਹੈ।੪੯।

ਵਿਆਖਿਆ = ਚੰਦ ਦੀ ਨਾੜੀ ਰਾਹੀਂ ਜੋਗੀ ਪ੍ਰਾਣਾਯਾਮ ਕਰਕੇ ਸਰੀਰ ਦੇ ਅੰਦਰ ਦੀ ਅੱਗ ਨੂੰ ਦੂਰ ਕਰਦੇ ਹਨ ਅਤੇ ਜਦੋਂ ਅੰਦਰ ਠੰਢ ਵਧ ਜਾਂਦੀ ਹੈ ਤਾਂ ਸੂਰਜ ਦੀ ਨਾੜੀ ਰਾਹੀਂ ਅੰਦਰ ਤਪਸ਼ ਪੈਦਾ ਕਰਦੇ ਹਨ।ਚੰਦ ਦਾ ਅਪਣਾ ਚਾਨਣ ਕੋਈ ਨਹੀਂ, ਚੰਦ ਵਿਚ ਸੂਰਜ ਦਾ ਚਾਨਣਾ ਪੈਂਦਾ ਹੈ ਤਾਂ ਚੰਦ ਦਾ ਹਨ੍ਹੇਰਾ ਦੂਰ ਹੁੰਦਾ ਹੈ, ਚੰਦ ਉਤੇ ਠੰਢ ਤੇ ਹਨ੍ਹੇਰਾ ਹੈ।ਇਸ ਉਤੇ ਸੂਰਜ ਦੀ ਰੋਸ਼ਨੀ ਪੈਂਦੀ ਹੈ ਤਾਂ ਚਮਕਦਾ ਹੈ।ਗੁਰੂ ਦੇ ਗਿਆਨ ਤੋਂ ਬਿਨਾ ਮਨੁੱਖ ਦੇ ਮਨ ਵਿਚ ਹਨ੍ਹੇਰਾ ਰਹਿੰਦਾ ਹੈ ਤੇ ਮਨ ਨਿੱਘ ਤੋਂ ਖਾਲੀ ਰਹਿੰਦਾ ਹੈ।

ਨਾਮ ਤਤੁ ,ਸਭ ਹੀ ਸਿਰਿ ਜਾਪੈ ॥ ਬਿਨੁ ਨਾਵੈ, ਦੁਖੁ ਕਾਲੁ ਸੰਤਾਪੈ ॥ ਤਤੋ ਤਤੁ ਮਿਲੈ, ਮਨੁ ਮਾਨੈ ॥ ਦੂਜਾ ਜਾਇ, ਇਕਤੁ ਘਰਿ ਆਨੈ ॥ ਬੋਲੈ ਪਵਨਾ, ਗਗਨੁ ਗਰਜੈ ॥ ਨਾਨਕ ਨਿਹਚਲੁ ,ਮਿਲਣੁ ਸਹਜੈ ॥੫੦॥ ਅੰਤਰਿ ਸੁੰਨੰ ਬਾਹਰਿ ਸੁੰਨੰ, ਤ੍ਰਿਭਵਣ ਸੁੰਨ ਮਸੁੰਨੰ ॥ ਚਉਥੈ ਸੁੰਨੈ ਜੋ ਨਰੁ ਜਾਣੈ, ਤਾ ਕਉ ਪਾਪੁ ਨ ਪੁੰਨੰ ॥ ਘਟਿ ਘਟਿ ਸੁੰਨ ਕਾ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥ ਜੋ ਜਨੁ ਨਾਮ ਨਿਰੰਜਨ ਰਾਤਾ ॥ ਨਾਨਕ ਸੋਈ ਪੁਰਖੁ ਬਿਧਾਤਾ ॥੫੧॥ ਸੁੰਨੋ ਸੁੰਨੁ ,ਕਹੈ ਸਭੁ ਕੋਈ ॥ ਅਨਹਤ ਸੁੰਨੁ ,ਕਹਾ ਤੇ ਹੋਈ ॥ ਅਨਹਤ ਸੁੰਨਿ ਰਤੇ ਸੇ ਕੈਸੇ ॥ ਜਿਸ ਤੇ ਉਪਜੇ, ਤਿਸ ਹੀ ਜੈਸੇ ॥ ਓਇ ਜਨਮਿ ਨ ਮਰਹਿ, ਨ ਆਵਹਿ ਜਾਹਿ ॥ ਨਾਨਕ ਗੁਰਮੁਖਿ ਮਨੁ ਸਮਝਾਹਿ ॥੫੨॥(ਗੁਰੂ ਜੀ ਸਿੱਧਾਂ ਨੂੰ ਦਸਦੇ ਹਨ ਕਿ ਪ੍ਰਭੂ ਦੇ) ਨਾਮ ਦਾ ਸਿਧਾਂਤ ਸਾਰੇ ਸਾਧਨਾਂ ਤੋਂ ਸ਼੍ਰੋਮਣੀ ਜਾਣਿਆ ਜਾਂਦਾ ਹੈ।ਨਾਮ ਤੋਂ ਬਿਨਾ ਦੁਖਦਾਈ ਕਾਲ ਸਤਾਉਂਦਾ ਰਹਿੰਦਾ ਹੈ।ਪ੍ਰਮਾਤਮ ਤੱਤ ਨਾਲ ਜਦੋਂ ਆਤਮ ਤੱਤ ਮਿਲਦਾ ਹੈ, ਤਾਂ ਮਨ ਪਤੀਜ ਜਾਂਦਾ ਹੈ।ਜਦੋਂ ਦੂਜਾ ਭਾਵ ਮਿਟ ਜਾਂਦਾ ਹੈ, ਤਾਂ ਮਨ ਏਕਤਾ ਦੇ ਘਰ ਵਿਚ ਆ ਟਿਕਦਾ ਹੈ (ਮਨ ਭਟਕਦਾ ਨਹੀਂ।ਜਿਸ ਪ੍ਰਭੂ ਦੀ ਸੱਤਾ ਨਾਲ) ਪੌਣ ਬੋਲਦੀ ਹੈ (ਪ੍ਰਭੂ ਦੀ ਸੱਤਾ ਨਾਲ ਜੀਵ ਦੇ ਪ੍ਰਾਣ ਚਲਦੇ ਹਨ ਤੇ ਪ੍ਰਾਣਾਂ ਦੇ ਆਸਰੇ ਜੀਵ ਬੋਲਦਾ ਹੈ) ਅਤੇ ਅਕਾਸ਼ (ਦਸਮ ਦੁਆਰ) ਗੱਜਦਾ ਹੈ (ਦਸਮ ਦੁਆਰ ਵਿਚ ਗੁਰੂ ਦਾ ਸ਼ਬਦ ਗੂੰਜਦਾ ਹੈ ਤੇ ਗੁਰਮੁਖ ਨੂੰ ਸੁਤੇ ਹੀ ਅਵਾਜਾਂ ਸੁਣਦੀਆਂ ਹਨ)।ਨਾਨਕ ਗੁਰੂ ਜੀ ਆਖਦੇ ਹਨ ਕਿ (ਇਸ ਤਰ੍ਹਾਂ) ਮਨ ਟਿਕ ਜਾਂਦਾ ਹੈ ਅਤੇ ਸਹਜੇ ਹੀ ਪ੍ਰਭੂ ਨਾਲ ਮਿਲਾਪ ਹੋ ਜਾਂਦਾ ਹੈ।੫੦। (ਗੁਰੂ ਜੀ ਦੀ ਵਿਆਖਿਆ ਜਾਰੀ ਹੈ) ਅਫੁਰ ਵਾਹਿਗੁਰੂ ਜੀਵ ਦੇ ਅੰਦਰ ਵੀ ਹੈ ਤੇ ਬਾਹਰ (ਸੰਸਾਰ ਵਿਚ) ਵੀ ਹੈ ਅਤੇ ਤਿੰਨਾਂ ਭਵਨਾਂ ਵਿਚ ਵੀ ਉਹੀ ਅਫੁਰ ਪ੍ਰਭੂ ਵਿਆਪਕ ਹੈ।ਜੋ ਮਨੁੱਖ ਚੌਥੇ ਪਦ (ਸਹਿਜ ਅਵਸਥਾ) ਵਿਚ ਪੁਜ ਕੇ ਅਫੁਰ ਪ੍ਰਭੂ ਨੂੰ ਜਾਣਦਾ ਹੈ, ਉਸ ਨੂੰ ਪਾਪ ਪੁੰਨ ਦਾ ਲੇਪ ਨਹੀਂ ਲਗਦਾ।(ਕਿਉਂਕਿ ਉਹ ਮਨੁੱਖ) ਹਰੇਕ ਜੀਵ ਦੇ ਹਿਰਦੇ ਅੰਦਰ ਵਸ ਰਹੇ ਅਫੁਰ ਪ੍ਰਭੂ ਦਾ ਭੇਤ ਜਾਣ ਲੈਂਦਾ ਹੈ।ਉਹ ਪ੍ਰਕਾਸ਼ ਰੂਪ ਪ੍ਰਭੂ ਮਾਇਆ ਤੋਂ ਨਿਰਲੇਪ, ਸਭ ਦਾ ਮੁੱਢ ਅਤੇ ਸਰਬ ਵਿਆਪਕ ਹੈ।ਜੋ ਮਨੁੱਖ ਨਿਰੰਜਨ ਪ੍ਰਭੂ ਦੇ ਨਾਮ ਵਿਚ ਜੁੜਿਆ ਹੋਇਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਰਚਨਹਾਰ ਪ੍ਰਭੂ ਦਾ ਹੀ ਰੂਪ ਹੁੰਦਾ ਹੈ।੫੧।(ਸਿੱਧਾਂ ਦਾ ਪ੍ਰਸ਼ਨ) ਸਭ ਕੋਈ ਸੁੰਨੋ ਸੁੰਨ ਆਖਦਾ ਹੈ।(ਪਰ) ਨਾਸ਼ ਰਹਿਤ ਅਫੁਰ ਪ੍ਰਭੂ ਕਿਥੋਂ ਪ੍ਰਾਪਤ ਹੁੰਦਾ ਹੈ? (ਜਿਹੜੇ ਮਨੁੱਖ) ਨਾਸ਼ ਰਹਿਤ ਅਫੁਰ ਪ੍ਰਭੂ ਵਿਚ ਰੰਗੇ ਹੋਏ ਹਨ, ਉਹ ਕਿਹੋ ਜਿਹੇ ਹਨ? (ਗੁਰੂ ਜੀ ਦਾ ਉਤਰ।ਉਹ) ਜਿਸ ਪ੍ਰਭੂ ਤੋਂ ਪੈਦਾ ਹੋਏ ਹਨ, ਉਸ ਵਰਗੇ ਹੀ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ) ਗੁਰੂ ਦੁਆਰਾ ਮਨ ਨੂੰ ਸਮਝਾ ਲੈਂਦੇ ਹਨ (ਗਿਆਨਵਾਨ ਹੁੰਦੇ ਹਨ।ਇਸ ਲਈ) ਉਹ ਜੰਮਦੇ ਮਰਦੇ ਨਹੀਂ ਅਤੇ (ਸੰਸਾਰ ਵਿਚ ਮੁੜ ਕੇ) ਆਉਂਦੇ ਜਾਂਦੇ ਨਹੀਂ (ਪ੍ਰਭੂ ਵਿਚ ਲੀਨ ਹੋ ਜਾਂਦੇ ਹਨ)।੫੨।

ਸੁਨੋ ਸੁੰਨ = ਹਰੇਕ ਮਨੁੱਖ ਅਫੁਰ ਅਵਸਥਾ ਦਾ ਜਿਕਰ ਕਰਦਾ ਹੈ (ਪਰ ਅਮਲੀ ਜੀਵਨ ਵਿਚ ਇਹ ਗੱਲ ਕੋਈ ਵਿਰਲਾ ਹੀ ਜਾਣਦਾ ਹੈ)।ਸਦਾ ਟਿਕੀ ਰਹਿਣ ਵਾਲੀ ਅਫੁਰ ਅਵਸਥਾ ਕਿਵੇਂ ਬਣ ਸਕਦੀ ਹੈ? (ਕਿਉਂਕਿ ਇਸ ਅਵਸਥਾ ਵਾਲਾ ਜੀਵਨ ਜੀਵਿਆਂ ਹੀ ਇਸ ਅਵਸਥਾ ਦੀ ਸਮਝ ਪੈ ਸਕਦੀ ਹੈ (ਦਰਪਣ)।

ਪਦਾਰਥ = ਤਤੁ–ਸਾਰ (ਅਸਲ) ਪਦਾਰਥ (ਉਹ ਤੱਤ, ਜਿਸ ਤੋਂ ਸਾਰੇ ਤੱਤ ਹੋਂਦ ਵਿਚ ਆਏ); ਸਿਧਾਂਤ।ਸਿਰਿ–ਸ਼੍ਰੋਮਣੀ।ਜਾਪੈ–ਜਾਣਿਆ ਜਾਂਦਾ ਹੈ।ਤਤੋ–ਪ੍ਰਮਾਤਮ ਤੱਤ।ਤਤੁ–ਆਤਮ ਤੱਤ।ਮਨੁ ਮਾਨੈ–ਮਨ ਪਤੀਜ ਜਾਂਦਾ ਹੈ।ਦੂਜਾ–ਦੂਜਾ ਭਾਵ (ਮੇਰ ਤੇਰ)। ਇਕਤੁ ਘਰਿ–ਏਕਤਾ ਦੇ ਘਰ ਵਿਚ।ਬੋਲੈ ਪਵਨਾ–ਪ੍ਰਾਣਾਂ (ਸੁਆਸਾਂ) ਦੇ ਕਾਰਣ ਜੀਵ ਬੋਲਣ ਲਗਦਾ ਹੈ (ਜੀਵਨ ਲਹਿਰ ਸ਼ੁਰੂ ਹੁੰਦੀ ਹੈ)।ਗਗਨੁ–ਅਕਾਸ਼ (ਦਸਮ ਦੁਆਰ)।ਗਰਜੈ–ਗਰਜਦਾ (ਗੂੰਜਦਾ) ਹੈ।ਨਿਹਚਲੁ–ਟਿਕ ਜਾਂਦਾ ਹੈ।ਸਹਜੇ–ਸੁਤੇ ਸਿੱਧ ਹੀ।੫੦।

ਅੰਤਰਿ–ਸਰੀਰ ਦੇ ਅੰਦਰ।ਤ੍ਰਿਭਵਨ–ਤਿੰਨ ਭਵਨ (ਮਾਤ ਲੋਕ, ਪਤਾਲ ਲੋਕ ਤੇ ਪ੍ਰਲੋਕ)।ਸੁੰਨ ਮਸੁੰਨੰ–ਕੇਵਲ ਅਫੁਰ ਪ੍ਰਭੂ ਹੀ। ਚਉਥੇ ਸੁੰਨੈ–ਤਿੰਨਾਂ ਗੁਣਾਂ ਤੋਂ ਉਚੀ ਸਹਿਜ ਅਵਸਥਾ (ਤੁਰੀਆ ਪਦ)।ਨਰੁ–ਮਨੁੱਖ।ਤਾ ਕਉ–ਉਸ ਨੂੰ।ਘਟਿ ਘਟਿ–ਹਰੇਕ ਜੀਵ ਦੇ ਹਿਰਦੇ ਵਿਚ।ਭੇਉ–ਭੇਤ।ਆਦਿ ਪੁਰਖੁ–ਸਭ ਦਾ ਮੁੱਢ ਵਿਆਪਕ ਪ੍ਰਭੂ।ਦੇਉ–ਪ੍ਰਕਾਸ਼ ਸਰੂਪ ਪ੍ਰਭੂ।ਜੋ ਜਨੁ–ਜੋ ਮਨੁੱਖ।ਨਿਰੰਜਨ–ਮਾਇਆ ਤੋਂ ਨਿਰਲੇਪ ਪ੍ਰਭੂ।ਰਾਤਾ–ਜੁੜਿਆ ਹੈ; ਰੰਗਿਆ ਹੈ।ਸੋਈ–ਉਹ।ਬਿਧਾਤਾ–ਰਚਨਹਾਰ ਪ੍ਰਭੂ।੫੧।ਸੁੰਨੋ ਸੁੰਨ–ਸੁੰਨ ਹੀ ਸੁੰਨ (ਅਫੁਰ ਪ੍ਰਭੂ ਦਾ ਜਿਕਰ)।ਅਨਹਤ–ਨਾਸ਼ ਰਹਿਤ; ਇਕ ਰਸ (ਸਦਾ ਟਿਕੇ ਰਹਿਣ ਵਾਲੀ ਅਵਸਥਾ)।ਕਹਾ ਤੇ–ਕਿਥੋਂ; ਕਿਵੇਂ; ਕਿਸ ਤੋਂ।ਰਤੇ–ਰੰਗੇ ਹਨ।ਸੇ–ਉਹ।ਕੈਸੇ–ਕਿਹੋ ਜਿਹੇ।ਜਿਸ ਤੇ–ਜਿਸ ਤੋਂ।ਉਪਜੇ–ਪੈਦਾ ਹੋਏ ਹਨ।ਜੈਸੇ–ਵਰਗੇ।ਓਇ–ਉਹ (ਬਹੁ ਵਚਨ)।ਗੁਰਮੁਖਿ–ਗੁਰੂ ਦੁਆਰਾ।ਸਮਝਾਹਿ–ਸਮਝਾ ਲੈਂਦੇ ਹਨ।੫੨।

ਸੁੰਨੰ = ੧. ਅਫੁਰ ਪ੍ਰਭੂ (ਨਿਰਗੁਣ ਬ੍ਰਹਮ)।੨. ਨਿਹਚੱਲ (ਅਹਿੱਲ) ਹੋਣਾ (ਨਿਹਚਲ ਪ੍ਰਭੂ ਹੀ ਹੈ)।੩. ਪਰਲੈ ਦੀ ਉਹ ਹਾਲਤ, ਜਦੋਂ ਕੇਵਲ ਪ੍ਰਭੂ ਹੀ ਸੀ, ਹੋਰ ਕੁਛ ਵੀ ਨਹੀਂ ਸੀ।੪. ਸਮਾਧੀ ਦੀ ਦਸ਼ਾ ਵਿਚ ਪੱਥਰ ਵਾਂਗ ਸੁੰਨ ਹੋ ਜਾਣਾ।

ਨਉ ਸਰ ਸੁਭਰ, ਦਸਵੈ ਪੂਰੇ ॥ ਤਹ ਅਨਹਤ ਸੁੰਨ, ਵਜਾਵਹਿ ਤੂਰੇ ॥ ਸਾਚੈ ਰਾਚੇ, ਦੇਖਿ ਹਜੂਰੇ ॥ ਘਟਿ ਘਟਿ ਸਾਚੁ ਰਹਿਆ ਭਰਪੂਰੇ ॥(ਇਸ ਪਉੜੀ ਵਿਚ ਵੀ ਗੁਰੂ ਜੀ ਦਾ ਉਤਰ ਹੈ।ਜਦੋਂ) ਨੌਂ ਇੰਦ੍ਰੀਆਂ ਨੂੰ ਨਕੋ ਨੱਕ ਭਰ ਕੇ (ਵਾਸ਼ਨਾ ਰਹਿਤ ਕਰਕੇ ਤ੍ਰਿਪਤ ਕੀਤਾ ਜਾਵੇ, ਆਤਮ ਰਸ ਨਾਲ ਭਰਕੇ ਇੰਦ੍ਰੀਆਂ ਨੂੰ ਸੰਤੋਖ ਵਾਲੀਆਂ ਕਰ ਲਿਆ ਜਾਵੇ ਤੇ ਕੋਈ ਭੁੱਖ ਨਾ ਰਹੇ ਤੇ ਨਾ ਹੀ ਮਨ ਕਿਸੇ ਚੀਜ ਨੂੰ ਦੇਖ ਕੇ ਡੋਲੇ) ਅਤੇ ਦਸਮ ਦੁਆਰ ਨੂੰ ਵੀ ਪੂਰ ਲਵੇ (ਆਤਮਕ ਮਿਲਾਪ ਪੂਰਨ ਤੌਰ ਤੇ ਪ੍ਰਭੂ ਨਾਲ ਹੋ ਜਾਵੇ) ।ਉਥੇ (ਪੁਜ ਕੇ ਮਨੁੱਖ) ਇਕ ਰਸ ਆਤਮ ਮੰਡਲ ਦੇ ਵਾਜੇ ਵਜਾਉਂਦੇ ਹਨ (ਆਤਮ ਮੰਡਲ ਵਿਚ ਪੁੱਜੇ ਮਨੁੱਖ ਆਤਮ ਸੰਗੀਤ ਦਾ ਅਨੰਦ ਮਾਣਦੇ ਹਨ।ਕੋਈ ਫਰਜੀ ਦਸਮ ਦੁਆਰ ਵਿਚ ਮਨ ਦੇ ਛਲਾਵਿਆਂ ਪਿਛੇ ਟੱਕਰਾਂ ਨਹੀਂ ਮਾਰਦੇ।ਫਿਰ ਉਹ) ਸੱਚੇ ਪ੍ਰਭੂ ਨੂੰ ਹਾਜਰ ਨਾਜਰ ਦੇਖ ਕੇ (ਉਸ ਵਿਚ) ਟਿਕੇ ਰਹਿੰਦੇ ਹਨ।(ਉਨ੍ਹਾਂ ਨੂੰ) ਸੱਚਾ ਪ੍ਰਭੂ ਘਟ ਘਟ ਵਿਚ ਭਰਪੂਰ ਹੋ ਰਿਹਾ ਦਿਸਦਾ ਹੈ।

ਅੰਗ ੯੪੪ = ਗੁਪਤੀ ਬਾਣੀ, ਪਰਗਟੁ ਹੋਇ ॥ ਨਾਨਕ ਪਰਖਿ ਲਏ ਸਚੁ ਸੋਇ ॥੫੩॥ ਸਹਜ ਭਾਇ ਮਿਲੀਐ, ਸੁਖੁ ਹੋਵੈ ॥ ਗੁਰਮੁਖਿ ਜਾਗੈ, ਨੀਦ ਨ ਸੋਵੈ ॥ ਸੁੰਨ ਸਬਦੁ ,ਅਪਰੰਪਰਿ ਧਾਰੈ ॥ ਕਹਤੇ ਮੁਕਤੁ ਸਬਦਿ ਨਿਸਤਾਰੈ ॥ ਗੁਰ ਕੀ ਦੀਖਿਆ, ਸੇ ਸਚਿ ਰਾਤੇ ॥ ਨਾਨਕ ਆਪੁ ਗਵਾਇ, ਮਿਲਣ ਨਹੀ ਭ੍ਰਾਤੇ ॥੫੪॥ ਕੁਬੁਧਿ ਚਵਾਵੈ, ਸੋ ਕਿਤੁ ਠਾਇ ॥ ਕਿਉ ਤਤੁ ਨ ਬੂਝੈ, ਚੋਟਾ ਖਾਇ ॥ ਜਮ ਦਰਿ ਬਾਧੇ, ਕੋਇ ਨ ਰਾਖੈ ॥ ਬਿਨੁ ਸਬਦੈ, ਨਾਹੀ ਪਤਿ ਸਾਖੈ ॥ ਕਿਉ ਕਰਿ ਬੂਝੈ, ਪਾਵੈ ਪਾਰੁ ॥ ਨਾਨਕ ਮਨਮੁਖਿ ਨ ਬੁਝੈ ਗਾਵਾਰੁ ॥੫੫॥ (ਇਸ ਅਵਸਥਾ ਵਿਚ ਪੁਜ ਕੇ ਮਨੁੱਖ ਨੂੰ) ਗੁਪਤੀ ਬਾਣੀ ਪ੍ਰਗਟ ਹੁੰਦੀ ਹੈ (ਬਾਣੀ ਦਾ ਗੁਹਜ ਭਾਵ ਸਮਝ ਆ ਜਾਂਦਾ ਹੈ, ਫਿਰ ਜਿਸ ਸੱਚ ਵੱਲ ਬਾਣੀ ਪ੍ਰੇਰਦੀ ਹੈ, ਉਹ ਸੱਚ ਅੰਤਰ ਆਤਮੇ ਪ੍ਰਗਟ ਹੋ ਜਾਂਦਾ ਹੈ)।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ (ਮਨੁੱਖ) ਸੱਚ ਸਰੂਪ ਪ੍ਰਭੂ ਨੂੰ ਪਰਖ (ਪਛਾਣ) ਲੈਂਦਾ ਹੈ।੫੩।(ਗੁਰੂ ਜੀ ਦੀ ਵਿਆਖਿਆ ਜਾਰੀ ਹੈ।(ਹਠ ਜੋਗ ਦੀ ਕਿਰਿਆ ਛਡ ਕੇ ਜੇ) ਸ਼ਾਂਤ ਸੁਭਾਵ ਨਾਲ; ਆਤਮਕ ਪ੍ਰੇਮ ਦੁਆਰਾ ਪ੍ਰਭੂ ਨੂੰ ਮਿਲ ਪਈਏ, ਤਾਂ (ਆਤਮਕ) ਸੁਖ ਪ੍ਰਾਪਤ ਹੁੰਦਾ ਹੈ। (ਇਸ ਤਰ੍ਹਾਂ ਮਿਲਿਆ ਹੋਇਆ) ਗੁਰਮੁਖ ਗਿਆਨ ਅਵਸਥਾ ਵਿਚ ਜਾਗਦਾ ਹੈ ਅਤੇ ਮੋਹ ਮਾਇਆ (ਜਾਂ ਅਵਿਦਿਆ) ਦੀ ਨੀਂਦ ਵਿਚ ਨਹੀਂ ਸੌਂਦਾ।ਅਫੁਰ ਸ਼ਬਦ (ਉਸ ਨੂੰ) ਅਪਰੰਪਰ ਪ੍ਰਭੂ ਵਿਚ ਟਿਕਾਈ ਰਖਦਾ ਹੈ।ਸ਼ਬਦ ਉਚਾਰਦਿਆਂ (ਉਹ ਆਪ ਵੀ) ਮੁਕਤ ਹੁੰਦਾ ਹੈ ਅਤੇ ਸ਼ਬਦ ਦੁਆਰਾ ਹੋਰਨਾਂ ਨੂੰ ਵੀ (ਭਵਜਲ ਤੋਂ) ਤਾਰ ਦੇਂਦਾ ਹੈ।(ਜਿਨ੍ਹਾਂ ਪੁਰਖਾਂ ਨੂੰ) ਗੁਰੂ ਦੀ ਸਿੱਖਿਆ ਪ੍ਰਾਪਤ ਹੋਈ ਹੈ, ਉਹ ਸਚੇ ਪ੍ਰਭੂ ਵਿਚ ਰੰਗੇ ਰਹਿੰਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਆਪਾ ਭਾਵ ਗਵਾ ਕੇ (ਉਨ੍ਹਾਂ ਗੁਰਮੁਖਾਂ ਦਾ ਪ੍ਰਭੂ ਨਾਲ) ਮੇਲ ਹੋ ਜਾਂਦਾ ਹੈ, (ਫਿਰ ਉਨ੍ਹਾਂ ਨੂੰ) ਭਟਕਣਾ ਨਹੀਂ ਰਹਿੰਦੀ (ਜਨਮ ਮਰਨ ਮੁੱਕ ਜਾਂਦਾ ਹੈ)।੫੪।(ਜੋਗੀਆਂ ਦਾ ਪ੍ਰਸ਼ਨ) ਉਹ ਥਾਂ ਕਿੱਥੇ ਹੈ? (ਜਿਥੋਂ ਮਨੁੱਖ) ਖੋਟੀ ਬੁੱਧੀ ਨੂੰ ਦੂਰ ਕਰੇ।(ਮਨੁੱਖ) ਅਸਲੀਅਤ ਨੂੰ ਕਿਉਂ ਨਹੀਂ ਸਮਝਦਾ? (ਜਿਸ ਕਰਕੇ ਜਮਾਂ ਦੀਆਂ ਕਿਉਂ) ਚੋਟਾਂ ਖਾਂਦਾ ਹੈ? ਜਮਾਂ ਦੇ ਦਰ ਤੇ ਬੱਧੇ ਹੋਏ ਜੀਵ ਦੀ ਕੋਈ ਰੱਖਿਆ ਨਹੀਂ ਕਰਦਾ (ਫਿਰ ਉਸ ਦੀ ਰੱਖਿਆ ਕੌਣ ਕਰੇ? ਤੁਹਾਡੇ ਮੱਤ ਅਨੁਸਾਰ ਗੁਰੂ ਦੇ) ਸ਼ਬਦ ਤੋਂ ਬਿਨਾ (ਮਨੁੱਖ ਨੂੰ) ਇਜਤ ਤੇ ਇਤਬਾਰ ਪ੍ਰਾਪਤ ਨਹੀਂ ਹੁੰਦੇ (ਉਹ ਕਿਵੇਂ ਪ੍ਰਾਪਤ ਹੋਵੇ?।ਇਹ ਵੀ ਦੱਸੋ ਕਿ ਉਹ) ਅਸਲੀਅਤ ਨੂੰ ਕਿਵੇਂ ਸਮਝੇ?।(ਸਿੱਧਾਂ ਨੇ ਪੁਛਿਆ) ਹੇ ਨਾਨਕ! ਮਨਮੁਖ ਮੂਰਖ ਸਮਝਦਾ ਨਹੀਂ, (ਤਾਂ ਉਹ ਭਵਜਲ ਦਾ) ਪਾਰਲਾ ਕਿਨਾਰਾ ਕਿਵੇਂ ਪ੍ਰਾਪਤ ਕਰੇ?।੫੫।

ਪਦਾਰਥ = ਨਉ ਸਰ–ਸਰੀਰ ਦੀਆਂ ਨੌਂ ਗੋਲਕਾਂ (ਇੰਦ੍ਰੀਆਂ ਦਾ ਨਿਵਾਸ ਅਸਥਾਨ।ਦੋ ਅੱਖਾਂ, ਦੋ ਨਾਸਾਂ, ਦੋ ਕੰਨ, ਇਕ ਮੂੰਹ

ਅਤੇ ਦੋ ਮਲ ਮੂਤ੍ਰ ਦੇ ਅਸਥਾਨ)। ਸੁਭਰ-ਨੱਕੋ ਨੱਕ ਭਰ ਕੇ। ਦਸਵੈ-ਦਸਮ ਦੁਆਰ। ਪੂਰੇ-ਭਰ ਲਵੇ। ਤਹ-ਉਥੇ। ਅਨਹਤ ਸੁੰਨ-ਇਕ ਰਸ ਅਫੁਰ ਅਵਸਥਾ (ਆਤਮ ਮੰਡਲ)। ਤੂਰੇ-ਵਾਜੇ। ਸਾਚੈ ਰਾਚੇ-ਸੱਚੇ ਪ੍ਰਭੂ ਵਿਚ ਟਿਕੇ ਰਹਿੰਦੇ ਹਨ। ਹਜੂਰੇ-ਹਾਜਰ ਨਾਜਰ। ਘਟਿ ਘਟਿ-ਹਰੇਕ ਜੀਵ ਦੇ ਹਿਰਦੇ ਵਿਚ। ਰਹਿਆ ਭਰਪੂਰੇ-ਵਿਆਪਕ ਹੋ ਰਿਹਾ ਹੈ। ਸੋਇ-ਉਹ (ਮਨੁੱਖ)। ਪਰਖਿ ਲਏ-ਪਛਾਣ ਲੈਂਦਾ ਹੈ।੫੩। ਸਹਜ ਭਾਇ-ਸ਼ਾਂਤ ਸੁਭਾਵ ਨਾਲ; ਆਤਮਕ ਪ੍ਰੇਮ ਦੁਆਰਾ। ਜਾਗੈ-ਗਿਆਨ ਅਵਸਥਾ ਵਿਚ ਜਾਗਦਾ ਹੈ। ਨੀਦ-ਮੋਹ ਮਾਇਆ ਜਾਂ ਅਵਿਧਿਆ ਦੀ ਨੀਂਦ। ਸੁੰਨ ਸਬਦੁ-ਅਫੁਰ (ਨਿਰਗੁਣ) ਪ੍ਰਭੂ ਦੀ ਸਿਫਤ ਸਲਾਹ ਦਾ ਸ਼ਬਦ। ਅਪਰੰਪਰਿ-ਪ੍ਰਕ੍ਰਿਤੀ ਦੇ ਪਾਰਾਵਾਰ ਤੋਂ ਪਰੇ ਪ੍ਰਭੂ। ਧਾਰੈ-ਟਿਕਾਈ ਰਖਦਾ ਹੈ। ਨਿਸਤਾਰੈ-ਤਾਰ ਦੇਂਦਾ ਹੈ। ਦੀਖਿਆ-ਸਿੱਖਿਆ। ਸੇ-ਉਹ। ਸਚਿ ਰਾਤੇ-ਸੱਚੇ ਪ੍ਰਭੂ ਵਿਚ ਰੰਗੇ ਹਨ। ਆਪੁ-ਆਪਾ ਭਵ (ਅਪਣੱਤ)। ਭ੍ਰਾਤੇ-ਭਟਕਣਾ।੫੪। ਕੁਬੁਧਿ-ਖੋਟੀ ਬੁੱਧੀ। ਚਵਾਵੈ-ਦੂਰ ਕਰੇ। ਸੋ-ਉਹ (ਥਾਂ) । ਕਿਤੁ ਠਾਇ-ਥਾਂ ਕਿਥੇ ਹੈ। ਤਤੁ-ਅਸਲੀਅਤ। ਨ ਬੂਝੈ-ਨਹੀਂ ਸਮਝਦਾ। ਜਮ ਦਰਿ-ਜਮਾਂ ਦੇ ਦਰ ਤੇ। ਪਤਿ-ਇੱਜਤ। ਸਾਖੈ-ਇਤਬਾਰ; ਹਾਮੀ; ਸਿਫਾਰਸ਼। ਪਾਵੈ ਪਾਰੁ-ਪਾਰਲਾ ਕੰਢਾ ਪ੍ਰਾਪਤ ਕਰੇ।੫੫।

ਗੁਪਤੀ ਬਾਣੀ = ਗੁਰਬਾਣੀ ਦੇ ਭਾਵ ਬੜੇ ਗੁੱਝੇ ਤੇ ਗੁਹਜ ਹਨ, ਆਮ ਵਿਦਵਾਨ ਪੁਰਖ ਗੁਪਤੀ ਬਾਣੀ ਦੇ ਅਰਥ ਵਿਆਕਰਣ ਅਨੁਸਾਰ ਤਾਂ ਕਰ ਦੇਵੇਗਾ, ਪਰ ਗੁਰਬਾਣੀ ਦਾ ਚੰਗੀ ਤਰ੍ਹਾਂ ਅਧਿਅਨ ਕਰਨ ਤੇ ਹੀ ਗੁਪਤੀ ਬਾਣੀ ਦੀ ਸਮਝ ਪੈ ਸਕਦੀ ਹੈ। ਇਸ ਗੁਪਤੀ ਬਾਣੀ ਨੂੰ ਬਿਆਨ ਕਰਨਾ ਕਠਨ ਤੇ ਅਸੰਭਵ ਹੈ। ਅਧਿਆਤਮ ਮੰਡਲ ਦੀਆਂ ਸੂਖਮ ਘਾਟੀਆਂ ਤੇ ਪਹੁੰਚਿਆ ਮਨੁੱਖ ਹੀ ਗੁਪਤੀ ਬਾਣੀ ਨੂੰ ਜਾਣਦਾ ਹੈ। ਜਿਸ ਭਾਂਡੇ ਵਿਚ ਨੌਂ ਛੇਕ ਹੋਣ, ਉਸ ਵਿਚ ਪਾਈ ਹੋਈ ਕੋਈ ਚੀਜ ਟਿਕ ਨਹੀਂ ਸਕਦੀ। ਜਿਸ ਬੇੜੀ ਵਿਚ ਨੌਂ ਛੇਕ ਹੋਣ, ਉਹ ਬੇੜੀ ਪਾਣੀ ਵਿਚ ਡੁਬ ਜਾਏਗੀ। ਨੌਂ ਇੰਦ੍ਰੀਆਂ ਨੂੰ ਵਾਸ਼ਨਾਵਾਂ ਵੱਲੋਂ ਰੋਕ ਲੈਣ ਨਾਲ ਦਸਵਾਂ ਦੁਆਰ ਖੁਲ੍ਹਦਾ ਹੈ। ਇੰਦੀਆਂ ਨੂੰ ਵਿਕਾਰਾਂ ਵੱਲੋਂ ਹਟਾ ਕੇ ਸਿਮਰਨ ਰਾਹੀਂ ਮਨ ਦੇ ਫੁਰਨੇ ਰੋਕ ਕਰਕੇ ਚਿਤ ਬਿਰਤੀ ਇਕਾਗਰ ਕਰੇ, ਤਾਂ ਬਿਸਮਾਦੀ ਅਨੰਦ ਪ੍ਰਾਪਤ ਹੁੰਦਾ ਹੈ। ਇਕਾਗਰ ਮਨ ਨਾਲ ਕੀਤੇ ਸਿਮਰਨ ਰਾਹੀਂ ਮਨ ਅੰਤਰਮੁਖੀ ਅਦ੍ਰਿਸ਼ਟ ਤੇ ਸੂਖਮ ਮੰਡਲ ਪ੍ਰਵੇਸ਼ ਕਰਦਾ ਹੈ । ਸਿਮਰਨ ਤੋਂ ਧਿਆਨ, ਧਿਆਨ ਤੋਂ ਲਿਵ ਅਤੇ ਲਿਵ ਤੋਂ ਸਹਿਜ ਪਦ ਦੀ ਪ੍ਰਾਪਤੀ ਹੁੰਦੀ ਹੈ। ਜਦੋਂ ਮਨ ਦਾ ਟਿਕਾਉ ਹੋਵੇ, ਤਾਂ ਪ੍ਰਭੂ ਅਪਣੇ ਅਨੰਦ ਭੰਡਾਰਿਆਂ ਵਿਚੋਂ ਰਸ ਦਾ ਇਕ ਕਿਣਕਾ ਜਿਹਾ ਬਖਸ਼ਦਾ ਹੈ। ਇਕ ਰੱਤੀ ਭਰ ਰਸ ਦਾ ਚਮਤਕਾਰ ਵੀ ਇਤਨਾ ਹੁੰਦਾ ਹੈ ਕਿ ਸਰੀਰ ਦੇ ਲੂੰ ਕੰਡੇ ਖੜੇ ਹੋ ਜਾਂਦੇ ਹਨ। ਰੋਮ ਰੋਮ ਵਿਚੋਂ ਝਰਨਾਟਾਂ ਛਿੜਦੀਆਂ ਹਨ। ਮਨ ਬੁਰੇ ਕੰਮਾਂ ਨੂੰ ਛਡ ਦੇਂਦਾ ਹੈ ਅਤੇ ਮਨ ਦੀ ਜਨਮਾਂ ਜਨਮਾਂ ਦੀ ਮੈਲ ਧੋ ਹੋ ਜਾਂਦੀ ਹੈ। ਮਨੁੱਖ ਦਾ ਸਾਰਾ ਸਰੀਰ ਅਤੇ ਅੰਦਰਲਾ ਸਭ ਕੁਛ ਪਵਿਤ੍ਰ ਤੇ ਸੀਤਲ ਹੋ ਜਾਂਦਾ ਹੈ। ਸੰਸਾਰ ਇਕ ਸਰਾਂ ਪ੍ਰਤੀਤ ਹੁੰਦੀ ਹੈ, ਉਸ ਦੀ ਅਵਸਥਾ ਪਿਆਰ ਵਾਲੀ ਹੋ ਜਾਂਦੀ ਹੈ, ਉਹ ਸਭ ਨੂੰ ਪਿਆਰ ਵੰਡਦਾ ਹੈ। ਸਭ ਵਿਚ ਵਾਹਿਗੁਰੂ ਦੀ ਜੋਤ ਦੇਖਦਾ ਹੈ। ਇਸ ਅਵਸਥਾ ਨੂੰ ਜਾਨਣ ਅਤੇ ਮਾਨਣ ਵਿਚ ਫਰਕ ਹੈ, ਕੁਛ ਲੋਕ ਇਸ ਅਵਸਥਾ ਨੂੰ ਜਾਣਦੇ ਜਰੂਰ ਹੋਣਗੇ, ਪਰ ਮਾਣਦੇ ਨਹੀਂ ਹੋਣਗੇ। ਜੋ ਗੁਰਮੁਖ ਇਸ ਅਵਸਥਾ ਦਾ ਅਨੰਦ ਮਾਣਦੇ ਹਨ, ਉਹ ਜਾਣਦੇ ਵੀ ਹਨ, ਪਰ ਦਸਦੇ ਨਹੀਂ। ਇਸ ਦਾ ਅਨੰਦ ਉਹ ਅੰਤਰ ਆਤਮੇ ਮਾਣਦੇ ਹਨ, ਕਿਉਂਕਿ ਦਸਣ ਨਾਲ ਰਸ ਉਡ ਜਾਂਦਾ ਹੈ।

ਸਾਡਾ ਮਨ ਸੰਸਾਰੀ ਪਦਾਰਥਾਂ ਵਿਚ ਇਤਨਾ ਖੁਭ ਗਿਆ ਹੈ, ਇਸ ਨੂੰ ਕਢਣਾ ਕਠਨ ਹੈ। ਸੰਸਾਰੀ ਪਦਾਰਥਾਂ, ਵਾਸ਼ਨਾਵਾਂ ਤੋਂ ਮਨ ਨੂੰ ਹਟਾ ਕੇ ਰੱਬ ਨਾਲ ਜੋੜਨਾ ਮੁਸ਼ਕਲ ਹੈ। ਸਾਰੇ ਇੰਦ੍ਰੇ ਵਿਸ਼ੇ ਵਿਕਾਰਾਂ ਵੱਲੋਂ ਹਟਦੇ ਨਹੀਂ =

ਨੈਨਹੁ ਨੀਦ ਪਰ ਦ੍ਰਿਸਟ ਵਿਕਾਰ ॥ ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥
ਰਸਨਾ ਸੋਈ ਲੋਭਿ ਮੀਠੈ ਸਾਦਿ ॥ ਮਨੁ ਸੋਇਆ ਮਾਇਆ ਬਿਸਮਾਦਿ ॥੧॥
ਇਸ ਗ੍ਰਿਹਿ ਮਹਿ ਕੋਈ ਜਾਗਤ ਰਹੈ ॥ ਸਾਬਤੁ ਵਸਤੁ ਓਹੁ ਅਪਨੀ ਲਹੈ ॥੧॥ਰਹਾਉ॥
ਸਗਲ ਸਹੇਲੀ ਅਪਨੈ ਰਸ ਮਾਤੀ ॥ ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥
ਮੁਸਨਹਾਰ ਪੰਚ ਬਟਵਾਰੇ ॥ ਸੂਨੇ ਨਗਰ ਪਰੇ ਠਗਹਾਰੇ ॥੨॥ (ਅੰਗ ੧੮੨)

ਜਿਸ ਨਗਰ ਦੇ ਸਾਰੇ ਲੋਕ ਸੌਂ ਜਾਣ, ਤਾਂ ਚੋਰ ਡਾਕੂ ਤਾਂ ਉਸ ਨਗਰ ਨੂੰ ਲੁੱਟਣਗੇ ਹੀ। ਇਸੇ ਤਰ੍ਹਾਂ ਮਨੁੱਖੀ ਸਰੀਰ ਦੇ ਸਾਰੇ ਇੰਦ੍ਰੇ ਰਸਾਂ ਕਸਾਂ ਵਿਚ ਮਸਤ ਹੋਏ ਸੁੱਤੇ ਪਏ ਹਨ। ਕਾਮਾਦਿਕ ਵਿਕਾਰ ਸਰੀਰ ਵਿਚੋਂ ਸ਼ੁੱਭ ਗੁਣਾਂ ਦੀ ਪੂੰਜੀ ਲੁੱਟੀ ਜਾਂਦੇ ਹਨ। ਬਾਹਰੀ ਮੁਖੀ ਬਿਰਤੀ ਨੂੰ ਅੰਦਰ ਵੱਲ ਮੋੜ ਲਵੇ ਤਾਂ ਇਕਾਗਰ ਮਨ ਨਾਲ ਕੀਤੇ ਸਿਮਰਨ ਦੀ ਬਰਕਤ ਦਸਮਾ ਦੁਆਰਾ ਖੁਲ੍ਹੇਗਾ। ਇਸ ਅਵਸਥਾ ਵਿਚ ਅਨੇਕਾਂ ਤਰ੍ਹਾਂ ਦੇ ਵਾਜਿਆਂ ਦੀ ਧੁਨਾਂ ਸੁਣਨਗੀਆਂ। ਮੁਖੋਂ ਬਾਣੀ ਪੜ੍ਹਨਾ ਤੇ ਨਾਮ ਜਪਣਾ ਪਹਿਲੀ ਅਵਸਥਾ ਹੈ। ਇਹ ਗੁਪਤੀ

ਬਾਣੀ ਨਹੀਂ, ਗੁਪਤ ਨਾਮ ਜਾਂ ਸ਼ਬਦ ਨਹੀਂ। ਗੁਪਤੀ ਬਾਣੀ, ਗੁਪਤ ਨਾਮ ਸਰੀਰ ਦੇ ਅੰਦਰ ਹੈ। ਇਹ ਪਰਗਟ ਉਦੋਂ ਹੁੰਦੀ ਹੈ, ਜਦੋਂ ਸੁਚੇਤ ਮਨ ਸਿਮਰਨ ਨਾਲ ਅਚੇਤ ਮਨ ਦੇ ਫੁਰਨਿਆਂ ਤੋਂ ਬਚ ਸਕੇ। ਮਨ ਦੇ ਅੰਦਰ ਦੀਆਂ ਖਾਹਿਸ਼ਾਂ ਅਤੇ ਇੰਦ੍ਰੀਆਂ ਦੇ ਵਿਸ਼ਿਆਂ ਤੋਂ ਉਪਰ ਉਠ ਕੇ ਆਤਮ ਮੰਡਲ ਵਿਚ ਦਾਖਲ ਹੋਵੇ। ਇਸ ਅਵਸਥਾ ਵਿਚ ਪਹੁੰਚ ਕੇ ਗੁਪਤ ਨਾਮ ਸਰੀਰ ਵਿਚੋਂ ਪ੍ਰਗਟ ਹੁੰਦਾ ਹੈ {ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ। ਦੇਹੀ ਮਹਿ ਇਸ ਕਾ ਬਿਸ੍ਰਾਮੁ ੨੯੩}। ਪ੍ਰਗਟ ਹੋਇਆ ਨਾਮ ਪ੍ਰਭੂ ਦੀ ਗੋਦ ਵਿਚ ਲੈ ਜਾਂਦਾ ਹੈ। ਬਾਣੀ ਵਿਚ ਪ੍ਰਭੂ ਨੂੰ ਯਾਦ ਕਰਨ ਦੇ ਕਈ ਤਰੀਕੇ ਹਨ, ਜਪਣਾ, ਸਿਮਰਨਾ ਤੇ ਧਿਆਉਣਾ। ਜੀਭ ਨਾਲ ਨਾਮ ਜਪਣਾ ਸ਼ੁਰੂ ਕਰਨਾ ਹੁੰਦਾ ਹੈ, ਜੀਭ ਨਾਲ ਜਪਿਆ ਨਾਮ ਹਿਰਦੇ ਵਿਚ ਪ੍ਰਵੇਸ਼ ਹੁੰਦਾ ਹੈ। ਫਿਰ ਆਪ ਮੁਹਾਰੇ ਹਿਰਦੇ ਅੰਦਰ ਨਾਮ ਚਲਦਾ ਰਹਿੰਦਾ ਹੈ। ਪਰ ਸੰਕਲਪਾਂ ਵਿਕਲਪਾਂ ਨੂੰ ਕਾਬੂ ਕਰਕੇ ਮਨ ਨੂੰ ਅੰਤਰ ਮੁਖੀ ਕੀਤਿਆਂ ਨਾਮ ਹਿਰਦੇ ਵਿਚ ਵਸਦਾ ਹੈ।

ਕੁਬੁਧਿ ਮਿਟੈ, ਗੁਰ ਸਬਦੁ ਬੀਚਾਰਿ ॥ ਸਤਿਗੁਰੁ ਭੇਟੈ, ਮੋਖ ਦੁਆਰ ॥ ਤਤੁ ਨ ਚੀਨੈ, ਮਨਮੁਖੁ ਜਲਿ ਜਾਇ ॥ ਦੁਰਮਤਿ ਵਿਛੁੜਿ, ਚੋਟਾ ਖਾਇ ॥ ਮਾਨੈ ਹੁਕਮੁ ,ਸਭੇ ਗੁਣ ਗਿਆਨ ॥ ਨਾਨਕ ਦਰਗਹ ਪਾਵੈ ਮਾਨੁ ॥੫੬॥ ਸਾਚੁ ਵਖਰੁ ਧਨੁ ,ਪਲੈ ਹੋਇ ॥ ਆਪਿ ਤਰੈ, ਤਾਰੇ ਭੀ ਸੋਇ ॥ ਸਹਜਿ ਰਤਾ ਬੂਝੈ ਪਤਿ ਹੋਇ ॥ ਤਾ ਕੀ ਕੀਮਤਿ ਕਰੈ ਨ ਕੋਇ ॥ ਜਹ ਦੇਖਾ ਤਹ ਰਹਿਆ ਸਮਾਇ ॥ ਨਾਨਕ ਪਾਰਿ ਪਰੈ ਸਚ ਭਾਇ ॥੫੭॥ (ਗੁਰੂ ਜੀ ਵੱਲੋਂ ੫੫ ਵੀਂ ਪਉੜੀ ਦਾ ਉਤਰ) ਗੁਰੂ ਦੇ ਸ਼ਬਦ ਨੂੰ ਵਿਚਾਰ ਕੇ ਖੋਟੀ ਬੁੱਧੀ ਮਿਟਦੀ ਹੈ। (ਜਿਹੜਾ ਮਨੁੱਖ) ਸਤਿਗੁਰੂ ਨੂੰ ਮਿਲਦਾ ਹੈ, (ਉਹ ਗੁਰੂ ਦੀ ਸਿੱਖਿਆ ਲੈ ਕੇ) ਮੁਕਤੀ ਦਾ ਦੁਆਰ ਪ੍ਰਾਪਤ ਕਰ ਲੈਂਦਾ ਹੈ। ਮਨਮੁਖ ਅਸਲੀਅਤ ਨੂੰ ਨਹੀਂ ਪਛਾਣਦਾ, (ਜਿਸ ਕਰਕੇ ਉਹ ਵਿਸ਼ੇ ਵਿਕਾਰਾਂ ਦੀ ਅੱਗ ਵਿਚ) ਜਲ ਜਾਂਦਾ ਹੈ। ਖੋਟੀ ਮੱਤ ਦੇ ਕਾਰਣ ਪ੍ਰਭੂ ਤੋਂ ਵਿਛੜ ਕੇ (ਮਨਮੁਖ ਜਮਾਂ ਦੀਆਂ) ਚੋਟਾਂ ਖਾਂਦਾ ਹੈ। (ਜੋ ਮਨੁੱਖ) ਗੁਰੂ ਦਾ ਹੁਕਮ ਮੰਨਦਾ ਹੈ, (ਉਸ ਨੂੰ) ਰੱਬੀ ਗਿਆਨ ਅਤੇ ਸਾਰੇ ਦੈਵੀ ਗੁਣ ਪ੍ਰਾਪਤ ਹੋ ਜਾਂਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ) ਦਰਗਾਹ ਵਿਚ ਆਦਰ ਪ੍ਰਾਪਤ ਕਰਦਾ ਹੈ (ਜਿਸ ਕਰਕੇ ਉਹ ਭਵਜਲ ਤੋਂ ਪਾਰ ਹੁੰਦਾ ਹੈ)।੫੬। (ਗੁਰੂ ਜੀ ਦਾ ਉਤਰ ਜਾਰੀ ਹੈ) ਸੱਚਾ ਸੌਦਾ ਪ੍ਰਭੂ ਦਾ ਨਾਮ ਧਨ (ਜਿਸ ਮਨੁੱਖ ਦੇ) ਹਿਰਦੇ ਰੂਪ ਪੱਲੇ ਵਿਚ ਹੋਵੇ। ਉਹ (ਸੰਸਾਰ ਸਮੁੰਦਰ ਤੋਂ) ਆਪ ਵੀ ਤਰਦਾ ਹੈ ਅਤੇ (ਅਪਣੇ ਸੰਗੀ ਸਾਥੀਆਂ ਨੂੰ) ਵੀ ਤਾਰ ਦੇਂਦਾ ਹੈ। (ਜੋ ਮਨੁੱਖ) ਸਹਿਜ ਅਵਸਥਾ ਰਾਹੀਂ ਪ੍ਰਭੂ ਨਾਲ ਜੁੜਿਆ ਹੈ, ਉਹ ਅਸਲੀਅਤ ਨੂੰ ਸਮਝਦਾ ਹੈ, (ਇਸ ਕਰਕੇ ਲੋਕ ਪ੍ਰਲੋਕ ਵਿਚ ਉਸ ਦੀ) ਇੱਜਤ ਹੁੰਦੀ ਹੈ। ਉਸ ਦੀ ਕੀਮਤ ਕੋਈ ਨਹੀਂ ਪਾ ਸਕਦਾ (ਉਸ ਦੀ ਮਹਿਮਾਂ ਬਹੁਤ ਹੈ। ਫਿਰ ਉਹ) ਜਿੱਥੇ ਵੀ ਦੇਖਦਾ ਹੈ, ਉਥੇ (ਉਸ ਨੂੰ) ਪ੍ਰਭੂ ਵਿਆਪਕ ਹੋ ਰਿਹਾ ਦਿਸਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਸੱਚੇ ਪ੍ਰਭੂ ਦੇ ਪਿਆਰ ਦੁਆਰਾ ਭਵਜਲ ਤੋਂ ਪਾਰ ਹੋ ਜਾਂਦਾ ਹੈ।੫੭।

ਪਦਾਰਥ = ਕੁਬੁਧਿ-ਖੋਟੀ ਬੁੱਧੀ। ਭੇਟੈ-ਮਿਲਦਾ ਹੈ। ਮੋਖ ਦੁਆਰ-ਮੁਕਤੀ ਦਾ ਦੁਆਰ (ਗਿਆਨ)। ਤਤੁ-ਅਸਲੀਅਤ। ਨ ਚੀਨੈ-ਪਛਾਣਦਾ ਨਹੀਂ। ਜਲਿ ਜਾਇ-ਜਲ ਜਾਂਦਾ ਹੇ। ਦੁਰਮਤਿ-ਖੋਟੀ ਮੱਤ। ਮਾਨੈ-ਮੰਨਦਾ ਹੈ। ਮਾਨੁ-ਆਦਰ। ੫੬। ਵਖਰੁ-ਸੌਦਾ। ਪਲੈ-ਹਿਰਦੇ ਰੂਪ ਪੱਲੇ ਵਿਚ। ਤਾਰੇ-ਤਾਰ ਦੇਂਦਾ ਹੈ। ਸੋਇ-ਉਹ (ਮਨੁੱਖ)। ਸਹਜਿ-ਸਹਿਜ ਅਵਸਥਾ ਰਾਹੀਂ। ਰਤਾ-ਜੁੜਿਆ ਹੈ; ਪ੍ਰੀਤਵਾਨ। ਪਤਿ-ਇੱਜਤ। ਤਾ ਕੀ-ਉਸ ਦੀ। ਜਹ-ਜਿੱਥੇ। ਤਹ-ਉਥੇ। ਰਹਿਆ ਸਮਾਇ-ਵਿਆਪਕ ਹੋ ਰਿਹਾ ਹੈ। ਪਾਰਿ ਪਰੈ-ਪਾਰ ਪੈਂਦਾ ਹੈ। ਸਚ ਭਾਇ-ਸੱਚੇ ਪ੍ਰਭੂ ਦੇ ਪਿਆਰ ਦੁਆਰਾ।੫੭।

ਸੁ ਸਬਦ ਕਾ ਕਹਾ ਵਾਸੁ ਕਥੀਅਲੇ, ਜਿਤੁ ਤਰੀਐ ਭਵਜਲੁ ਸੰਸਾਰੋ ॥ ਤ੍ਰੈ ਸਤ ਅੰਗੁਲ ਵਾਈ ਕਹੀਐ, ਤਿਸੁ ਕਹੁ ਕਵਨੁ ਅਧਾਰੋ ॥ ਬੋਲੈ ਖੇਲੈ ਅਸਥਿਰੁ ਹੋਵੈ, ਕਿਉ ਕਰਿ ਅਲਖ ਲਖਾਏ ॥ ਸੁਣਿ ਸੁਆਮੀ ਸਚੁ ਨਾਨਕੁ ਪ੍ਰਣਵੈ, ਅਪਣੇ ਮਨ ਸਮਝਾਏ ॥ ਗੁਰਮੁਖਿ ਸਬਦੇ ਸਚਿ ਲਿਵ ਲਾਗੈ, ਕਰਿ ਨਦਰੀ ਮੇਲਿ ਮਿਲਾਏ ॥ ਆਪੇ ਦਾਨਾ ਆਪੇ ਬੀਨਾ, ਪੂਰੈ ਭਾਗਿ ਸਮਾਏ ॥੫੮॥ ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ, ਜਹ ਦੇਖਾ ਤਹ ਸੋਈ ॥ ਪਵਨ ਕਾ ਵਾਸਾ ਸੁੰਨ ਨਿਵਾਸਾ, ਅਕਲ ਕਲਾ ਧਰ ਸੋਈ ॥ ਨਦਰਿ ਕਰੇ ਸਬਦੁ ਘਟ ਮਹਿ ਵਸੈ, ਵਿਚਹੁ ਭਰਮੁ ਗਵਾਏ ॥ ਤਨੁ ਮਨੁ ਨਿਰਮਲੁ ਨਿਰਮਲ ਬਾਣੀ, ਨਾਮੋੁ ਮੰਨਿ ਵਸਾਏ ॥ ਸਬਦਿ ਗੁਰੂ ਭਵ ਸਾਗਰ ਤਰੀਐ, ਇਤ ਉਤ ਏਕੋ ਜਾਣੈ ॥ ਚਿਹਨੁ ਵਰਨੁ ਨਹੀ ਛਾਇਆ ਮਾਇਆ, ਨਾਨਕ ਸਬਦੁ ਪਛਾਣੈ ॥੫੯॥ (ਜੋਗੀ ਪ੍ਰਸ਼ਨ ਕਰਦੇ ਹਨ ਕਿ) ਉਸ ਸ਼ਬਦ ਦਾ ਵਾਸਾ ਕਿਥੇ ਕਿਹਾ ਜਾਂਦਾ ਹੈ? ਜਿਸ (ਸ਼ਬਦ) ਦੁਆਰਾ ਭਵਜਲ ਤੋਂ ਤਰਿਆ ਜਾ ਸਕਦਾ ਹੈ। (ਜੋਗੀ ਮੰਨਦੇ ਹਨ ਕਿ ਜਦ ਸਾਹ ਲਈਦਾ ਹੈ ਤਾਂ ਹਵਾ ਨਾਸਾਂ ਤੋਂ ਦਸ ਉਂਗਲ ਤਕ ਬਾਹਰ ਜਾਂਦੀ ਹੈ। ਇਸ ਲਈ ਪੁੱਛਦੇ ਹਨ ਕਿ ਜਿਸ) ਸੁਆਸ ਨੂੰ ਦਸ ਉਂਗਲ ਬਾਹਰ ਜਾਂਦਾ ਕਹੀਦਾ ਹੈ, ਦੱਸੋ ਉਸ ਦਾ ਆਸਰਾ ਕੀ ਹੈ? (ਜੋ ਜੀਵਾਤਮਾ ਸਰੀਰ ਵਿਚ) ਬੋਲਦਾ ਹੈ ਤੇ ਖੇਲ੍ਹਦਾ ਹੈ,

(ਉਹ) ਅਡੋਲ ਕਿਵੇਂ ਹੋ ਸਕਦਾ ਹੈ? ਅਤੇ ਕਿਵੇਂ ਅਲੱਖ ਪ੍ਰਭੂ ਨੂੰ ਸਮਝ ਸਕੇ? (ਗੁਰੂ ਜੀ ਦਾ ਉਤਰ) ਹੇ ਸੁਆਮੀ! ਤੂੰ ਸੁਣ, ਨਾਨਕ ਸੱਚ ਆਖਦਾ ਹੈ (ਕਿ ਜਿਸ ਤਰ੍ਹਾਂ ਮੈਂ) ਅਪਣੇ ਮਨ ਨੂੰ ਸਮਝਾਇਆ ਹੈ (ਮੈਂ ਉਹ ਤਜਰਬੇ ਦੀ ਗੱਲ ਦਸਦਾ ਹਾਂ।ਗੁਰੂ ਦੇ) ਸ਼ਬਦ ਦੁਆਰਾ ਜਿਸ ਗੁਰਮੁਖ ਦੀ ਸੱਚੇ ਪ੍ਰਭੂ ਵਿਚ ਲਿਵ ਲਗਦੀ ਹੈ, (ਉਸ ਨੂੰ ਪ੍ਰਭੂ) ਮੇਹਰ ਦੀ ਨਜਰ ਕਰਕੇ (ਸਤ ਸੰਗਤ ਦੇ) ਮੇਲ ਵਿਚ ਮਿਲਾ ਲੈਂਦਾ ਹੈ।ਪ੍ਰਭੂ ਆਪੇ (ਹਰੇਕ ਜੀਵ ਦੇ ਦਿਲ ਦੇ ਅੰਦਰ ਦੀ) ਜਾਨਣ ਵਾਲਾ ਹੈ, ਆਪ ਹੀ (ਹਰੇਕ ਜੀਵ ਦੇ ਦਿਲ ਦੀ) ਹਾਲਤ ਦੇਖਣ ਵਾਲਾ ਹੈ, (ਇਸ ਤਰ੍ਹਾਂ ਦੀ ਸਮਝ ਮਿਲ ਜਾਣ ਨਾਲ ਗੁਰਮੁਖ) ਪੂਰੇ ਭਾਗਾਂ ਨਾਲ ਪ੍ਰਭੂ ਵਿਚ ਸਮਾ ਜਾਂਦਾ ਹੈ।੫੮ ।(ਗੁਰੂ ਜੀ ਵੱਲੋਂ ੫੭ ਵੀਂ ਪਉੜੀ ਦਾ ਵੇਰਵੇ ਸਹਿਤ ਉਤਰ) ਉਸ ਸ਼ਬਦ ਦਾ ਵਾਸਾ ਹਰ ਇਕ ਜੀਵ ਦੇ ਅੰਦਰ ਹੈ, ਪਰ ਉਹ ਅਦ੍ਰਿਸ਼ਟ ਰਹਿੰਦਾ ਹੈ, (ਵੈਸੇ ਉਹ ਹਰ ਥਾਂ ਮੋਜੂਦ ਹੈ) ਮੈਂ ਜਿੱਥੇ ਦੇਖਦਾ ਹਾਂ, ਉਥੇ ਉਹ (ਸ਼ਬਦ ਵਿਆਪਕ) ਹੈ {ਜੇਤਾ ਕੀਤਾ ਤੇਤਾ ਨਾਉ।ਵਿਣੁ ਨਾਵੈ ਨਾਹੀ ਕੋ ਥਾਉ ੪}।ਜਿਵੇਂ ਪਵਨ ਦਾ ਵਾਸਾ ਸਭ ਥਾਂਵਾਂ ਤੇ ਹੈ, ਤਿਵੇਂ ਅਫੁਰ ਪ੍ਰਭੂ ਦਾ ਨਿਵਾਸ ਸਭ ਥਾਂ ਹੈ, ਸਾਰੇ ਜੀਵਾਂ ਦੇ ਅੰਦਰ ਉਹ ਹੀ ਕਲਾ ਰਹਿਤ (ਨਿਰਗੁਣ) ਪ੍ਰਭੂ ਅਪਣੀ ਸ਼ਕਤੀ ਰੱਖਣ ਵਾਲਾ ਹੈ (ਪਰ ਉਸ ਦੀ ਕਲਾ ਦਿਸਦੀ ਨਹੀਂ, ਉਸੇ ਦੇ ਆਸਰੇ ਪ੍ਰਾਣ ਚਲਦੇ ਹਨ){ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ ੪੬੯}।(ਜਿਸ ਮਨੁੱਖ ਉਤੇ) ਪ੍ਰਭੂ ਅਪਣੀ ਮੇਹਰ ਦੀ ਨਜਰ ਕਰ ਦੇਵੇ, (ਸ਼ਬਦ ਉਸ ਦੇ) ਹਿਰਦੇ ਵਿਚ ਵਸਦਾ ਹੈ, (ਇਹ ਸ਼ਬਦ ਉਸ ਦੇ ਮਨ) ਵਿਚੋਂ ਭਰਮ ਦੂਰ ਕਰ ਦੇਂਦਾ ਹੈ।(ਫਿਰ ਉਸ ਦਾ) ਤਨ ਮਨ ਪਵਿਤ੍ਰ ਹੋ ਜਾਂਦਾ ਹੈ ਅਤੇ (ਉਸ ਦੀ) ਬੋਲ ਬਾਣੀ ਵੀ ਪਵਿਤ੍ਰ ਹੁੰਦੀ ਹੈ, (ਕਿਉਂਕਿ ਉਹ ਪ੍ਰਭੂ ਦੇ) ਨਾਮ ਨੂੰ ਅਪਣੇ ਮਨ ਵਿਚ ਵਸਾ ਲੈਂਦਾ ਹੈ।ਇਥੇ ਉਥੇ (ਹਰ ਥਾਂ ਉਹ) ਇਕ ਪ੍ਰਭੂ ਨੂੰ ਵਿਆਪਕ ਜਾਣਦਾ ਹੈ, ਗੁਰੂ ਦੇ ਸ਼ਬਦ ਦੁਆਰਾ ਭਵਜਲ ਨੂੰ ਤਰ ਜਾਈਦਾ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਉਹ ਉਸ) ਸ਼ਬਦ ਨੂੰ ਪਛਾਣਦਾ ਹੈ, (ਜਿਸ ਦਾ ਕੋਈ) ਰੰਗ ਤੇ ਚਿੰਨ ਨਹੀਂ ਅਤੇ (ਜਿਸ ਉਤੇ) ਮਾਇਆ ਦਾ ਅਸਰ ਨਹੀਂ (ਉਹ ਸ਼ਬਦ ਤੇ ਪ੍ਰਭੂ ਇਕੋ ਰੂਪ ਹਨ)।੫੯।

ਸੁਣਿ ਸੁਆਮੀ = ਹੇ ਨਾਨਕ ਸੁਆਮੀ! ਤੂੰ ਸੁਣ, ਮੈਂ ਸੱਚੀ ਗੱਲ ਕਹਿੰਦਾ ਹਾਂ ਕਿ ਅਪਣੇ ਮਨ ਨੂੰ ਕਿਵੇਂ ਸਮਝਾਇਆ ਜਾਵੇ? (ਸੰ.ਸ. ;ਟਕਸਾਲ)।ਤ੍ਰੈ ਸਤ ਅੰਗੁਲ = ੩+੭ – ਦਸ ਉਂਗਲ।ਪ੍ਰਾਣ ਵਾਯੂ ਜੋ ਧੁਨੀ ਤੋਂ ਉਠ ਕੇ ਮੂੰਹ ਤਕ ਜਾਂਦੀ ਹੈ (ਸੰ.ਸ.)।

ਪਦਾਰਥ = ਸੁ–ਉਸ।ਕਹਾ–ਕਿੱਥੇ।ਵਾਸੁ–ਵਾਸਾ (ਟਿਕਾਣਾ)।ਕਥੀਅਲੇ–ਕਿਹਾ ਜਾਂਦਾ ਹੈ।ਜਿਤੁ–ਜਿਸ ਦੁਆਰਾ।ਭਵਜਲੁ ਸੰਸਾਰੋ–ਸੰਸਾਰ ਸਮੁੰਦਰ ਤੋਂ।ਤ੍ਰੈ ਸਤ–੩+੭ –ਦਸ।ਅੰਗੁਲ–ਉਂਗਲਾਂ।ਵਾਈ–ਪ੍ਰਾਣ ਵਾਯੂ।ਕਹੁ–ਕਹੋ; ਦੱਸੋ।ਕਵਨੁ–ਕੀ; ਕੌਣ।ਅਧਾਰੋ–ਆਸਰਾ।ਖੇਲੈ–ਖੇਲਦਾ (ਕਲੋਲਾਂ ਕਰਦਾ) ਹੈ।ਅਸਥਿਰੁ–ਅਡੋਲ; ਸਥਿਰ।ਕਿਉ ਕਰਿ–ਕਿਵੇਂ।ਅਲਖੁ–(ਅਲੱਖ ਬੋਲੋ) ਅਦ੍ਰਿਸ਼ਟ; ਜੋ ਅਸ਼ੁੱਧ ਮਨ ਰਾਹੀਂ ਜਾਣਿਆ ਨਾ ਜਾ ਸਕੇ।ਲਖਾਏ–ਦੇਖ ਸਕੇ; ਸਮਝ ਸਕੇ।ਪ੍ਰਣਵੈ–ਪ੍ਰੇਮ ਪੂਰਬਕ ਕਹਿੰਦਾ ਹੈ।ਗੁਰਮੁਖਿ–ਗੁਰੂ ਦੀ ਸਿੱਖਿਆ ਅਨੁਸਾਰ ਚਲਣ ਵਾਲਾ ਮਨੁੱਖ।ਸਬਦੇ–ਸ਼ਬਦ ਰਾਹੀਂ।ਸਚਿ–ਸੱਚੇ ਪ੍ਰਭੂ ਵਿਚ।ਲਿਵ–ਬਿਰਤੀ ਦੀ ਇਕਾਗ੍ਰਤਾ।ਨਦਰੀ–ਮੇਹਰ ਦੀ ਨਜਰ ਕਰਕੇ।ਮੇਲਿ–ਮੇਲ (ਸਤ ਸੰਗਤ) ਵਿਚ।ਦਾਨਾ–ਦਿਲ ਦੀ ਜਾਨਣ ਵਾਲਾ।ਬੀਨਾ–ਦੇਖਣ ਵਾਲਾ।ਪੂਰੈ ਭਾਗਿ–ਪੂਰੇ ਭਾਗਾਂ ਨਾਲ।ਸਮਾਏ–ਸਮਾ ਜਾਂਦਾ ਹੈ।੫੮।ਕਉ–ਕੋ (ਦਾ)।ਨਿਰੰਤਰਿ–ਹਰੇਕ (ਜੀਵ) ਦੇ ਅੰਦਰ।ਅਲਖੰ–ਅਦ੍ਰਿਸ਼ਟ; ਜੋ ਅਸ਼ੁੱਧ ਮਨ ਤੋਂ ਨਾ ਜਾਣਿਆ ਜਾਵੇ।ਜਹ–ਜਿਥੇ।ਦੇਖਾ–ਮੈਂ ਦੇਖਦਾ ਹਾਂ।ਤਹ–ਉਥੇ।ਸੋਈ–ਉਹ ਹੀ।ਪਵਨ–ਹਵਾ।ਸੁੰਨ–ਅਫੁਰ ਪ੍ਰਭੂ। ਅਕਲ–ਕਲਾ ਰਹਿਤ ਪ੍ਰਭੂ (ਜਿਵੇਂ ਚੰਦ ਦੀਆਂ ਕਲਾਂ ਹਨ, ਪ੍ਰਭੂ ਦੀਆਂ ਕਲਾਂ ਨਹੀਂ)।ਕਲਾ ਧਰ–ਕਲਾਧਾਰੀ (ਸਾਰੀਆਂ ਸ਼ਕਤੀਆਂ ਰੱਖਣ ਵਾਲਾ)।ਘਟ ਮਹਿ–ਹਿਰਦੇ ਵਿਚ।ਵਿਚਹੁ–ਮਨ ਵਿਚੋਂ।ਗਵਾਏ–ਦੂਰ ਕਰਦਾ ਹੈ।ਤਨੁ–ਸਰੀਰ।ਨਿਰਮਲੁ–ਮੈਲ ਰਹਿਤ (ਪਵਿਤ੍ਰ)।ਬਾਣੀ–ਬੋਲ ਬਾਣੀ।ਮੰਨਿ–ਮਨ ਵਿਚ।ਸਬਦਿ–ਸ਼ਬਦ ਦੁਆਰਾ।ਭਵ ਸਾਗਰ–ਸੰਸਾਰ ਸਮੁੰਦਰ।ਇਤ ਉਤ–ਇਥੇ ਉਥੇ (ਸਭ ਜਗ੍ਹਾ)।ਏਕੋ–ਇਕ ਪ੍ਰਭੂ ਨੂੰ।ਚਿਹਨੁ–ਚਿੰਨ।ਵਰਨੁ–ਰੰਗ ਰੂਪ।ਛਾਇਆ ਮਾਇਆ–ਮਾਇਆ ਦਾ ਅਸਰ।੫੯।

ਵਿਆਖਿਆ = ਇਨ੍ਹਾਂ ਪਉੜੀਆਂ ਵਿਚ ਸ਼ਬਦ ਦੇ ਦੱਸੇ ਸਰੂਪ ਨੂੰ ਸਮਝਣ ਲਈ ਇਹ ਵਿਆਖਿਆ ਪੜ੍ਹਨੀ ਜਰੂਰੀ ਹੈ।ਜਿਵੇਂ ਪ੍ਰਭੂ ਪ੍ਰੇਮ ਸਰੂਪ, ਗਿਆਨ ਸਰੂਪ, ਸੱਚ ਸਰੂਪ, ਦਇਆ ਸਰੂਪ ਆਦਿ ਹੈ।ਤਿਵੇਂ ਉਹ ਸ਼ਬਦ ਸਰੂਪ ਵੀ ਹੈ, ਕਿਉਂਕਿ ਉਹ ਆਪ ਸਰਬ ਵਿਆਪਕ ਹੈ, ਇਸ ਲਈ ਉਸ ਦਾ ਸ਼ਬਦ ਵੀ ਸਰਬ ਵਿਆਪਕ ਹੈ, ਜੋ ਉਸ ਦੇ ਅਪਣੇ ਅੰਦਰ ਹੈ ਤੇ ਹਰੇਕ ਜੀਵ ਦੇ ਅੰਦਰ ਮੌਜੂਦ ਹੈ।ਇਹ ਉਹ ਸ਼ਬਦ ਹੈ, ਜੋ ਗੁਰੂਆਂ ਦੇ ਅੰਦਰ ਪ੍ਰਕਾਸ਼ਵਾਨ ਹੋ ਜਾਂਦਾ ਹੈ, ਪ੍ਰਕਾਸ਼ਵਾਨ ਉਦੋਂ ਹੁੰਦਾ ਹੈ, ਜਦੋਂ ਪ੍ਰਭੂ ਉਨ੍ਹਾਂ ਦੇ ਅੰਦਰ ਸਾਖਿਆਤ ਹੁੰਦਾ ਹੈ।ਇਸ ਤਰ੍ਹਾਂ ਗੁਰੂਆਂ ਨੂੰ ਬਾਣੀ ਉਤਰਦੀ ਹੈ, ਜਿਸ ਨੂੰ ਉਹ ਦੁਨੀਆਂ ਤਕ ਪਹੁੰਚਾਉਂਦੇ ਹਨ।ਸ਼ਬਦ ਹਰੇਕ ਜੀਵ ਦੇ ਅੰਦਰ ਵਜ ਰਿਹਾ ਹੈ, ਪਰ ਸੁਣਾਈ ਨਹੀਂ ਦਿੰਦਾ, ਜਿੰਨਾ ਚਿਰ ਤਕ ਮਨੁੱਖ ਨਾਮ ਬਾਣੀ ਦਾ ਅਭਿਆਸ ਨਾ ਕਰੇ।ਨਾਮ ਦੁਆਰਾ

ਗਿਆਨ ਇੰਦ੍ਰੀਆਂ ਦੀ ਸੋਝੀ ਤੋਂ ਉਤੇ ਇਕ ਉਚੀ ਸੁਰਤ ਬਣਦੀ ਹੈ, ਜਿਸ ਵਿਚ ਪ੍ਰਭੂ ਪ੍ਰਗਟ ਹੁੰਦਾ ਹੈ। ਇਸ ਤੋਂ ਜੋ ਅਨੰਦ ਉਪਜਦਾ ਹੈ, ਉਹ ਸੰਗੀਤਕ ਵੀ ਹੋ ਜਾਂਦਾ ਹੈ, ਇਸੇ ਨੂੰ ਕਿਹਾ ਜਾਂਦਾ ਹੈ ਕਿ ਨਾਦ ਵੱਜਿਆ ਹੈ। (ਡਾ. ਤਾਰਨ ਸਿੰਘ)।

ਜੋਗੀ ਸਰੀਰ ਵਿਚ ਸ਼ਬਦ ਸੁਣਨਾ ਚਾਹੁੰਦੇ ਹਨ, ਪਰ ਗੁਰੂ ਜੀ ਉਨ੍ਹਾਂ ਨੂੰ ਹੋਰ ਅਰਥਾਂ ਵਿਚ ਵਰਤ ਕੇ ਸ਼ਬਦ ਦਾ ਭਾਵ ਸਮਝਾਉਂਦੇ ਹਨ। ਜੋਗੀ ਪਵਨ ਸੁਆਸਾਂ ਲਈ ਵਰਤਦੇ ਹਨ, ਪਰ ਗੁਰੂ ਜੀ ਪਵਨ ਨੂੰ ਹਵਾ ਦੇ ਅਰਥਾਂ ਵਿਚ ਵਰਤਦੇ ਹਨ, ਹਰੀ ਪਵਨ ਵਾਂਗ ਸਰਬ ਵਿਆਪਕ ਹੈ। ਜਿਵੇਂ ਹਵਾ ਦਾ ਬੁੱਲਾ ਆਇਆ ਪ੍ਰਤੀਤ ਹੁੰਦਾ ਹੈ, ਤਿਵੇਂ ਜਿਨ੍ਹਾਂ ਨੂੰ ਛੋਹ ਪ੍ਰਾਪਤ ਹੈ, ਉਨ੍ਹਾਂ ਨੂੰ ਸਰਬ ਵਿਆਪਕ ਹਰੀ ਅਨੁਭਵ ਹੁੰਦਾ ਹੈ। ਕਈ ਵਿਦਵਾਨ ਸੰਸਾਰ ਨੂੰ ਮਾਇਆ ਦੀ ਖੇਡ ਅਤੇ ਕਈ ਅਸਲੀਅਤ ਦਾ ਅਕਸ (ਛਾਇਆ) ਮੰਨਦੇ ਹਨ, ਪਰ ਗੁਰਮੁਖ ਮਾਇਆ ਤੇ ਛਾਇਆ ਦੇ ਕਰਣਹਾਰ ਨੂੰ ਪਛਾਣਦਾ ਹੈ (ਸ਼ਬਦਾਰਥ)। (ਅਗਲੀ ਪਉੜੀ ਵਿਚ ਵੀ ਉਤਰ ਜਾਰੀ ਹੈ)

ਤ੍ਰੈ ਸਤ ਅੰਗੁਲ ਵਾਈ ਅਉਧੂ ,ਸੁੰਨ ਸਚੁ ਅਹਾਰੋ ॥ ਗੁਰਮੁਖਿ ਬੋਲੈ ਤਤੁ ਬਿਰੋਲੈ, ਚੀਨੈ ਅਲਖ ਅਪਾਰੋ ॥ ਤ੍ਰੈ ਗੁਣ ਮੇਟੈ ਸਬਦੁ ਵਸਾਏ, ਤਾ ਮਨਿ ਚੂਕੈ ਅਹੰਕਾਰੋ ॥ ਅੰਤਰਿ ਬਾਹਰਿ ਏਕੋ ਜਾਣੈ, ਤਾ ਹਰਿ ਨਾਮਿ ਲਗੈ ਪਿਆਰੋ ॥ ਸੁਖਮਨਾ ਇੜਾ ਪਿੰਗੁਲਾ ਬੂਝੈ, ਜਾ ਆਪੇ ਅਲਖੁ ਲਖਾਏ ॥ ਨਾਨਕ ਤਿਹੁ ਤੇ ਊਪਰਿ ਸਾਚਾ, ਸਤਿਗੁਰ ਸਬਦਿ ਸਮਾਏ ॥੬੦॥ ਮਨ ਕਾ ਜੀਉ ਪਵਨੁ ਕਥੀਅਲੇ, ਪਵਨੁ ਕਹਾ ਰਸੁ ਖਾਈ ॥ ਗਿਆਨ ਕੀ ਮੁਦ੍ਰਾ ਕਵਨ ਅਉਧੂ ,ਸਿਧ ਕੀ ਕਵਨ ਕਮਾਈ ॥ ਹੇ ਜੋਗੀ! (ਜੋ ਤੁਸੀਂ) ਦਸ ਉਂਗਲਾਂ ਸੁਆਸ ਬਾਹਰ ਜਾਂਦੇ ਦਸਦੇ ਹੋ, (ਉਸ ਦੀ) ਖੁਰਾਕ ਸੱਚ ਸਰੂਪ ਨਿਰਗੁਣ ਪ੍ਰਭੂ ਹੈ (ਪ੍ਰਾਣ ਉਸੇ ਦੇ ਆਸਰੇ ਚਲਦੇ ਹਨ। ਜੋ) ਗੁਰਮੁਖ ਸ਼ਬਦ ਬੋਲਦਾ (ਨਾਮ ਜਪਦਾ) ਹੈ, (ਉਹ) ਅਸਲੀਅਤ ਕੱਢਦਾ (ਨਿਰਣਾ ਕਰਦਾ) ਹੈ, (ਇਸ ਤਰ੍ਹਾਂ ਉਹ) ਅਦ੍ਰਿਸ਼ਟ ਤੇ ਬੇਅੰਤ ਪ੍ਰਭੂ ਨੂੰ ਜਾਣ ਲੈਂਦਾ ਹੈ। (ਜਿਹੜਾ ਮਨੁੱਖ) ਤਿੰਨ ਗੁਣਾਂ ਦੇ ਅਸਰ ਨੂੰ ਮਿਟਾ ਲੈਂਦਾ ਹੈ ਅਤੇ ਹਿਰਦੇ ਵਿਚ ਗੁਰੂ ਦੇ ਸ਼ਬਦ ਨੂੰ ਵਸਾਉਂਦਾ ਹੈ ,ਤਾਂ (ਸ਼ਬਦ ਦੀ ਬਰਕਤ ਨਾਲ ਉਸ ਦੇ) ਮਨ ਵਿਚੋਂ ਹੰਕਾਰ ਦੂਰ ਹੋ ਜਾਂਦਾ ਹੈ। (ਜਦੋਂ ਉਹ ਅਪਣੇ) ਅੰਦਰ ਤੇ ਬਾਹਰ ਸੰਸਾਰ ਵਿਚ ਇਕ ਪ੍ਰਭੂ ਨੂੰ ਵਸਦਾ ਜਾਣਦਾ ਹੈ, ਤਾਂ (ਉਸ ਦਾ) ਹਰੀ ਦੇ ਨਾਮ ਵਿਚ ਪਿਆਰ ਲਗਦਾ ਹੈ। ਜਦੋਂ ਅਲੱਖ ਪ੍ਰਭੂ ਆਪ (ਉਸ ਨੂੰ ਅਪਣੀ) ਜਾਣ ਪਛਾਣ ਕਰਾ ਦੇਂਦਾ ਹੈ, ਤਾਂ (ਉਹ ਮਨੁੱਖ) ਸੁਖਮਨਾ, ਇੜਾ ਤੇ ਪਿੰਗਲਾ ਨੂੰ ਸਮਝ (ਤਿੰਨ ਨਾੜੀਆਂ ਦਾ ਗਿਆਨ ਪ੍ਰਾਪਤ ਕਰ) ਲੈਂਦਾ ਹੈ (ਜੋ ਜੋਗੀ ਸੁਖਮਨਾ, ਇੜਾ ਤੇ ਪਿੰਗਲਾ ਵਿਚ ਸੁਆਸਾਂ ਦੇ ਅਭਿਆਸ ਨਾਲ ਯੋਗ ਪ੍ਰਾਪਤ ਕਰਨਾ ਚਾਹੁੰਦਾ ਹੈ)। ਨਾਨਕ ਗੁਰੂ ਜੀ ਆਖਦੇ ਹਨ ਕਿ ਤਿੰਨ ਨਾੜੀਆਂ ਦੇ ਅਭਿਆਸ ਤੋਂ ਉਪਰ ਜੋ ਪ੍ਰਭੂ ਹੈ, (ਉਸ ਵਿਚ ਉਹ) ਸਤਿਗੁਰੂ ਦੇ ਸ਼ਬਦ ਦੁਆਰਾ ਸਮਾ ਜਾਂਦਾ ਹੈ। ੬੦। (ਸਿੱਧਾਂ ਦਾ ਪ੍ਰਸ਼ਨ) ਮਨ ਦਾ ਜੀਵਨ ਪ੍ਰਾਣ ਕਹੇ ਜਾਂਦੇ ਹਨ, ਪਰ ਪ੍ਰਾਣ ਕਿਥੋਂ ਰਸ ਖਾਂਦੇ ਹਨ (ਪ੍ਰਾਣਾਂ ਦਾ ਆਸਰਾ ਕੀ ਹੈ)? ਹੇ ਅਉਧੂ (ਗੁਰੂ ਜੀ)! ਗਿਆਨ ਪ੍ਰਾਪਤ ਕਰਨ ਦੀ ਮਰਿਆਦਾ ਕੀ ਹੈ ਤੇ ਸੰਤਾਂ ਦੀ ਕਮਾਈ ਕਿਹੜੀ ਹੈ?

ਅੰਗ ੯੪੫ = ਬਿਨੁ ਸਬਦੈ ਰਸੁ ਨ ਆਵੈ ਅਉਧੂ ,ਹਉਮੈ ਪਿਆਸ ਨ ਜਾਈ ॥ ਸਬਦਿ ਰਤੇ ਅੰਮ੍ਰਿਤ ਰਸੁ ਪਾਇਆ, ਸਾਚੇ ਰਹੇ ਅਘਾਈ ॥ ਕਵਨ ਬੁਧਿ ਜਿਤੁ ਅਸਥਿਰੁ ਰਹੀਐ, ਕਿਤੁ ਭੋਜਨਿ ਤ੍ਰਿਪਤਾਸੈ ॥ ਨਾਨਕ ਦੁਖੁ ਸੁਖੁ ਸਮ ਕਰਿ ਜਾਪੈ, ਸਤਿਗੁਰ ਤੇ ਕਾਲੁ ਨ ਗ੍ਰਾਸੈ ॥੬੧॥ (ਗੁਰੂ ਜੀ ਦਾ ਉਤਰ) ਹੇ ਜੋਗੀ! (ਗੁਰੂ ਦੇ) ਸ਼ਬਦ ਤੋਂ ਬਿਨਾ ਪ੍ਰਾਣਾਂ ਨੂੰ ਰਸ ਨਹੀਂ ਆਉਂਦਾ (ਪ੍ਰਾਣਾਂ ਦਾ ਆਸਰਾ ਸ਼ਬਦ ਹੈ) ਅਤੇ ਹਉਮੈ ਤੇ ਪਦਾਰਥਾਂ ਦੀ ਪਿਆਸ (ਇੱਛਾ) ਨਹੀਂ ਜਾਂਦੀ। ਜੋ ਮਨੁੱਖ ਗੁਰੂ ਦੇ) ਸ਼ਬਦ ਵਿਚ ਰੰਗੇ ਹੋਏ ਹਨ, (ਉਨ੍ਹਾਂ ਨੂੰ) ਅੰਮ੍ਰਿਤ ਰਸ ਪ੍ਰਾਪਤ ਹੋਇਆ ਹੈ ਅਤੇ (ਉਹ) ਸੱਚੇ ਪ੍ਰਭੂ ਦੇ ਨਾਮ ਨਾਲ ਰੱਜੇ ਰਹਿੰਦੇ ਹਨ (ਇਹ 'ਕਿਤੁ ਭੋਜਨਿ ਤ੍ਰਿਪਤਾਸੈ' ਦਾ ਉਤਰ ਹੈ। ਸਿੱਧਾਂ ਦਾ ਪ੍ਰਸ਼ਨ। ਉਹ) ਕਿਹੜੀ ਬੁੱਧੀ ਹੈ, ਜਿਸ ਕਰਕੇ ਸਥਿਰ ਰਹੀਦਾ ਹੈ (ਭੱਜ ਨੱਠ ਬੰਦ ਹੋ ਜਾਂਦੀ ਹੈ) ਅਤੇ ਕਿਸ ਭੋਜਨ ਨਾਲ (ਮਨੁੱਖ) ਰੱਜ ਜਾਂਦਾ ਹੈ? ਨਾਨਕ ਗੁਰੂ ਜੀ ਦਾ ਉਤਰ ਹੈ ਕਿ ਸਤਿਗੁਰੂ ਤੋਂ ਜੋ ਉਪਦੇਸ਼ ਮਿਲਦਾ ਹੈ, (ਉਸ ਨਾਲ) ਦੁਖ ਤੇ ਸੁਖ ਬਰਾਬਰ ਕਰਕੇ ਪ੍ਰਤੀਤ ਹੁੰਦਾ ਹੈ (ਸੁਖ ਦੀ ਲਾਲਸਾ ਤੇ ਦੁੱਖ ਦਾ ਭੈ ਮਨ ਨੂੰ ਭਟਕਾਉਂਦਾ ਹੈ), ਸਤਿਗੁਰੂ ਤੋਂ ਜੋ ਨਾਮ ਭੋਜਨ ਮਿਲਦਾ ਹੈ, (ਉਸ ਨਾਮ ਸਿਮਰਨ ਦੀ ਬਰਕਤ ਨਾਲ ਮਨੁੱਖ ਨੂੰ) ਕਾਲ ਨਹੀਂ ਖਾਂਦਾ। ੬੧।

ਪਦਾਰਥ = ਤ੍ਰੈ ਸਤ–ਤਿੰਨ+ਸੱਤ–ਦਸ। ਅੰਗੁਲ–ਉਂਗਲਾਂ। ਵਾਈ–ਪ੍ਰਾਣ। ਅਉਧੂ–ਵਿਰੱਕਤ ਜੋਗੀ। ਸੁੰਨ–ਅਫੁਰ (ਨਿਰਗੁਣ) ਪ੍ਰਭੂ। ਅਹਾਰੋ–ਖੁਰਾਕ (ਆਸਰਾ)। ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ। ਬੋਲੈ–ਜਪਦਾ ਹੈ। ਤਤੁ–ਅਸਲੀਅਤ। ਬਿਰੋਲੈ–ਨਿਖੇੜਦਾ (ਕੱਢਦਾ) ਹੈ। ਚੀਨੈ–ਜਾਣਦਾ ਹੈ। ਅਲਖ–ਜੋ ਅਸ਼ੁੱਧ ਮਨ ਰਾਹੀਂ ਜਾਣਿਆ ਨਾ ਜਾ ਸਕੇ। ਅਪਾਰੋ–ਬੇਅੰਤ। ਤ੍ਰੈ ਗੁਣ–ਰਜੋ, ਸਤੋ ਤੇ ਤਮੋ ਗੁਣ। ਤਾ –ਤਾਂ; ਤਦ। ਮਨਿ–ਮਨ ਵਿਚੋਂ। ਚੂਕੈ–ਦੂਰ ਹੁੰਦਾ ਹੈ। ਅੰਤਰਿ–ਸਰੀਰ ਦੇ ਅੰਦਰ। ਬਾਹਰਿ–ਬਾਹਰ ਜਗਤ ਵਿਚ। ਏਕੋ–ਇਕ ਪ੍ਰਭੂ ਨੂੰ । ਨਾਮਿ–ਨਾਮ ਵਿਚ। ਇੜਾ–ਸੱਜੀ ਨਾੜੀ (ਜਿਸ ਰਾਹੀਂ ਸਾਹ ਚੜ੍ਹਾਈਦੇ ਹਨ)। ਪਿੰਗਲਾ–ਖੱਬੀ ਨਾੜੀ (ਜਿਸ ਰਾਹੀ ਸਾਹ ਉਤਾਰੀਦੇ

ਹਨ)।ਸੁਖਮਨਾ–ਦੋਹਾਂ ਦੇ ਵਿਚਕਾਰਲੀ ਨਾੜੀ (ਜਿਸ ਵਿਚ ਸਾਹ ਟਿਕਾਈਦੇ ਹਨ)।ਜਾ–ਜਦੋਂ।ਲਖਾਏ–ਜਾਣ ਪਛਾਣ ਕਰਾ ਦੇਂਦਾ ਹੈ।ਤਿਹੁ ਤੇ–ਤਿੰਨ ਨਾੜੀਆਂ ਤੋਂ।ਸਾਚਾ–ਸੱਚਾ ਪ੍ਰਭੂ।ਸਬਦਿ–ਸ਼ਬਦ ਦੁਆਰਾ।ਸਮਾਏ–ਲੀਨ ਹੋ ਜਾਂਦਾ ਹੈ।੬੦।ਜੀਉ–ਜੀਵਨ। ਪਵਨੁ–ਪੌਣ (ਪ੍ਰਾਣ)।ਕਥੀਅਲੇ–ਕਹੇ ਜਾਂਦੇ ਹਨ।ਕਹਾ–ਕਿਥੋਂ।ਰਸੁ–ਖੁਰਾਕ।ਮੁਦ੍ਰਾ–ਮਰਿਆਦਾ; ਸਾਧਨ।ਕਵਨ–ਕਿਹੜੀ; ਕੀ। ਸਿਧ ਕੀ–ਪੂਰਨ ਸੰਤਾਂ ਦੀ।ਰਤੇ–ਰੰਗੇ ਹੋਏ।ਰਹੇ ਅਘਾਈ–ਰੱਜੇ ਰਹਿੰਦੇ ਹਨ।ਕਿਤੁ ਭੋਜਨਿ–ਕਿਸ ਭੋਜਨ ਨਾਲ।ਤ੍ਰਿਪਤਾਸੈ–ਰੱਜ ਜਾਂਦਾ ਹੈ।ਸਮ ਕਰਿ–ਬਰਾਬਰ ਕਰਕੇ (ਇਕੋ ਜਿਹਾ)।ਜਾਪੈ–ਪ੍ਰਤੀਤ ਹੁੰਦਾ ਹੈ।ਤੇ–ਤੋਂ।ਕਾਲ–ਮੌਤ।ਨ ਗ੍ਰਾਸੈ–ਨਹੀਂ ਖਾਂਦਾ।੬੧।
ਰੰਗਿ ਨ ਰਾਤਾ ਰਸਿ ਨਹੀ ਮਾਤਾ ॥ ਬਿਨੁ ਗੁਰ ਸਬਦੈ, ਜਲਿ ਬਲਿ ਤਾਤਾ ॥ ਬਿੰਦੁ ਨ ਰਾਖਿਆ, ਸਬਦੁ ਨ ਭਾਖਿਆ ॥ ਪਵਨੁ ਨ ਸਾਧਿਆ, ਸਚੁ ਨ ਅਰਾਧਿਆ ॥ ਅਕਥ ਕਥਾ ਲੇ, ਸਮ ਕਰਿ ਰਹੈ ॥ ਤਉ ਨਾਨਕ ਆਤਮ ਰਾਮ ਕਉ ਲਹੈ ॥੬੨॥ ਗੁਰ ਪਰਸਾਦੀ, ਰੰਗੇ ਰਾਤਾ ॥ ਅੰਮ੍ਰਿਤੁ ਪੀਆ, ਸਾਚੇ ਮਾਤਾ ॥ ਗੁਰ ਵੀਚਾਰੀ, ਅਗਨਿ ਨਿਵਾਰੀ ॥ ਅਪਿਉ ਪੀਓ, ਆਤਮ ਸੁਖੁ ਧਾਰੀ ॥ ਸਚੁ ਅਰਾਧਿਆ, ਗੁਰਮੁਖਿ ਤਰੁ ਤਾਰੀ ॥ ਨਾਨਕ ਬੂਝੈ ਕੋ ਵੀਚਾਰੀ ॥੬੩॥ (ਗੁਰੂ ਜੀ ਦਾ ਉਤਰ ਜਾਰੀ ਹੈ।ਜਿਸ ਮਨੁੱਖ ਦਾ ਮਨ) ਪ੍ਰਭੂ ਦੇ ਪ੍ਰੇਮ ਵਿਚ ਨਹੀਂ ਰੰਗਿਆ ਗਿਆ ਅਤੇ ਨਾ ਹੀ ਪ੍ਰਭੂ ਦੇ ਰਸ ਵਿਚ ਮਗਨ ਹੋਇਆ ਹੈ।(ਉਹ) ਗੁਰੂ ਦੇ ਸ਼ਬਦ ਤੋਂ ਬਿਨਾ ਸੜ ਬਲ ਕੇ ਦੁਖੀ ਹੁੰਦਾ ਹੈ।(ਉਸ ਨੇ) ਬ੍ਰਹਮਚਰਜ ਨਹੀਂ ਰਖਿਆ ਹੈ ਅਤੇ ਗੁਰੂ ਦਾ ਸ਼ਬਦ ਵੀ ਨਹੀਂ ਉਚਾਰਿਆ।ਹਰੇਕ ਸੁਆਸ ਨੂੰ ਸਫਲ ਨਹੀਂ ਕੀਤਾ, (ਕਿਉਂਕਿ) ਸੱਚੇ ਪ੍ਰਭੂ ਨੂੰ ਨਹੀਂ ਜਪਿਆ।(ਸੰ.ਸ. ਤੇ ਫ.ਸ. ਅਨੁਸਾਰ ਸਿੱਧਾਂ ਨੇ ਗੁਰੂ ਜੀ ਨੂੰ ਪੁਛਿਆ ਕਿ ਤੁਹਾਡਾ ਮਨ) ਪ੍ਰੇਮ ਵਿਚ ਨਹੀਂ ਰੰਗਿਆ ਗਿਆ ਅਤੇ ਅਨੰਦ ਵਿਚ ਵੀ ਮਸਤ ਨਹੀਂ ਹੋਇਆ।ਗੁਰੂ ਦੇ ਸ਼ਬਦ ਤੋਂ ਬਿਨਾ ਸੜ ਬਲ ਕੇ (ਮਨ) ਦੁਖੀ ਹੁੰਦਾ ਹੈ (ਸ਼ਾਂਤੀ ਕਿਵੇਂ ਮਿਲੇ? ਤੁਸੀਂ) ਬ੍ਰਹਮਚਾਰਜ ਵੀ ਨਹੀਂ ਰੱਖਿਆ (ਗ੍ਰਿਸਤੀ ਹੋ ਤੁਸੀਂ)? ਗੁਰੂ ਦਾ ਸ਼ਬਦ ਨਹੀਂ ਉਚਾਰਿਆ ।(ਤੁਸੀਂ) ਪ੍ਰਾਣਾਯਾਮ ਵੀ ਨਹੀਂ ਕੀਤਾ? ਨਾ ਸਚੁ ਨੂੰ ਅਰਾਧਿਆ ਹੈ।(ਗੁਰੂ ਜੀ ਦਾ ਉਤਰ।ਜੇ ਮਨੁੱਖ) ਅਕੱਥ ਪ੍ਰਭੂ ਦੀ ਸਿਫਤ ਸਲਾਹ ਵਾਲੀ ਕਥਾ ਹਿਰਦੇ ਵਿਚ ਵਸਾ ਲਵੇ ਤੇ ਦੁਖ ਸੁਖ ਨੂੰ ਬਰਾਬਰ ਜਾਣ ਕਰ ਕੇ (ਸੰਸਾਰ ਵਿਚ) ਰਹੇ।ਨਾਨਕ ਗੁਰੂ ਜੀ ਆਖਦੇ ਹਨ ਕਿ ਤਾਂ (ਉਹ) ਸਰਬ ਵਿਆਪਕ ਪ੍ਰਭੂ ਨੂੰ ਲੱਭ ਲੈਂਦਾ ਹੈ।੬੨।(ਗੁਰੂ ਜੀ ਦਾ ਉਤਰ ਜਾਰੀ ਹੈ।ਜਿਹੜਾ ਮਨੁੱਖ) ਗੁਰੂ ਦੀ ਕਿਰਪਾ ਨਾਲ (ਗੁਰੂ ਦੇ ਸ਼ਬਦ ਵਿਚ ਜੁੜ ਕੇ) ਪ੍ਰਭੂ ਦੇ ਪ੍ਰੇਮ ਵਿਚ ਰੰਗਿਆ ਹੋਇਆ ਹੈ।(ਉਸ ਨੇ ਪ੍ਰਭੂ ਦਾ) ਨਾਮ ਅੰਮ੍ਰਿਤ ਪੀਤਾ ਹੈ ਅਤੇ (ਉਹ) ਸਚੇ ਪ੍ਰਭੂ ਵਿਚ ਮਗਨ ਹੋਇਆ ਹੈ।(ਜੋ ਮਨੁੱਖ) ਗੁਰੂ ਦੇ ਸ਼ਬਦ ਨੂੰ ਵਿਚਾਰਨ ਵਾਲਾ ਹੈ, (ਉਸ ਨੇ ਅਪਣੇ ਅੰਦਰੋਂ) ਈਰਖਾ ਦੀ ਅੱਗ ਦੂਰ ਕਰ ਲਈ ਹੈ।(ਉਸ ਨੇ) ਨਾਮ ਅੰਮ੍ਰਿਤ ਪੀਤਾ ਹੈ ਅਤੇ ਆਤਮਕ ਸੁਖ ਨੂੰ ਧਾਰਨ ਵਾਲਾ ਬਣ ਗਿਆ ਹੈ। (ਜਿਸ ਮਨੁੱਖ ਨੇ) ਸੱਚੇ ਪ੍ਰਭੂ ਨੂੰ ਅਰਾਧਿਆ ਹੈ, (ਉਸ ਨੇ) ਗੁਰੂ ਦੁਆਰਾ ਸੰਸਾਰ ਸਮੁੰਦਰ ਤੋਂ ਤਰਨ ਲਈ ਬੇੜੀ ਪ੍ਰਾਪਤ ਕਰ ਲਈ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਕੋਈ ਵਿਰਲਾ ਵਿਚਾਰਵਾਨ ਹੀ (ਇਹ ਗੱਲ) ਸਮਝਦਾ ਹੈ।੬੩।
ਪਦਾਰਥ = ਰੰਗਿ–ਪ੍ਰੇਮ ਵਿਚ।ਨ ਰਾਤਾ–ਰੰਗਿਆ ਨਹੀਂ ਗਿਆ।ਰਸਿ–ਰਸ ਵਿਚ।ਮਾਤਾ–ਮਸਤ।ਜਲਿ ਬਲਿ–ਸੜ ਬਲ ਕੇ।ਤਾਤਾ –ਦੁਖੀ ਹੁੰਦਾ ਹੈ; ਖਿਝਦਾ ਹੈ।ਬਿੰਦੁ–ਵੀਰਜ (ਜਤ)।ਭਾਖਿਆ–ਉਚਾਰਿਆ।ਪਵਨੁ–ਸੁਆਸ।ਨ ਸਾਧਿਆ–ਸਫਲ ਨਹੀਂ ਕੀਤਾ। ਅਕਥ–ਅਕਹਿ ਪ੍ਰਭੂ।ਕਥਾ–ਸਿਫਤ ਸਲਾਹ ਦੀ ਕਥਾ।ਸਮ ਕਰਿ–ਬਰਾਬਰ ਜਾਣ ਕਰਕੇ।ਤਉ–ਤਾਂ।ਆਤਮ ਰਾਮ–ਸਰਬ ਵਿਆਪਕ ਪ੍ਰਭੂ।ਕਉ–ਨੂੰ।ਲਹੈ–ਲੱਭ ਲੈਂਦਾ ਹੈ।੬੨।ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ।ਰੰਗੇ–ਪ੍ਰੇਮ ਵਿਚ।ਪੀਆ–ਪੀਤਾ ਹੈ।ਸਾਚੇ–ਸੱਚੇ ਪ੍ਰਭੂ ਵਿਚ।ਵੀਚਾਰੀ–ਵਿਚਾਰਵਾਨ।ਅਗਨਿ–ਤ੍ਰਿਸ਼ਨਾ ਜਾਂ ਈਰਖਾ ਦੀ ਅੱਗ।ਨਿਵਾਰੀ–ਦੂਰ ਕਰ (ਬੁਝਾ) ਲਈ ਹੈ।ਅਪਿਓ–ਅੰਮ੍ਰਿਤ ।ਪੀਓ–ਪੀਤਾ ਹੈ।ਧਾਰੀ–ਧਾਰਨ ਵਾਲਾ।ਗੁਰਮੁਖਿ–ਗੁਰੂ ਦੁਆਰਾ।ਤਰੁ–ਬੇੜੀ।ਤਾਰੀ–ਤਰਨ ਲਈ।ਕੋ–ਕੋਈ ਵਿਰਲਾ।੬੩।
ਇਹੁ ਮਨੁ ਮੈਗਲੁ ਕਹਾ ਬਸੀਅਲੇ, ਕਹਾ ਬਸੈ ਇਹੁ ਪਵਨਾ ॥ ਕਹਾ ਬਸੈ ਸੁ ਸਬਦੁ ਅਉਧੂ ,ਤਾ ਕਉ ਚੂਕੈ ਮਨ ਕਾ ਭਵਨਾ ॥ ਨਦਰਿ ਕਰੇ ਤਾ ਸਤਿਗੁਰੁ ਮੇਲੇ, ਤਾ ਨਿਜ ਘਰਿ ਵਾਸਾ ਇਹੁ ਮਨੁ ਪਾਏ ॥ ਆਪੈ ਆਪੁ ਖਾਇ ਤਾ ਨਿਰਮਲੁ ਹੋਵੈ, ਧਾਵਤੁ ਵਰਜਿ ਰਹਾਏ ॥ ਕਿਉ ਮੂਲੁ ਪਛਾਣੈ ਆਤਮੁ ਜਾਣੈ, ਕਿਉ ਸਸਿ ਘਰਿ ਸੂਰੁ ਸਮਾਵੈ ॥ ਗੁਰਮੁਖਿ ਹਉਮੈ ਵਿਚਹੁ ਖੋਵੈ, ਤਉ ਨਾਨਕ ਸਹਜਿ ਸਮਾਵੈ ॥੬੪॥ ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ, ਗੁਰਮੁਖਿ ਮੂਲੁ ਪਛਾਣਿ ਰਹੈ ॥ ਨਾਭਿ ਪਵਨੁ ਘਰਿ ਆਸਣਿ ਬੈਸੈ, ਗੁਰਮੁਖਿ ਖੋਜਤ ਤਤੁ ਲਹੈ ॥ ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ, ਤ੍ਰਿਭਵਣ ਜੋਤਿ ਸੁ ਸਬਦਿ ਲਹੈ ॥ ਖਾਵੈ ਦੂਖ ਭੂਖ ਸਾਚੇ ਕੀ, ਸਾਚੇ ਹੀ ਤ੍ਰਿਪਤਾਸਿ ਰਹੈ ॥ ਅਨਹਦ ਬਾਣੀ ਗੁਰਮੁਖਿ ਜਾਣੀ, ਬਿਰਲੋ ਕੋ ਅਰਥਾਵੈ ॥ ਨਾਨਕੁ ਆਖੈ ਸਚੁ ਸੁਭਾਖੈ, ਸਚਿ ਰਪੈ ਰੰਗੁ ਕਬਹੂ ਨ ਜਾਵੈ ॥੬੫॥ (ਸਿੱਧਾਂ ਦੇ ਪ੍ਰਸ਼ਨ।ਮਨੁੱਖ ਦਾ) ਇਹ ਮਨ, ਜੋ ਹਾਥੀ ਸਮਾਨ (ਹੰਕਾਰ ਵਿਚ ਅਮੋੜ) ਹੈ, ਕਿੱਥੇ ਵਸਦਾ ਹੈ ਅਤੇ ਇਹ

ਪ੍ਰਾਣ ਕਿਥੇ ਵਸਦੇ ਹਨ? ਹੇ ਫਕੀਰ (ਨਾਨਕ)! ਉਹ ਸ਼ਬਦ ਕਿਥੇ ਵਸਦਾ ਹੈ? (ਤੁਹਾਡੇ ਮੱਤ ਅਨੁਸਾਰ) ਉਸ (ਸ਼ਬਦ) ਨੂੰ ਪ੍ਰਾਪਤ ਕਰਕੇ ਮਨ ਦੀ ਭਟਕਣਾ ਦੂਰ ਹੁੰਦੀ ਹੈ।(ਗੁਰੂ ਜੀ ਦਾ ਉਤਰ।ਜੇ) ਪ੍ਰਭੂ ਮੇਹਰ ਦੀ ਨਜਰ ਕਰੇ, ਤਾਂ ਉਹ ਸਤਿਗੁਰੂ ਮਿਲਾ ਦੇਂਦਾ ਹੈ ,ਤਦ ਇਹ ਮਨ ਅਪਣੇ ਅਸਲੀ ਘਰ ਵਿਚ ਟਿਕਾਣਾ ਪ੍ਰਾਪਤ ਕਰਦਾ ਹੈ।ਜਦੋਂ ਇਹ ਅਪਣੇ ਆਪ (ਹਉਮੈ) ਨੂੰ ਖਾ ਲਵੇ, ਤਾਂ ਇਹ ਨਿਰਮਲ ਹੁੰਦਾ ਹੈ ਅਤੇ ਦੌੜਦੇ ਮਨ ਨੂੰ ਰੋਕ ਕੇ ਰਖਦਾ ਹੈ।(ਸਿੱਧਾਂ ਦਾ ਪ੍ਰਸ਼ਨ।ਮਨੁੱਖ) ਮੂਲ ਪ੍ਰਭੂ ਨੂੰ ਕਿਵੇਂ ਪਛਾਣੇ ਤੇ ਅਪਣੀ ਆਤਮਾ ਨੂੰ ਕਿਵੇਂ ਜਾਣੇ ਅਤੇ ਕਿਵੇਂ ਚੰਦ ਦੇ ਘਰ ਵਿਚ ਸੂਰਜ ਆ ਟਿਕੇ? (ਕਿਵੇਂ ਠੰਢ ਤੇ ਹਨ੍ਹੇਰੇ ਮਨ ਵਿਚ ਗਿਅਨ ਦਾ ਪ੍ਰਕਾਸ਼ ਹੋਵੇ)? ਨਾਨਕ ਗੁਰੂ ਜੀ ਦਾ ਉਤਰ ਹੈ ਕਿ (ਜਦ ਮਨੁੱਖ) ਗੁਰੂ ਅਪਣੇ ਮਨ ਵਿਚੋਂ ਹਉਮੈ ਨਾਸ਼ ਕਰ ਦੇਂਦਾ ਹੈ, ਤਦ (ਉਹ) ਸਹਿਜ ਅਵਸਥਾ ਵਿਚ ਅੱਪੜ ਕੇ (ਅਪਣੇ ਅਸਲੀ ਘਰ ਵਿਚ) ਟਿਕ ਜਾਂਦਾ ਹੈ।੬੪।(੬੪ ਵੀਂ ਪਉੜੀ ਦਾ ਉਤਰ ਜਾਰੀ ਹੈ।ਜਦੋਂ ਮਨੁੱਖ) ਗੁਰੂ ਦੁਆਰਾ ਅਪਣੇ ਮੂਲ ਰੂਪ ਪ੍ਰਭੂ ਨੂੰ ਪਛਾਣ ਲੈਂਦਾ ਹੈ, ਉਦੋਂ ਇਹ ਮਨ ਅਡੋਲ ਹੋ ਕੇ ਹਿਰਦੇ (ਅਪਣੇ ਅਸਲੀ ਘਰ ਆਤਮ ਸਰੂਪ) ਵਿਚ ਵਸਦਾ ਹੈ ਭਾਵ ਮਨ ਦਾ ਟਿਕਾਣਾ ਹਿਰਦੇ ਵਿਚ ਹੈ।ਪ੍ਰਾਣ ਨਾਭੀ ਰੂਪ ਘਰ ਵਿਚ ਆਸਣ ਉਤੇ ਬੈਠਾ ਹੈ (ਪ੍ਰਾਣਾਂ ਦਾ ਟਿਕਾਣਾ ਨਾਭੀ ਵਿਚ ਹੈ, ਪਰ) ਗੁਰੂ ਦੁਆਰਾ ਖੋਜ ਕਰਦਿਆਂ ਇਹ ਅਸਲੀਅਤ ਲੱਭਦੀ ਹੈ।ਉਹ ਸ਼ਬਦ (ਨਾਮ, ਜਿਸ ਨਾਲ ਮਨ ਦਾ ਭਵਨਾ ਮਿਟਦਾ ਹੈ), ਇਕ ਰਸ ਅਪਣੇ ਨਿਜ ਸਰੂਪ ਵਿਚ ਟਿਕਿਆ ਹੋਇਆ ਹੈ, (ਮਨੁੱਖ ਉਸ) ਸ਼ਬਦ ਦੁਆਰਾ ਤਿੰਨਾਂ ਭਵਨਾਂ ਵਿਚ ਵਿਆਪਕ ਹੋ ਰਹੀ ਪ੍ਰਭੂ ਦੀ ਜੋਤ ਨੂੰ ਲੱਭ ਸਕਦਾ ਹੈ।ਸੱਚੇ ਪ੍ਰਭੂ ਦੀ ਭੁੱਖ (ਮਨੁੱਖ ਦੇ) ਦੁਖਾਂ ਨੂੰ ਖਾ ਜਾਂਦੀ ਹੈ ਅਤੇ ਸੱਚੇ ਪ੍ਰਭੂ ਵਿਚ ਜੁੜ ਕੇ (ਮਨੁੱਖ) ਰੱਜਿਆ ਰਹਿੰਦਾ ਹੈ।ਅਨਹਦ ਬਾਣੀ ਗੁਰੂ ਦੁਆਰਾ ਜਾਣੀ ਜਾਂਦੀ ਹੈ, ਕੋਈ ਵਿਰਲਾ ਮਨੁੱਖ (ਇਸ ਦਾ) ਅਰਥ ਭਾਵ ਸਮਝਦਾ ਹੈ।ਨਾਨਕ ਆਖਦਾ ਹੈ ਕਿ (ਜਿਸ ਮਨੁੱਖ ਨੇ ਇਹ ਅਰਥ ਭਾਵ ਸਮਝਿਆ ਹੈ) ਉਹ ਸੱਚੇ ਪ੍ਰਭੂ ਨੂੰ ਸਿਮਰਦਾ ਹੈ ਅਤੇ (ਉਹ) ਸੱਚ ਵਿਚ ਰੰਗਿਆ ਜਾਂਦਾ ਹੈ (ਉਸ ਦਾ ਇਹ) ਰੰਗ ਕਦੇ ਵੀ ਜਾਂਦਾ (ਉਤਰਦਾ) ਨਹੀਂ।੬੫।

ਪਦਾਰਥ = ਮੈਗਲੁ–ਹਾਥੀ।ਕਹਾ–ਕਿੱਥੇ।ਬਸੀਅਲੇ–ਵਸਦਾ ਹੈ।ਪਵਨਾ–ਪ੍ਰਾਣ।ਸੁ–ਉਹ।ਅਉਧੂ–ਹੇ ਫਕੀਰ!।ਤਾ ਕਉ–ਉਸ ਨੂੰ।ਭਵਨਾ–ਭਟਕਣਾ; ਆਵਾਗਉਣ ਦਾ ਗੇੜ।ਚੂਕੈ–ਦੂਰ ਹੁੰਦੀ ਹੈ।ਨਦਰਿ–ਮੇਹਰ ਦੀ ਨਜਰ।ਤਾ–ਤਾਂ।ਨਿਜ ਘਰਿ–ਅਪਣੇ ਅਸਲੀ ਘਰ ਵਿਚ।ਵਾਸਾ–ਟਿਕਾਣਾ; ਵਿਸ੍ਰਾਮ।ਪਾਏ–ਪਾਉਂਦਾ ਹੈ।ਆਪੈ ਆਪੁ–ਅਪਣੇ ਆਪ (ਅਪਣੀ ਅਪਣੱਤ) ਨੂੰ।ਖਾਏ–ਖਾ ਲਵੇ। ਨਿਰਮਲੁ–ਪਵਿਤ੍ਰ।ਧਾਵਤੁ–ਦੌੜਦੇ ਮਨ ਨੂੰ।ਵਰਜਿ ਰਹਾਏ–ਰੋਕ ਕੇ ਰੱਖੇ।ਮੂਲੁ–ਜਗਤ ਦੇ ਮੁੱਢ ਪ੍ਰਭੂ ਨੂੰ।ਸਸਿ ਘਰਿ–ਚੰਦ ਦੇ ਘਰ ਵਿਚ।ਸੂਰੁ–ਸੂਰਜ।ਸਮਾਵੈ–ਟਿਕ ਜਾਵੇ।ਗੁਰਮੁਖਿ–ਗੁਰੂ ਦੁਆਰਾ।ਵਿਚਹੁ–ਮਨ ਵਿਚੋਂ।ਖੋਵੈ–ਨਾਸ਼ ਕਰਦਾ ਹੈ।ਤਉ–ਤਦ।ਸਹਜਿ–ਸਹਿਜ ਅਵਸਥਾ ਵਿਚ।੬੪।ਨਿਹਚਲੁ–ਅਡੋਲ ਹੋ ਕੇ।ਹਿਰਦੈ–ਹਿਰਦੇ ਵਿਚ।ਵਸੀਅਲੇ–ਵਸਦਾ ਹੈ।ਨਾਭਿ–ਧੁੰਨੀ ਵਿਚ।ਆਸਣਿ –ਆਸਣ ਉਤੇ।ਬੈਸੈ–ਬੈਠਾ ਹੈ।ਤਤੁ–ਅਸਲੀਅਤ।ਲਹੈ–ਲੱਭਦੀ ਹੈ।ਨਿਰੰਤਰਿ–ਇਕ ਰਸ; ਲਗਾਤਾਰ।ਆਛੈ–ਹੈ।ਤ੍ਰਿਭਵਣ–ਤਿੰਨ ਭਵਨਾਂ (ਮਾਤ ਲੋਕ, ਪਤਾਲ ਤੇ ਪ੍ਰਲੋਕ) ਵਿਚ।ਸਬਦਿ–ਸ਼ਬਦ ਦੁਆਰਾ।ਸਾਚੇ–ਸੱਚੇ ਪ੍ਰਭੂ ਵਿਚ ਜੁੜ ਕੇ।ਤ੍ਰਿਪਤਾਸਿ ਰਹੈ–ਰੱਜਿਆ ਰਹਿੰਦਾ ਹੈ।ਅਨਹਦ ਬਾਨੀ–ਆਤਮ ਮੰਡਲ ਦੀ ਬਾਣੀ।ਬਿਰਲੋ ਕੋ–ਕੋਈ ਵਿਰਲਾ।ਅਰਥਾਵੈ–ਅਰਥ ਭਾਵ।ਭਾਖੈ–ਬੋਲਦਾ (ਜਪਦਾ) ਹੈ।ਸਚਿ ਰਪੈ–ਸੱਚ ਵਿਚ ਰੰਗਿਆ ਜਾਂਦਾ ਹੈ।ਕਬਹੂ–ਕਦੇ ਵੀ।ਨ ਜਾਵੈ–ਜਾਂਦਾ (ਉਤਰਦਾ) ਨਹੀਂ।੬੫।

ਜਾ ਇਹੁ ਹਿਰਦਾ ਦੇਹ ਨ ਹੋਤੀ, ਤਉ ਮਨੁ ਕੈਠੈ ਰਹਤਾ ॥ ਨਾਭਿ ਕਮਲ ਅਸਥੰਭੁ ਨ ਹੋਤੋ, ਤਾ ਪਵਨੁ ਕਵਨ ਘਰਿ ਸਹਤਾ ॥ ਰੂਪੁ ਨ ਹੋਤੋ ਰੇਖ ਨ ਕਾਈ, ਤਾ ਸਬਦਿ ਕਹਾ ਲਿਵ ਲਾਈ ॥ ਰਕਤੁ ਬਿੰਦੁ ਕੀ ਮੜੀ ਨ ਹੋਤੀ, ਮਿਤਿ ਕੀਮਤਿ ਨਹੀ ਪਾਈ ॥ ਵਰਨੁ ਭੇਖੁ ਅਸਰੂਪੁ ਨ ਜਾਪੀ, ਕਿਉ ਕਰਿ ਜਾਪਸਿ ਸਾਚਾ ॥ ਨਾਨਕ ਨਾਮਿ ਰਤੇ ਬੈਰਾਗੀ, ਇਬ ਤਬ ਸਾਚੋ ਸਾਚਾ ॥੬੬॥ ਹਿਰਦਾ ਦੇਹ ਨ ਹੋਤੀ ਅਉਧੂ ,ਤਉ ਮਨੁ ਸੁੰਨਿ ਰਹੈ ਬੈਰਾਗੀ ॥ ਨਾਭਿ ਕਮਲੁ ਅਸਥੰਭੁ ਨ ਹੋਤੋ, ਤਾ ਨਿਜ ਘਰਿ ਬਸਤਉ ਪਵਨੁ ਅਨਰਾਗੀ ॥ ਰੂਪੁ ਨ ਰੇਖਿਆ ਜਾਤਿ ਨ ਹੋਤੀ, ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ ॥ ਗਉਨੁ ਗਗਨੁ ਜਬ ਤਬਹਿ ਨ ਹੋਤਉ ,ਤ੍ਰਿਭਵਣ ਜੋਤਿ ਆਪੇ ਨਿਰੰਕਾਰੁ ॥ (ਸਿੱਧਾਂ ਦੇ ਪ੍ਰਸ਼ਨ) ਜਦੋਂ ਇਹ ਹਿਰਦਾ ਤੇ ਦੇਹ ਨਹੀਂ ਸੀ ਹੁੰਦੀ, ਤਦੋਂ ਮਨ ਕਿੱਥੇ ਰਹਿੰਦਾ ਸੀ? (ਜੋਗੀਆਂ ਦਾ ਮੰਨਣਾ ਹੈ ਕਿ ਨਾਭੀ ਵਿਚ ਕਮਲ ਹੈ) ਜਦੋਂ ਨਾਭੀ ਰੂਪ ਕਮਲ ਦਾ ਪ੍ਰਾਣਾਂ ਨੂੰ ਸਹਾਰਾ ਨਹੀਂ ਹੁੰਦਾ ਸੀ, ਤਦ ਪ੍ਰਾਣ ਕਿਸ ਘਰ ਵਿਚ ਰਹਿੰਦਾ ਸੀ? (ਪ੍ਰਾਣਾਂ ਦਾ ਸਹਾਰਾ ਨਾਭੀ ਨੂੰ ਮੰਨਿਆ ਹੈ)।ਜਦੋਂ ਕੋਈ ਰੂਪ ਰੇਖਾ ਨਹੀਂ ਸੀ (ਜੀਵ ਦੀ ਹੋਂਦ ਹੀ ਨਹੀਂ ਸੀ), ਤਦੋਂ ਸ਼ਬਦ ਨੇ ਕਿੱਥੇ ਲਿਵ ਲਾਈ ਹੋਈ ਸੀ (ਸ਼ਬਦ ਕਿੱਥੇ ਸੀ)? ਜਦੋਂ ਲਹੂ ਤੇ ਬਿੰਦ ਦੀ ਦੇਹ ਨਹੀਂ ਹੁੰਦੀ ਸੀ, ਤਦੋਂ ਪ੍ਰਭੂ ਦੀ ਕੀਮਤ ਦਾ ਅੰਦਾਜਾ ਨਹੀਂ ਪਾਇਆ ਜਾਂਦਾ ਸੀ (ਉਦੋਂ ਅੰਦਾਜਾ ਕਿਵੇਂ ਲਗਦਾ ਸੀ)? ਜਦੋਂ ਪ੍ਰਭੂ ਦਾ ਰੰਗ, ਰੂਪ ਤੇ ਭੇਖ ਜਾਣਿਆ

ਨਹੀਂ ਸੀ ਜਾਂਦਾ, ਉਹ ਸੱਚਾ ਪ੍ਰਭੂ ਕਿਵੇਂ ਜਾਣਿਆ ਜਾਂਦਾ ਸੀ? ਨਾਨਕ ਗੁਰੂ ਜੀ ਦਾ ਉਤਰ ਹੈ ਕਿ ਪ੍ਰਭੂ ਦੇ ਨਾਮ ਵਿਚ ਰੰਗੇ ਹੋਏ ਬੈਰਾਗੀ ਜਾਣਦੇ ਹਨ ਕਿ ਹੁਣ ਤੇ ਉਦੋਂ (ਹੁਣ ਤੇ ਸ੍ਰਿਸਟੀ ਦੇ ਅਰੰਭ ਤੋਂ ਪਹਿਲੀ ਵਾਲੀ ਅਵਸਥਾ ਵਿਚ) ਸੱਚਾ ਹੀ ਸੱਚਾ ਪ੍ਰਭੂ ਹੈ। ੬੬।(ਗੁਰੂ ਜੀ ਦਾ ਵੇਰਵੇ ਸਹਿਤ ਉਤਰ) ਹੇ ਜੋਗੀ! ਜਦ ਹਿਰਦਾ ਤੇ ਦੇਹ ਨਹੀਂ ਸੀ ਹੁੰਦੀ, ਤਦੋਂ ਬੈਰਾਗੀ ਮਨ ਅਫੁਰ ਪ੍ਰਭੂ ਵਿਚ ਰਹਿੰਦਾ ਸੀ (ਕਿਉਂਕਿ ਮਨ ਵੀ ਪ੍ਰਭੂ ਤੋਂ ਹੀ ਪੈਦਾ ਹੋਇਆ ਹੈ।ਜਦੋਂ) ਨਾਭੀ ਕਮਲ ਪ੍ਰਾਣਾਂ ਦਾ ਸਹਾਰਾ ਨਹੀਂ ਹੁੰਦਾ ਸੀ, ਤਦੋਂ ਪ੍ਰਾਣ ਪ੍ਰਭੂ ਦਾ ਪ੍ਰੇਮੀ ਹੋ ਕੇ ਅਪਣੇ ਅਸਲੀ ਘਰ (ਪ੍ਰਭੂ) ਵਿਚ ਵਸਦਾ ਸੀ।(ਜਦੋਂ) ਜਗਤ ਦੀ ਪੈਦਾਇਸ਼ ਤੇ (ਉਸ ਦਾ ਕੋਈ) ਰੂਪ ਰੇਖ ਨਹੀਂ ਸੀ ਹੁੰਦਾ, ਤਦੋਂ ਉਹ ਸ਼ਬਦ ਤੱਤ ਰੂਪ ਹੋ ਕੇ ਕੁਲ ਰਹਿਤ ਪ੍ਰਭੂ ਵਿਚ ਰਹਿੰਦਾ ਸੀ।ਜਦੋਂ ਪ੍ਰਿਥਵੀ ਤੇ ਅਕਾਸ਼ (ਆਦਿ ਤੱਤ) ਨਹੀਂ ਸਨ ਹੁੰਦੇ, ਤਦੋਂ ਤਿੰਨਾਂ ਭਵਨਾਂ ਦੀ ਜੋਤ ਕੇਵਲ ਨਿਰੰਕਾਰ ਆਪ ਹੀ ਸੀ (ਉਸ ਵੇਲੇ ਹੋਰ ਕੁਛ ਨਹੀਂ ਸੀ)।

ਅੰਗ ੯੪੬ = ਵਰਨੁ ਭੇਖੁ ਅਸਰੂਪੁ ਸੁ ਏਕੋ, ਏਕੋ ਸਬਦੁ ਵਿਡਾਣੀ ॥ ਸਾਚ ਬਿਨਾ ਸੂਚਾ ਕੋ ਨਾਹੀ, ਨਾਨਕ ਅਕਥ ਕਹਾਣੀ ॥ ਇਕ ਪ੍ਰਭੂ ਹੀ ਉਦੋਂ ਵਰਨ ਭੇਖ ਤੇ ਰੂਪ ਸੀ ਭਾਵ ਮੂਲ ਸੋਮਾ ਇਕ ਹੀ ਸੀ, ਸ਼ਬਦ ਵੀ ਇਕ ਅਸਚਰਜ ਪ੍ਰਭੂ ਦਾ ਰੂਪ ਸੀ।ਨਾਨਕ ਗੁਰੂ ਜੀ ਆਖਦੇ ਹਨ ਕਿ ਸੱਚੇ ਪ੍ਰਭੂ ਦੀ ਕਥਾ ਅਕਥ ਹੈ, ਉਸ ਨੂੰ ਜਾਣੇ ਬਿਨਾ ਕੋਈ ਜੀਵ ਸੁੱਚਾ ਨਹੀਂ ਹੋ ਸਕਦਾ।੬੭।

ਨੋਟ = ਇਨ੍ਹਾਂ ਸ਼ਬਦਾਂ ਵਿਚ ਗੁਰੂ ਜੀ ਨੇ ਇਕੋ ਗੱਲ ਕਹੀ ਹੈ ਕਿ ਸੰਸਾਰ ਸਾਜਣ ਤੋਂ ਮਗਰੋਂ ਚੇਤਨ ਸੱਤਾ, ਪਵਨ (ਜੀਵਨ ਸੱਤਾ) ਆਦਿ ਜੋ ਅੱਡ ਅੱਡ ਤਾਕਤਾਂ ਸਾਨੂੰ ਭਾਸ ਰਹੀਆਂ ਹਨ, ਇਸ ਸੰਸਾਰ ਉਤਪਤੀ ਤੋਂ ਪਹਿਲਾਂ ਸਾਰੀਆਂ ਅਪਣੇ ਸੋਮੇ ਵਾਹਿਗੁਰੂ ਵਿਚ ਮਿਲੀਆਂ ਹੋਈਆਂ ਸਨ, ਦਿਸਦੀਆਂ ਸਭ ਤਾਕਤਾਂ ਉਸ ਵਾਹਿਗੁਰੂ ਵਿਚੋਂ ਹੀ ਨਿਕਲੀਆਂ ਹਨ।

ਪਦਾਰਥ = ਜਾ–ਜਦੋਂ।ਦੇਹ–ਸਰੀਰ।ਨ ਹੋਤੀ–ਨਹੀਂ ਹੁੰਦੀ ਸੀ।ਤਉ–ਤਦੋਂ।ਕੈਠੈ–ਕਿੱਥੇ।ਰਹਤਾ–ਰਹਿੰਦਾ ਸੀ।ਅਸਥੰਭੁ–ਥੰਮ੍ਹੀ (ਸਹਾਰਾ)।ਨ ਹੋਤੋ–ਨਹੀਂ ਹੁੰਦਾ ਸੀ।ਤਾ–ਤਾਂ; ਤਦ।ਕਵਨ ਘਰਿ–ਕਿਸ ਘਰਿ ਵਿਚ।ਸਹਤਾ–ਟਿਕਦਾ ਸੀ।ਸਬਦਿ–ਸ਼ਬਦ ਨੇ।ਰਕਤ –ਲਹੂ।ਬਿੰਦੁ–ਵੀਰਜ।ਮੜੀ–ਮਾਂ ਦੀ ਰਕਤ ਤੇ ਪਿਤਾ ਦੇ ਬਿੰਦ ਤੋਂ ਬਣੀ ਢੇਰੀ (ਸਰੀਰ)।ਮਿਤਿ–ਅੰਦਾਜਾ।ਵਰਨੁ–ਰੰਗ।ਅਸਰੂਪੁ–ਸਰੂਪ।ਜਾਪੀ–ਜਾਣਿਆ ਜਾਂਦਾ।ਇਬ–ਹੁਣ (ਵਰਤਮਾਨ ਸਮੇਂ ਵਿਚ)।ਤਬ–ਸ੍ਰਿਸਟੀ ਰਚਨਾ ਤੋਂ ਪਹਿਲਾਂ ਵਾਲੀ ਹਾਲਤ ਵਿਚ।੬੬। ਅਉਧੂ–ਹੇ ਜੋਗੀ!।ਸੁੰਨਿ–ਅਫੁਰ ਪ੍ਰਭੂ ਵਿਚ।ਮਨੁ ਬੈਰਾਗੀ–ਮੋਹ ਰਹਿਤ (ਉਪਰਾਮ) ਮਨ।ਨਿਜ ਘਰਿ–ਅਪਣੇ ਅਸਲੀ ਘਰ (ਪ੍ਰਭੂ) ਵਿਚ।ਬਸਤਉ–ਵਸਦਾ ਸੀ।ਅਨਰਾਗੀ–ਪ੍ਰੇਮ ਹੋ ਕੇ।ਰੇਖਿਆ–ਅਕਾਰ; ਚਿੰਨ੍ਹ।ਜਾਤਿ–ਪੈਦਾਇਸ਼।ਅਕੁਲੀਣਿ–ਕੁਲ ਰਹਿਤ ਪ੍ਰਭੂ ਵਿਚ।ਰਹਤਉ–ਰਹਿੰਦਾ ਸੀ।ਸਾਰੁ–ਤੱਤ ਰੂਪ।ਸੁ–ਉਹ।ਗਉਨ–ਭਵਨ; ਧਰਤੀ।ਗਗਨੁ–ਅਕਾਸ਼।ਜਬ–ਜਦੋਂ।ਤਬਹਿ–ਤਦੋਂ। ਤ੍ਰਿਭਵਣ ਜੋਤਿ–ਤਿੰਨਾਂ ਭਵਨਾਂ ਦੀ ਜੋਤ।ਵਿਡਾਣੀ–ਅਸਚਰਜ।ਸੂਚਾ–ਸੁੱਚਾ (ਪਵਿਤ੍ਰ।ਅਕਥ–ਬਿਆਨ ਨਾ ਹੋਣ ਵਾਲੀ।੬੭।

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ, ਕਿਤੁ ਕਿਤੁ ਦੁਖਿ ਬਿਨਸਿ ਜਾਈ ॥ ਹਉਮੈ ਵਿਚਿ ਜਗੁ ਉਪਜੈ ਪੁਰਖਾ, ਨਾਮਿ ਵਿਸਰਿਐ ਦੁਖੁ ਪਾਈ ॥ ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ, ਹਉਮੈ ਸਬਦਿ ਜਲਾਏ ॥ ਤਨੁ ਮਨੁ ਨਿਰਮਲੁ ਨਿਰਮਲ ਬਾਣੀ, ਸਾਚੈ ਰਹੈ ਸਮਾਏ ॥ ਨਾਮੇ ਨਾਮਿ ਰਹੈ ਬੈਰਾਗੀ, ਸਾਚੁ ਰਖਿਆ ਉਰਿ ਧਾਰੇ ॥ ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ, ਦੇਖਹੁ ਰਿਦੈ ਬੀਚਾਰੇ ॥ ੬੮॥ ਗੁਰਮੁਖਿ ਸਾਚੁ ਸਬਦੁ ਬੀਚਾਰੈ ਕੋਇ ॥ ਗੁਰਮੁਖਿ ਸਚੁ ਬਾਣੀ ਪਰਗਟੁ ਹੋਇ ॥ ਗੁਰਮੁਖਿ ਮਨੁ ਭੀਜੈ, ਵਿਰਲਾ ਬੂਝੈ ਕੋਇ ॥ ਗੁਰਮੁਖਿ ਨਿਜ ਘਰਿ ਵਾਸਾ ਹੋਇ ॥ ਗੁਰਮੁਖਿ ਜੋਗੀ ਜੁਗਤਿ ਪਛਾਣੈ ॥ ਗੁਰਮੁਖਿ ਨਾਨਕ ਏਕੋ ਜਾਣੈ ॥੬੯॥(ਸਿੱਧਾਂ ਦਾ ਪ੍ਰਸ਼ਨ) ਹੇ ਪੁਰਖ (ਗੁਰੂ ਜੀ)! ਕਿਸ ਕਿਸ ਤਰੀਕੇ ਨਾਲ ਜਗਤ ਪੈਦਾ ਹੁੰਦਾ ਹੈ ਅਤੇ ਕਿਸ ਕਿਸ ਤਰੀਕੇ ਨਾਲ ਦੁਖ ਵਿਚ ਪੈ ਕੇ (ਜਗਤ) ਨਾਸ਼ ਹੋ ਜਾਂਦਾ ਹੈ? (ਉਤਰ) ਹੇ ਪੁਰਖ! ਜਗਤ ਹਉਮੈ ਵਿਚ ਪੈਦਾ ਹੁੰਦਾ ਹੈ ਅਤੇ ਨਾਮ ਨੂੰ ਭੁਲਾ ਦੇਣ ਨਾਲ ਦੁਖ ਪਾਉਂਦਾ ਹੈ (ਇਸ ਤਰ੍ਹਾਂ ਨਾਸ਼ ਹੁੰਦਾ ਹੈ।ਇਸ ਤੋਂ ਅੱਗੇ ਕੋਈ ਪ੍ਰਸ਼ਨ ਨਹੀਂ ਹੈ, ਗੁਰੂ ਜੀ ਅਪਣੇ ਮੱਤ ਦੀ ਵਿਆਖਿਆ ਦਸਦੇ ਹਨ।ਜੋ) ਗੁਰਮੁਖ ਹੁੰਦਾ ਹੈ, ਉਹ ਆਤਮ ਗਿਆਨ ਨੂੰ ਵਿਚਾਰਦਾ ਹੈ ਤੇ (ਗੁਰੂ ਦੇ) ਸ਼ਬਦ ਦੁਆਰਾ ਹਉਮੈ ਨੂੰ ਜਲਾ ਦੇਂਦਾ ਹੈ।(ਉਸ ਦਾ) ਤਨ ਮਨ ਨਿਰਮਲ ਹੁੰਦਾ ਹੈ ਤੇ (ਉਸ ਦੀ) ਬੋਲ ਬਾਣੀ ਵੀ ਨਿਰਮਲ ਹੁੰਦੀ ਹੈ ਅਤੇ ਉਹ ਸੱਚੇ ਪ੍ਰਭੂ ਵਿਚ ਲੀਨ ਰਹਿੰਦਾ ਹੈ।(ਉਹ ਜਗਤ ਤੋਂ) ਉਪਰਾਮ ਹੋ ਕੇ ਹਰੀ ਦੇ ਨਾਮ ਹੀ ਨਾਮ ਵਿਚ ਜੁੜਿਆ ਰਹਿੰਦਾ ਹੈ ਅਤੇ ਸੱਚੇ ਪ੍ਰਭੂ ਨੂੰ ਹਿਰਦੇ ਵਿਚ ਟਿਕਾਈ ਰਖਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਸਿੱਧੋ! ਹਰੀ ਦੇ ਨਾਮ ਜਪੇ ਬਿਨਾ ਕਦੇ ਵੀ ਪ੍ਰਭੂ ਦਾ ਮਿਲਾਪ ਨਹੀਂ ਹੁੰਦਾ, (ਇਹ ਸੱਚਾਈ ਬੇਸ਼ੱਕ ਅਪਣੇ) ਹਿਰਦੇ ਵਿਚ ਵਿਚਾਰ ਕੇ ਦੇਖ ਲਵੋ।੬੮।ਕੋਈ ਵਿਰਲਾ ਗੁਰਮੁਖ ਸੱਚੇ ਸ਼ਬਦ ਨੂੰ ਵਿਚਾਰਦਾ ਹੈ।ਗੁਰਮੁਖ ਨੂੰ ਸੱਚਾ ਪ੍ਰਭੂ ਬਾਣੀ ਦੁਆਰਾ ਪ੍ਰਗਟ ਹੁੰਦਾ ਹੈ।ਗੁਰਮੁਖ ਦਾ ਮਨ (ਨਾਮ ਰਸ ਨਾਲ) ਭਿੱਜ ਜਾਂਦਾ ਹੈ, (ਪਰ ਇਸ ਗੱਲ ਨੂੰ) ਕੋਈ ਵਿਰਲਾ ਮਨੱਖ ਸਮਝਦਾ ਹੈ।

ਗੁਰਮੁਖ ਦਾ ਅਪਣੇ ਅਸਲੀ ਘਰ ਵਿਚ ਵਾਸਾ ਹੁੰਦਾ ਹੈ। ਗੁਰਮੁਖ ਹੀ ਅਸਲੀ ਜੋਗੀ ਹੈ, (ਜੋ ਪ੍ਰਭੂ ਨਾਲ ਜੁੜਨ ਦੀ) ਜੁਗਤ ਪਛਾਣਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰਮੁਖ ਇਕ ਪ੍ਰਭੂ ਨੂੰ (ਸਰਬ ਵਿਆਪਕ) ਜਾਣਦਾ ਹੈ। ੬੯।

ਪਦਾਰਥ = ਕਿਤੁ ਬਿਧਿ–ਕਿਸ ਤਰੀਕੇ ਨਾਲ। ਜਗੁ–ਜਗਤ। ਪੁਰਖਾ–ਹੇ ਪੁਰਖ ! । ਬਿਨਸਿ ਜਾਈ–ਨਾਸ਼ ਹੋ ਜਾਂਦਾ ਹੈ। ਹਉਮੈ–ਅਪਣੀ ਵੱਖਰ ਹੋਂਦ ਦਾ ਖਿਆਲ; ਮੇਰਾਪਣ। ਨਾਮਿ ਵਿਸਰਿਐ–ਨਾਮ ਨੂੰ ਭੁਲਾ ਦੇਣ ਨਾਲ। ਪਾਈ–ਪਾਉਂਦਾ ਹੈ। ਸੁ–ਉਹ। ਗਿਆਨੁ ਤਤੁ–ਆਤਮ ਗਿਆਨ; ਬ੍ਰਹਮ ਗਿਆਨ। ਸਬਦਿ–ਸ਼ਬਦ ਦੁਆਰਾ। ਜਲਾਏ–ਸਾੜ ਦੇਂਦਾ ਹੈ। ਤਨੁ–ਸਰੀਰ। ਨਿਰਮਲੁ–ਪਵਿਤ੍ਰ। ਬਾਣੀ–ਬੋਲ ਬਾਣੀ। ਸਾਚੈ–ਸੱਚੇ ਪ੍ਰਭੂ ਵਿਚ। ਰਹੈ ਸਮਾਏ–ਲੀਨ ਰਹਿੰਦਾ ਹੈ। ਨਾਮੇ ਨਾਮਿ–ਨਾਮ ਹੀ ਨਾਮ ਵਿਚ। ਬੈਰਾਗੀ–ਉਪਰਾਮ ਹੋ ਕੇ। ਉਰਿ–ਹਿਰਦੇ ਵਿਚ। ਧਾਰੇ–ਟਿਕਾਈ ਰੱਖਦਾ ਹੈ। ਜੋਗੁ–ਮਿਲਾਪ। ਰਿਦੈ–ਹਿਰਦੇ ਵਿਚ। ੬੮। ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ। ਸਚੁ–ਸੱਚਾ ਪ੍ਰਭੂ। ਬਾਣੀ–ਬਾਣੀ ਦੁਆਰਾ। ਨਿਜ ਘਰਿ–ਅਪਣੇ ਅਸਲੀ ਘਰ (ਪ੍ਰਭੂ ਦੀ ਹਜ਼ੂਰੀ) ਵਿਚ। ਜੁਗਤਿ–ਜੋਗ ਦੀ ਜੁਗਤੀ। ੬੯।

ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ ॥ ਬਿਨੁ ਸਤਿਗੁਰ ਭੇਟੇ, ਨਾਮੁ ਪਾਇਆ ਨ ਜਾਇ ॥ ਬਿਨੁ ਸਤਿਗੁਰ ਭੇਟੇ, ਮਹਾ ਦੁਖੁ ਪਾਇ ॥ ਬਿਨੁ ਸਤਿਗੁਰ ਭੇਟੇ, ਮਹਾ ਗਰਬਿ ਗੁਬਾਰਿ ॥ ਨਾਨਕ ਬਿਨੁ ਗੁਰ, ਮੁਆ ਜਨਮੁ ਹਾਰਿ ॥੭੦॥ ਗੁਰਮੁਖਿ ਮਨੁ ਜੀਤਾ, ਹਉਮੈ ਮਾਰਿ ॥ ਗੁਰਮੁਖਿ ਸਾਚੁ ਰਖਿਆ ਉਰ ਧਾਰਿ ॥ ਗੁਰਮੁਖਿ ਜਗੁ ਜੀਤਾ, ਜਮਕਾਲੁ ਮਾਰਿ ਬਿਦਾਰਿ ॥ ਗੁਰਮੁਖਿ ਦਰਗਹ ਨ ਆਵੈ ਹਾਰਿ ॥ ਗੁਰਮੁਖਿ ਮੇਲਿ ਮਿਲਾਏ ਸੁੋ ਜਾਣੈ ॥ ਨਾਨਕ ਗੁਰਮੁਖਿ ਸਬਦਿ ਪਛਾਣੈ ॥੭੧॥ ਸਤਿਗੁਰੂ ਦੀ ਸੇਵਾ ਕਰਨ ਤੋਂ ਬਿਨਾ ਜੋਗ ਸਫਲ ਨਹੀਂ ਹੁੰਦਾ। ਸਤਿਗੁਰੂ ਦੇ ਮਿਲੇ ਬਿਨਾ ਕੋਈ ਪ੍ਰਾਣੀ ਮੁਕਤ ਨਹੀਂ ਹੁੰਦਾ। ਸਤਿਗੁਰੂ ਦੇ ਮਿਲੇ ਬਿਨਾ ਨਾਮ ਨਹੀਂ ਪਾਇਆ ਜਾ ਸਕਦਾ। ਸਤਿਗੁਰੂ ਦੇ ਮਿਲੇ ਬਿਨਾ (ਪ੍ਰਾਣੀ) ਬਹੁਤ ਦੁਖ ਪਾਉਂਦਾ ਹੈ। ਸਤਿਗੁਰੂ ਦੇ ਮਿਲੇ ਬਿਨਾ (ਮਨੁੱਖ) ਹੰਕਾਰ ਦੇ ਘੁੱਪ ਹਨ੍ਹੇਰੇ ਵਿਚ ਰਹਿੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦੇ ਮਿਲੇ ਬਿਨਾ ਪ੍ਰਾਣੀ ਜਨਮ ਹਾਰ ਕੇ (ਨਿਸਫਲ ਹੀ) ਮਰ ਜਾਂਦਾ ਹੈ। ੭੦। ਗੁਰਮੁਖ ਨੇ ਹਉਮੈ ਨੂੰ ਮਾਰ ਕੇ (ਅਪਣਾ) ਮਨ ਜਿੱਤ ਲਿਆ ਹੈ। ਗੁਰਮੁਖ ਨੇ ਸੱਚੇ ਨਾਮ ਨੂੰ ਹਿਰਦੇ ਵਿਚ ਟਿਕਾ ਕੇ ਰੱਖਿਆ ਹੈ। ਗੁਰਮੁਖ ਨੇ ਜਗਤ ਨੂੰ ਜਿੱਤ ਲਿਆ ਹੈ (ਜਗਤ ਦੀਆਂ ਵਾਸ਼ਨਾਵਾਂ ਤੇ ਕਾਬੂ ਪਾ ਲਿਆ ਹੈ) ਅਤੇ ਕਾਲ ਕਰਨ ਵਾਲੇ ਜਮ ਨੂੰ ਪਾੜ ਕੇ ਮਾਰ ਦਿਤਾ ਹੈ। ਗੁਰਮੁਖ (ਜੀਵਨ ਬਾਜੀ) ਹਾਰ ਕੇ ਰੱਬੀ ਦਰਗਾਹ ਵਿਚ ਨਹੀਂ ਆਉਂਦਾ। (ਪ੍ਰਭੂ ਜਿਸ) ਗੁਰਮੁਖ ਨੂੰ (ਗੁਰੂ ਨਾਲ) ਮਿਲਾ ਕੇ (ਅਪਣੇ ਨਾਲ) ਮਿਲਾਉਂਦਾ ਹੈ, ਉਹ (ਗੁਰਮੁਖ ਹੀ ਇਸ ਮੇਲ ਨੂੰ) ਜਾਣਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰਮੁਖ ਗੁਰੂ ਦੇ ਸ਼ਬਦ ਦੁਆਰਾ ਪ੍ਰਭੂ ਨੂੰ ਪਛਾਣ ਲੈਂਦਾ ਹੈ। ੭੧।

ਪਦਾਰਥ = ਬਿਨੁ ਸੇਵੇ–ਸੇਵਾ ਕਰਨ ਤੋਂ ਬਿਨਾ। ਬਿਨੁ ਭੇਟੇ–ਮਿਲੇ ਬਿਨਾ। ਪਾਇ–ਪਾਉਂਦਾ ਹੈ। ਮਹਾ ਗਰਬਿ ਗੁਬਾਰਿ–ਹੰਕਾਰ ਦੇ ਘੁੱਪ ਹਨ੍ਹੇਰੇ ਵਿਚ। ਮੁਆ–ਮਰ ਜਾਂਦਾ ਹੈ। ਹਾਰਿ–ਹਾਰ ਕੇ। ੭੦। ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ ਨੇ। ਸਾਚੁ–ਸੱਚੇ ਨਾਮ ਨੂੰ। ਉਰ ਧਾਰਿ–ਹਿਰਦੇ ਵਿਚ ਟਿਕਾ ਕੇ। ਜਮਕਾਲੁ–ਕਾਲ ਕਰਨ ਵਾਲਾ ਜਮ। ਬਿਦਾਰਿ–ਪਾੜ ਕੇ। ਸੁੋ–ਉਹ। ਸਬਦਿ–ਸ਼ਬਦ ਦੁਆਰਾ। ੭੧।

ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ,ਬਿਨੁ ਨਾਵੈ ਜੋਗੁ ਨ ਹੋਈ ॥ ਨਾਮੇ ਰਾਤੇ ਅਨਦਿਨੁ ਮਾਤੇ, ਨਾਮੈ ਤੇ ਸੁਖੁ ਹੋਈ ॥ ਨਾਮੈ ਹੀ ਤੇ ਸਭੁ ਪਰਗਟੁ ਹੋਵੈ, ਨਾਮੇ ਸੋਝੀ ਪਾਈ ॥ ਬਿਨੁ ਨਾਵੈ ਭੇਖ ਕਰਹਿ ਬਹੁਤੇਰੇ, ਸਚੈ ਆਪਿ ਖੁਆਈ ॥ ਸਤਿਗੁਰ ਤੇ ਨਾਮੁ ਪਾਈਐ ਅਉਧੂ ,ਜੋਗ ਜੁਗਤਿ ਤਾ ਹੋਈ ॥ ਕਰਿ ਬੀਚਾਰੁ ਮਨਿ ਦੇਖਹੁ ਨਾਨਕ, ਬਿਨੁ ਨਾਵੈ ਮੁਕਤਿ ਨ ਹੋਈ ॥੭੨॥ ਤੇਰੀ ਗਤਿ ਮਿਤਿ ਤੂਹੈ ਜਾਣਹਿ, ਕਿਆ ਕੋ ਆਖਿ ਵਖਾਣੈ ॥ ਤੂ ਆਪੇ ਗੁਪਤਾ ਆਪੇ ਪਰਗਟੁ ,ਆਪੇ ਸਭਿ ਰੰਗ ਮਾਣੈ ॥ ਸਾਧਿਕ ਸਿਧ ਗੁਰੂ ਬਹੁ ਚੇਲੇ, ਖੋਜਤ ਫਿਰਹਿ ਫੁਰਮਾਣੈ ॥ ਮਾਗਹਿ ਨਾਮੁ ਪਾਇ ਇਹ ਭਿਖਿਆ, ਤੇਰੇ ਦਰਸਨ ਕਉ ਕੁਰਬਾਣੈ ॥ ਅਬਿਨਾਸੀ ਪ੍ਰਭਿ ਖੇਲੁ ਰਚਾਇਆ, ਗੁਰਮੁਖਿ ਸੋਝੀ ਹੋਈ ॥ ਨਾਨਕ ਸਭਿ ਜੁਗ ਆਪੇ ਵਰਤੈ, ਦੂਜਾ ਅਵਰੁ ਨ ਕੋਈ ॥੭੩॥੧॥ ਹੇ ਜੋਗੀ ! ਸਾਰੇ ਵਿਚਾਰ ਵਟਾਂਦਰੇ ਦਾ ਸਾਰ ਤੂੰ ਸੁਣ, ਨਾਮ ਸਿਮਰਨ ਤੋਂ ਬਿਨਾ ਜੋਗ ਸਫਲ ਨਹੀਂ ਹੋ ਸਕਦਾ; ਪ੍ਰਭੂ ਦਾ ਮਿਲਾਪ ਨਹੀਂ ਹੁੰਦਾ। (ਜੋ ਮਨੁੱਖ ਪ੍ਰਭੂ ਦੇ) ਨਾਮ ਵਿਚ ਰੰਗੇ ਹੋਏ ਹਨ, ਉਹ ਹਰ ਰੋਜ ਮਸਤ (ਬੇਪ੍ਰਵਾਹ) ਰਹਿੰਦੇ ਹਨ, (ਉਨ੍ਹਾਂ ਨੂੰ) ਨਾਮ ਤੋਂ ਹੀ ਸੁਖ ਪ੍ਰਾਪਤ ਹੁੰਦਾ ਹੈ। (ਪ੍ਰਭੂ ਦੇ) ਨਾਮ ਤੋਂ ਹੀ ਸਾਰੇ ਗੁਣ (ਜਾਂ ਗੁਰਮੁਖ ਸੰਸਾਰ ਵਿਚ) ਪ੍ਰਗਟ ਹੁੰਦੇ ਹਨ ਅਤੇ ਨਾਮ ਤੋਂ ਹੀ ਸਾਰੀ ਸੂਝ ਬੂਝ ਪ੍ਰਾਪਤ ਹੁੰਦੀ ਹੈ। ਨਾਮ ਜਪਣ ਤੋਂ ਬਿਨਾ (ਲੋਕ) ਬਹੁਤ ਭੇਖ ਧਾਰਨ ਕਰਦੇ ਹਨ, (ਉਹ) ਸੱਚੇ ਪ੍ਰਭੂ ਨੇ ਆਪ ਕੁਰਾਹੇ ਪਾਏ ਹੋਏ ਹਨ। ਹੇ ਜੋਗੀ ! ਸਤਿਗੁਰੂ ਤੋਂ ਹੀ ਨਾਮ ਪਾਇਆ ਜਾਂਦਾ ਹੈ, ਤਦ ਹੀ ਜੋਗ ਦੀ ਜੁਗਤੀ ਸਫਲ ਹੁੰਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਸਿੱਧੋ ! ਅਪਣੇ) ਮਨ ਵਿਚ ਵਿਚਾਰ ਕਰਕੇ ਦੇਖ ਲਵੋ, ਪ੍ਰਭੂ ਦੇ ਨਾਮ ਜਪੇ ਬਿਨਾ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ੭੨। (ਗੁਰੂ ਜੀ ਅਖੀਰ ਵਿਚ

ਅਰਦਾਸ ਕਰਦੇ ਹਨ। ਹੇ ਪ੍ਰਭੂ !) ਤੇਰੀ ਹਾਲਤ ਤੇ ਮਰਿਆਦਾ ਤੂੰ ਆਪ ਹੀ ਜਾਣਦਾ ਹੈਂ, (ਇਸ ਬਾਰੇ) ਕੋਈ ਮਨੁੱਖ ਕੀ ਆਖ ਕੇ ਦਸ ਸਕਦਾ ਹੈ? ਤੂੰ ਆਪ ਹੀ ਗੁਪਤ (ਸੂਖਮ) ਹੈਂ ਤੇ ਆਪ ਹੀ ਤੂੰ ਪਰਗਟ (ਅਸਥੂਲ) ਹੈਂ ਅਤੇ ਆਪ ਹੀ ਸਾਰੇ (ਜੀਵਾਂ ਦੇ ਅੰਦਰ ਵਸਦਾ ਹੋਇਆ) ਅਨੰਦ ਮਾਣਦਾ ਹੈਂ। ਅਨੇਕਾਂ ਸਾਧਨਾ ਕਰਨ ਵਾਲੇ ਸਾਧੂ, ਸਿੱਧ, ਗੁਰੂ ਤੇ (ਉਨ੍ਹਾਂ ਦੇ) ਬਹੁਤੇ ਚੇਲੇ, ਤੇਰੇ ਹੁਕਮ ਵਿਚ ਤੈਨੂੰ ਖੋਜਦੇ ਫਿਰਦੇ ਹਨ। (ਉਹ ਤੇਰੇ ਪਾਸੋਂ) ਨਾਮ ਮੰਗਦੇ ਹਨ, (ਬੇਨਤੀ ਕਰਦੇ ਹਨ ਕਿ ਨਾਮ ਦੀ) ਇਹ ਭਿੱਖਿਆ ਸਾਡੇ ਹਿਰਦੇ ਰੂਪ ਝੋਲੀ ਵਿਚ ਪਾ ਦੇਹ, (ਉਹ) ਤੇਰੇ ਦਰਸ਼ਨ ਤੋਂ ਕੁਰਬਾਨ ਜਾਂਦੇ ਹਨ। ਅਬਿਨਾਸੀ ਪ੍ਰਭੂ ਨੇ (ਇਹ ਜਗਤ ਰੂਪ) ਖੇਲ ਰਚਾਇਆ ਹੈ, (ਗੁਰੂ ਰਾਹੀਂ ਇਸ ਦੀ) ਸੋਝੀ ਗੁਰਮੁਖ ਨੂੰ ਹੀ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਸਾਰੇ ਜੁਗਾਂ ਵਿਚ ਪ੍ਰਭੂ ਆਪ ਹੀ ਵਰਤ ਰਿਹਾ ਹੈ, (ਉਸ ਤੋਂ ਬਿਨਾ) ਹੋਰ ਦੂਜਾ ਕੋਈ ਨਹੀਂ।੭੩।੧।

ਨੋਟ = ਸਾਰੀ ਗੋਸਟ ਦਾ ਅੰਤਮ ਸਿੱਟਾ ਕੱਢ ਕੇ ਦਸਦੇ ਹਨ ਕਿ ਨਾਮ ਤੋਂ ਬਿਨਾ ਜੋਗ ਨਹੀਂ ਹੋ ਸਕਦਾ। ਨਾਮ ਤੋਂ ਹੀ ਅਸਲੀ ਸੁਖ ,ਪੂਰਨ ਗਿਆਨ ਤੇ ਮੁਕਤੀ ਮਿਲਦੀ ਹੈ। ਇਹ ਨਾਮ ਗੁਰੂ ਤੋਂ ਪ੍ਰਾਪਤ ਹੁੰਦਾ ਹੈ (ਸ਼ਬਦਾਰਥ)।

ਪਦਾਰਥ = ਸਬਦੈ ਕਾ–ਵਿਚਾਰ ਵਟਾਂਦਰੇ ਦਾ; ਬਹਿਸ ਦਾ। ਨਿਬੇੜਾ–ਸਾਰ; ਨਿਚੋੜ; ਫੈਸਲਾ। ਅਉਧੂ–ਹੇ ਜੋਗੀ !। ਨਾਵੈ–ਨਾਮ ਤੋਂ। ਜੋਗ–ਮਿਲਾਪ। ਨਾਮੇ ਰਾਤੇ–ਨਾਮ ਵਿਚ ਰੰਗੇ ਹੋਏ। ਅਨਦਿਨੁ–ਹਰ ਰੋਜ। ਮਾਤੇ–ਮਸਤ; ਮਤਵਾਲੇ। ਪਾਈ–ਪ੍ਰਾਪਤ ਹੁੰਦੀ ਹੈ। ਬਹੁਤੇਰੇ –ਬਹੁਤੇ। ਸਚੈ–ਸੱਚੇ ਪ੍ਰਭੂ ਨੇ। ਖੁਆਈ–ਕੁਰਾਹੇ ਪਾਏ ਹੋਏ ਹਨ। ਜੋਗ ਜੁਗਤਿ–ਜੋਗ ਅਭਿਆਸ ਕਰਨ ਦਾ ਤਰੀਕਾ। ਤਾ–ਤਦ। ਮਨਿ–ਮਨ ਵਿਚ।੭੨। ਗਤਿ–ਹਾਲਤ। ਮਿਤਿ–ਮਰਿਆਦਾ; ਮਿਣਤੀ। ਕੋ–ਕੋਈ। ਗੁਪਤਾ–ਗੁਪਤ; ਸੂਖਮ; ਨਿਰਗੁਣ। ਪਰਗਟੁ–ਅਸਥੂਲ; ਸਰਗੁਣ। ਰੰਗ–ਅਨੰਦ। ਸਾਧਿਕ–ਸਾਧਨਾ ਕਰਨ ਵਾਲੇ ਸਾਧੂ। ਸਿਧ–ਜੋਗ ਸਾਧਨਾ ਵਿਚ ਪੁੱਗੇ ਹੋਏ ਜੋਗੀ। ਫਿਰਹਿ–ਫਿਰਦੇ ਹਨ। ਫੁਰਮਾਣੈ–ਹੁਕਮ ਵਿਚ। ਕਉ–ਤੋਂ। ਅਬਿਨਾਸੀ–ਨਾਸ਼ ਰਹਿਤ। ਅਵਰੁ–ਹੋਰ।੭੩।੧।

ਅੰਕ ੧ ਦਾ ਭਾਵ ਹੈ ਕਿ ਸਿਧ ਗੋਸਟਿ ਬਾਣੀ ਦੀਆਂ ੭੩ ਪਉੜੀਆਂ ਇਕੋ ਬਾਣੀ ਦੀ ਰਚਨਾ ਹਨ। ਸਿਧ ਗੋਸਟਿ ਸਮਾਪਤ

ਅੰਗ ੯੪੭ = ੧ੴ ਸਤਿਗੁਰ ਪ੍ਰਸਾਦਿ ॥ ਰਾਮਕਲੀ ਕੀ ਵਾਰ ਮਹਲਾ ੩ ॥ ਜੋਧੈ ਵੀਰੈ ਪੂਰਬਾਣੀ ਕੀ ਧੁਨੀ ॥

ਜੋਧਾ ਤੇ ਵੀਰਾ ਦੋ ਭਾਈ ਸਨ, ਜੋ ਇਕ ਪੂਰਬਾਣ ਨਾਮ ਦੇ ਰਾਜਪੂਤ ਦੇ ਬਹਾਦਰ ਪੁਤ੍ਰ ਸਨ। ਇਹ ਦੋਵੇਂ ਲੱਖੀ ਜੰਗਲ ਵਿਚ ਰਹਿੰਦੇ ਸਨ, ਇਹ ਦੋਵੇਂ ਮਿਲ ਕੇ ਲੰਘਦਾ ਸ਼ਾਹੀ ਖਜਾਨਾ ਲੁੱਟ ਲੈਂਦੇ ਸਨ। ਲੁੱਟੇ ਖਜਾਨੇ ਨਾਲ ਇਹ ਲੋੜਵੰਦ ਲੋਕਾਂ ਦੀ ਮੱਦਤ ਕਰਦੇ ਸਨ। ਸਰਕਾਰ ਦਾ ਕਾਫੀ ਨੁਕਸਾਨ ਹੁੰਦਾ ਸੀ, ਅਕਬਰ ਨੇ ਇਨ੍ਹਾਂ ਨੂੰ ਫੜਨ ਵਾਸਤੇ ਫੌਜ ਭੇਜੀ, ਇਹ ਦੋਵੇਂ ਬਹਾਦਰੀ ਨਾਲ ਲੜਦੇ ਹੋਏ ਸ਼ਹੀਦ ਹੋ ਗਏ, ਪਰ ਅਕਬਰ ਦੀਆਂ ਫੌਜਾਂ ਅੱਗੇ ਝੁਕੇ ਨਹੀਂ। ਢਾਢੀਆਂ ਨੇ ਇਨ੍ਹਾਂ ਦੀ ਵਾਰ ਗਾਈ =

ਜੋਧ ਵੀਰ ਪੂਰਬਾਣੀਏ, ਦੋ ਗੱਲਾਂ ਕਰੀ ਕਰਾਰੀਆਂ। ਫੌਜ ਚੜ੍ਹਾਈ ਬਾਦਸ਼ਾਹ, ਅਕਬਰ ਨੇ ਭਾਰੀਆਂ।
ਸਨਮੁਖ ਹੋਏ ਰਾਜਪੂਤ, ਸ਼ੁਤਰੀ ਰਣਕਾਰੀਆਂ। ਧੂਹ ਮਿਆਨੋ ਕਢੀਆਂ, ਬਿਜੁਲ ਜਿਉ ਚਮਕਾਰੀਆਂ।
ਇੰਦਰ ਸਣੇ ਅਪੱਛਰਾਂ, ਮਿਲ ਕਰਨ ਜੁਹਾਰੀਆਂ। ਏਹੀ ਕੀਤੀ ਜੋਧ ਵੀਰ, ਪਾਤਸ਼ਾਹੀ ਗੱਲਾਂ ਸਾਰੀਆਂ।

ਇਸ ਵਾਰ ਦੀਆਂ ੨੧ ਪਉੜੀਆਂ ਹਨ, ਹਰੇਕ ਪਉੜੀ ਵਿਚ ਪੰਜ ਪੰਜ ਤੁਕਾਂ ਹਨ। ਇਸ ਵਾਰ ਦੀ ਪਹਿਲੀ ਪਉੜੀ ਨਾਲ ਰਹਾਉ ਵਾਲੀ ਤੁਕ 'ਵਾਹੁ ਵਾਹੁ ਸਚੇ ਪਾਤਸਾਹ ਤੂ ਸਚੀ ਨਾਈ' ਹੈ। ਹਰੇਕ ਪਉੜੀ ਦੀ ਅਖੀਰਲੀ ਤੁਕ ਦਾ ਅਖੀਰਲਾ ਲਫਜ ਉਚਾਰਨ ਵਿਚ ਰਹਾਉ ਵਾਲੀ ਤੁਕ ਦੇ ਅਖੀਰਲੇ ਲਫਜ ਨਾਈ ਵਰਗਾ ਹੀ ਹੈ। ਜਿਵੇਂ ਧਿਆਈ, ਸੁਣਾਈ, ਪਾਈ, ਸਮਾਈ, ਵਡਿਆਈ ਆਦਿ। ਦਮਦਮੀ ਟਕਸਾਲ ਅਤੇ ਹੋਰ ਸਾਰੀਆਂ ਸੰਪ੍ਰਦਾਵਾਂ ਵੱਲੋਂ 'ਵਾਹੁ ਵਾਹੁ ਸਚੇ ਪਾਤਸਾਹ ਤੂ ਸਚੀ ਨਾਈ' ਦਾ ਪਾਠ ਹਰੇਕ ਪਉੜੀ ਦੀ ਅਖੀਰਲੀ ਤੁਕ ਨਾਲ ਜੋੜ ਕੇ ਪੜ੍ਹਿਆ ਜਾਂਦਾ ਹੈ। ਮਹਾਨ ਕੋਸ਼ ਦੇ ੩੯੩੬ ਪੰਨੇ ਉਪਰ ਵੀ ਲਿਖਿਆ ਮਿਲਦਾ ਹੈ ਕਿ ਇਸ ਤੁਕ ਦਾ ਪਾਠ ਹਰੇਕ ਪਉੜੀ ਦੇ ਅੰਤ ਪਿਛਲੀ ਤੁਕ ਨਾਲ ਜੋੜ ਕੇ ਕਰੋ। ਜੇ ਹਰੇਕ ਪਉੜੀ ਦੇ ਅਖੀਰ ਵਿਚ 'ਵਾਹੁ ਵਾਹੁ ਸਚੇ ਪਾਤਸਾਹ ਤੂ ਸਚੀ ਨਾਈ' ਤੁਕ ਨਾ ਪੜ੍ਹੀ ਜਾਵੇ ਤਾਂ ਪਉੜੀ ਦੇ ਅਖੀਰਲੀ ਤੁਕ ਇਕੱਲੀ ਰਹਿ ਜਾਂਦੀ ਹੈ ਅਤੇ ਤੁਕਾਂਤ ਵੀ ਪੂਰਾ ਨਹੀਂ ਮਿਲਦਾ। ਨਾਨਕ ਪਦ ਕੇਵਲ ਅਖੀਰਲੀ ਪਉੜੀ ਵਿਚ ਹੈ। ਇਸ ਵਾਰ ਵਿਚ ੫੨ ਸਲੋਕ ਹਨ, ਪਉੜੀ ਨੰਃ ੧, ੪, ੮. ੧੬ ਅਤੇ ੧੯ ਨਾਲ ਤਿੰਨ ਤਿੰਨ ਸਲੋਕ ਹਨ। ੧੨ ਵੀਂ ਪਉੜੀ ਨਾਲ ੭ ਸਲੋਕ ਹਨ ਅਤੇ ਬਾਕੀ ੧੫ ਪਉੜੀਆਂ ਨਾਲ ਦੋ ਦੋ ਸਲੋਕ ਹਨ। ਮਃ ੩ ਦੇ ੨੪ ਸਲੋਕ, ਮਃ ੧ ਦੇ ੧੯ ਸਲੋਕ, ਮਃ ੨ ਦੇ ੭ ਸਲੋਕ ਅਤੇ ਭਗਤ ਕਬੀਰ ਜੀ ਦੇ ੨ ਸਲੋਕ ਹਨ ।ਕੁਲ ਜੋੜ = ੫੨। ਇਸ ਵਾਰ ਦੀਆਂ ਸਾਰੀਆਂ ਪਉੜੀਆਂ ਮਹਲਾ ੩ ਦੀਆਂ ਰਚਿਤ ਹਨ।

ਸਲੋਕੁ ਮਃ ੩ ॥ ਸਤਿਗੁਰੁ ਸਹਜੈ ਦਾ ਖੇਤੁ ਹੈ, ਜਿਸ ਨੋ ਲਾਏ ਭਾਉ ॥ ਨਾਉ ਬੀਜੇ ਨਾਉ ਉਗਵੈ, ਨਾਮੇ ਰਹੈ ਸਮਾਇ ॥ ਹਉਮੈ ਏਹੋ ਬੀਜੁ ਹੈ, ਸਹਸਾ ਗਇਆ ਵਿਲਾਇ ॥ ਨਾ ਕਿਛੇ ਬੀਜੇ ਨ ਉਗਵੈ, ਜੋ ਬਖਸੇ ਸੋ ਖਾਇ ॥ ਅੰਭੈ ਸੇਤੀ ਅੰਭੁ ਰਲਿਆ, ਬਹੁੜਿ ਨ ਨਿਕਸਿਆ ਜਾਇ ॥ ਨਾਨਕ ਗੁਰਮੁਖਿ ਚਲਤੁ ਹੈ, ਵੇਖਹੁ ਲੋਕਾ ਆਇ ॥ ਲੋਕੁ ਕਿ ਵੇਖੈ ਬਪੁੜਾ, ਜਿਸ ਨੋ ਸੋਝੀ ਨਾਹਿ ॥ ਜਿਸੁ ਵੇਖਾਲੇ ਸੋ ਵੇਖੈ, ਜਿਸੁ ਵਸਿਆ ਮਨ ਮਾਹਿ ॥੧॥ ਮਃ ੩ ॥ ਮਨਮੁਖੁ ਦੁਖ ਕਾ ਖੇਤੁ ਹੈ, ਦੁਖੁ ਬੀਜੇ ਦੁਖੁ ਖਾਇ ॥ ਦੁਖ ਵਿਚਿ ਜੰਮੈ ਦੁਖਿ ਮਰੈ, ਹਉਮੈ ਕਰਤ ਵਿਹਾਇ ॥ ਆਵਣੁ ਜਾਣੁ ਨ ਸੁਝਈ, ਅੰਧਾ ਅੰਧੁ ਕਮਾਇ ॥ ਜੋ ਦੇਵੈ ਤਿਸੈ ਨ ਜਾਣਈ, ਦਿਤੇ ਕਉ ਲਪਟਾਇ ॥ ਨਾਨਕ ਪੂਰਬਿ ਲਿਖਿਆ ਕਮਾਵਣਾ, ਅਵਰੁ ਨ ਕਰਣਾ ਜਾਇ ॥੨॥(ਹੇ ਭਾਈ!) ਸਤਿਗੁਰੂ ਪੂਰਨ ਸ਼ਾਂਤੀ ਦਾ ਖੇਤ ਹੈ, ਜਿਸ ਮਨੁੱਖ ਨੂੰ (ਪ੍ਰਭੂ ਇਸ ਖੇਤ ਨਾਲ) ਪ੍ਰੇਮ ਲਾਉਂਦਾ ਹੈ।(ਉਹ) ਨਾਮ ਰੂਪ ਬੀਜ ਬੀਜਦਾ ਹੈ, (ਉਸ ਵਿਚੋਂ) ਨਾਮ ਹੀ ਉਗਦਾ ਹੈ ਅਤੇ (ਉਹ) ਨਾਮ ਵਿਚ ਲੀਨ ਹੋਇਆ ਰਹਿੰਦਾ ਹੈ।ਹਉਮੈ ਸੰਸੇ ਦਾ ਇਹ ਜੋ ਬੀਜ ਹੈ, (ਸਹਿਜ ਦਾ ਜੀਵਨ ਧਾਰਨ ਕਰਨ ਵਾਲੇ ਮਨੁੱਖ ਦੇ ਹਿਰਦੇ ਵਿਚੋਂ) ਸੰਸਾ ਦੂਰ ਹੋ ਗਿਆ ਹੈ।(ਇਸ ਲਈ ਹੁਣ ਉਹ) ਨਾ ਕੁਛ ਹਉਮੈ ਦਾ ਬੀਜ ਬੀਜਦਾ ਹੈ, ਨਾ ਹੀ ਉਗਦਾ ਹੈ, (ਪ੍ਰਭੂ ਉਸ ਨੂੰ) ਜੋ ਬਖਸ਼ਦਾ ਹੈ, ਉਹੀ ਖਾਂਦਾ ਹੈ।(ਜਿਵੇਂ) ਪਾਣੀ ਨਾਲ ਰਲਿਆ ਪਾਣੀ ਮੁੜ ਕੇ ਕੱਢਿਆ ਨਹੀਂ ਜਾ ਸਕਦਾ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਸੇ ਤਰ੍ਹਾਂ) ਗੁਰਮੁਖਾਂ ਦਾ ਕੌਤਕ ਹੈ, (ਉਹ ਹਰੀ ਨਾਲ ਮਿਲ ਕੇ ਇਕ ਹੋ ਜਾਂਦੇ ਹਨ, ਮੁੜ ਕੇ ਹਰੀ ਨਾਲੋਂ ਵੱਖ ਨਹੀਂ ਹੁੰਦੇ), ਹੇ ਲੋਕੋ! (ਇਹ ਕੌਤਕ ਬੇਸ਼ੱਕ ਤੁਸੀਂ) ਆ ਕੇ ਦੇਖ ਲਵੋ।ਜਗਤ ਵਿਚਾਰਾ ਕੀ ਦੇਖੇ? ਜਿਸ ਨੂੰ (ਇਸ ਕੌਤਕ ਵਾਰੇ) ਸਮਝ ਹੀ ਨਹੀਂ।ਜਿਸ ਮਨੁੱਖ ਨੂੰ (ਪ੍ਰਭੂ ਇਹ ਕੌਤਕ) ਦਿਖਾਵੇ, ਉਹ ਦੇਖ ਸਕਦਾ ਹੈ, ਜਿਸ ਦੇ ਮਨ ਵਿਚ ਪ੍ਰਭੂ ਵਸਦਾ ਹੈ (ਉਹ ਹੀ ਦੇਖ ਸਕਦਾ ਹੈ)।੧।ਮਃ ੩ ॥ ਮਨਮੁਖ ਦੁੱਖਾਂ ਦਾ ਖੇਤ ਹੈ, (ਜਿਸ ਵਿਚ ਉਹ) ਦੁਖ ਬੀਜਦਾ ਹੈ ਤੇ ਦੁਖ (ਰੂਪ ਫਲ ਵੱਢ ਕੇ) ਖਾਂਦਾ ਹੈ (ਦੁਖ ਭੋਗਦਾ ਹੈ।ਉਹ) ਦੁਖ ਵਿਚ ਜੰਮਦਾ ਹੈ, ਦੁਖ ਵਿਚ ਹੀ ਮਰਦਾ ਹੈ, ਮੈਂ ਮੈਂ ਕਰਦਿਆਂ (ਉਸ ਦੀ ਸਾਰੀ ਉਮਰ) ਗੁਜਰਦੀ ਹੈ।ਉਸ ਨੂੰ) ਸੁੱਝਦਾ (ਦਿਸਦਾ) ਹੀ ਨਹੀਂ, ਕਿ ਮੈਂ ਆਉਂਦਾ ਜਾਂਦਾ ਰਹਾਂਗਾ (ਜੰਮਣ ਮਰਨ ਦੇ ਗੇੜ ਵਿਚ ਪਿਆ ਹੋਇਆ ਹਾਂ), ਅੰਨ੍ਹਾ (ਅਗਿਆਨੀ ਮਨਮੁਖ) ਅੰਨ੍ਹਿਆਂ ਵਾਲੇ ਕੰਮ ਕਰਦਾ ਹੈ।ਜੋ ਪ੍ਰਭੂ (ਬੇਅੰਤ ਦਾਤਾਂ) ਦੇਂਦਾ ਹੈ, ਉਸ ਨੂੰ (ਇਹ) ਜਾਣਦਾ ਨਹੀਂ, (ਪਰ) ਦਿਤੇ ਹੋਏ ਪਦਾਰਥਾਂ ਨੂੰ ਚਿੰਬੜਿਆ ਰਹਿੰਦਾ ਹੈ {ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ੧੩੮}।ਨਾਨਕ ਗੁਰੂ ਜੀ ਆਖਦੇ ਹਨ ਕਿ ਪਿਛਲੇ ਕੀਤੇ ਕਰਮਾਂ ਦਾ ਜੋ ਲੇਖ ਲਿਖਿਆ ਹੁੰਦਾ ਹੈ, ਉਸ ਅਨੁਸਾਰ (ਜੀਵ ਨੂੰ) ਕਰਮ ਕਰਨਾ ਪੈਂਦਾ ਹੈ, (ਇਸ ਤੋਂ ਬਿਨਾ ਮਨਮੁਖ ਪਾਸੋਂ) ਹੋਰ ਕੋਈ ਕੰਮ ਨਹੀਂ ਕੀਤਾ ਜਾ ਸਕਦਾ।੨।

ਪਦਾਰਥ = ਸਹਜੈ–ਪੂਰਨ ਸ਼ਾਂਤੀ ਦਾ; ਗਿਆਨ ਦਾ।ਭਾਉ–ਪਿਆਰ।ਉਗਵੈ–ਉਗਦਾ ਹੈ।ਨਾਮੇ–ਨਾਮ ਵਿਚ।ਰਹੈ ਸਮਾਇ–ਲੀਨ ਰਹਿੰਦਾ ਹੈ।ਸਹਸਾ–ਸੰਸਾ।ਗਇਆ ਵਿਲਾਇ–ਦੂਰ ਹੋ ਗਿਆ।ਸੋ–ਉਹ।ਅੰਭੈ ਸੇਤੀ–ਪਾਣੀ ਨਾਲ।ਬਹੁੜਿ–ਮੁੜ ਕੇ।ਨ ਨਿਕਸਿਆ ਜਾਇ–ਨਹੀਂ ਕੱਢਿਆ ਜਾ ਸਕਦਾ।ਚਲਤੁ–ਕੌਤਕ; ਖੇਡ।ਲੋਕਾ–ਹੇ ਲੋਕੋ!।ਲੋਕੁ–ਜਗਤ।ਬਪੁੜਾ–ਵਿਚਾਰਾ; ਲਾਚਾਰ।ਸੋਝੀ–ਸਮਝ।੧।ਮਨਮੁਖੁ–ਮਨ ਦੇ ਪਿੱਛੇ ਚੱਲਣ ਵਾਲਾ ਮਨੁੱਖ।ਦੁਖਿ–ਦੁੱਖ ਵਿਚ।ਕਰਤ ਵਿਹਾਇ–ਮੈਂ ਮੈਂ ਕਰਦਿਆਂ ਉਮਰ ਬੀਤਦੀ ਹੈ।ਆਵਣੁ ਜਾਣੁ–ਜੰਮਣਾ ਮਰਨਾ।ਨ ਸੁਝਈ–ਸੁੱਝਦਾ (ਦਿਸਦਾ) ਨਹੀਂ।ਅੰਧੁ ਕਮਾਇ–ਅੰਨ੍ਹਿਆਂ ਵਾਲੇ ਕੰਮ ਕਰਦਾ ਹੈ।ਤਿਸੈ–ਉਸ ਨੂੰ।ਦਿਤੇ ਕਉ–ਦਿਤੇ ਹੋਏ ਪਦਾਰਥਾਂ ਨੂੰ।ਲਪਟਾਇ–ਚਿੰਬੜਿਆ ਰਹਿੰਦਾ ਹੈ।ਪੂਰਬਿ–ਪਿਛਲੇ ਕੀਤੇ ਕਰਮਾਂ ਅਨੁਸਾਰ।ਕਮਾਵਣਾ–ਕਰਮ ਕਰਦਾ ਹੈ।ਅਵਰੁ–ਹੋਰ ਕੋਈ।੨।

ਮਃ ੩॥ ਸਤਿਗੁਰਿ ਮਿਲਿਐ ਸਦਾ ਸੁਖੁ ,ਜਿਸ ਨੋ ਆਪੇ ਮੇਲੇ ਸੋਇ ॥ ਸੁਖੈ ਏਹੁ ਬਿਬੇਕੁ ਹੈ, ਅੰਤਰੁ ਨਿਰਮਲੁ ਹੋਇ ॥ ਅਗਿਆਨ ਕਾ ਭ੍ਰਮੁ ਕਟੀਐ, ਗਿਆਨੁ ਪਰਾਪਤਿ ਹੋਇ ॥ ਨਾਨਕ ਏਕੋ ਨਦਰੀ ਆਇਆ, ਜਹ ਦੇਖਾ ਤਹ ਸੋਇ ॥੩॥ ਪਉੜੀ॥ ਸਚੈ ਤਖਤੁ ਰਚਾਇਆ, ਬੈਸਣ ਕਉ ਜਾਂਈ ॥ ਸਭੁ ਕਿਛੁ ਆਪੇ ਆਪਿ ਹੈ, ਗੁਰ ਸਬਦਿ ਸੁਣਾਈ ॥ ਆਪੇ ਕੁਦਰਤਿ ਸਾਜੀਅਨੁ ,ਕਰਿ ਮਹਲ ਸਰਾਈ ॥ ਚੰਦੁ ਸੂਰਜੁ ਦੁਇ ਚਾਨਣੇ, ਪੂਰੀ ਬਣਤ ਬਣਾਈ ॥ ਆਪੇ ਵੇਖੈ ਸੁਣੇ ਆਪਿ, ਗੁਸ ਸਬਦਿ ਧਿਆਈ ॥੧। ਵਾਹੁ ਵਾਹੁ ਸਚੇ ਪਾਤਸਾਹ, ਤੂ ਸਚੀ ਨਾਈ ॥੧॥ਰਹਾਉ॥ ਸਤਿਗੁਰੂ ਦੇ ਮਿਲਣ ਨਾਲ ਸਦਾ ਸੁਖ ਪ੍ਰਾਪਤ ਹੁੰਦਾ ਹੈ, (ਪਰ ਸਤਿਗੁਰੂ ਨੂੰ ਉਹ ਮਨੁੱਖ ਮਿਲਦਾ ਹੈ) ਜਿਸ ਨੂੰ ਉਹ ਪ੍ਰਭੂ ਆਪ ਮਿਲਾ ਦੇਵੇ।ਅਸਲੀ ਸੁੱਖ ਦੀ ਵਿਚਾਰ (ਨਿਸ਼ਾਨੀ) ਇਹ ਹੈ ਕਿ ਅੰਤਹਕਰਣ ਨਿਰਮਲ ਹੋ ਜਾਂਦਾ ਹੈ।ਅਗਿਆਨ ਦਾ ਭਰਮ ਕੱਟਿਆ ਜਾਂਦਾ ਹੈ ਅਤੇ ਗਿਆਨ ਪ੍ਰਾਪਤ ਹੋ ਜਾਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਅਜੇਹਾ ਮਨੁੱਖ) ਜਿੱਥੇ ਦੇਖਦਾ ਹੈ, ਉਥੇ (ਉਸ ਨੂੰ) ਉਹ ਇਕ ਪ੍ਰਭੂ ਹੀ ਨਜਰ ਵਿਚ ਆਇਆ ਹੈ।੩।ਪਉੜੀ।ਸੱਚੇ ਹਰੀ ਨੇ

(ਸੰਸਾਰ ਰੂਪ) ਤਖਤ ਅਪਣੇ ਬੈਠਣ ਲਈ ਅਸਥਾਨ ਬਣਾਇਆ ਹੈ {ਇਹੁ ਜਗੁ ਸਚੇ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ੪੬੩}। ਗੁਰੂ ਨੇ ਸ਼ਬਦ ਦੁਆਰਾ ਇਹ ਗੱਲ ਸੁਣਾਈ ਹੈ ਕਿ ਸਭ ਕੁਛ ਪ੍ਰਭੂ ਆਪ ਹੀ ਆਪ ਹੈ। ਉਸ ਪ੍ਰਭੂ ਨੇ ਆਪ ਹੀ ਕੁਦਰਤ ਦੁਆਰਾ ਬੈਕੁੰਠ ਰੂਪ ਮਹਿਲ ਤੇ ਪ੍ਰਿਥਵੀ ਰੂਪ ਸਰਾਵਾਂ ਬਣਾ ਕਰਕੇ ਸ੍ਰਿਸਟੀ ਸਾਜੀ ਹੈ। ਚੰਦ ਤੇ ਸੂਰਜ ਦੋਵੇਂ (ਸੰਸਾਰ ਵਿਚ) ਚਾਨਣਾ ਕਰਨ ਵਾਸਤੇ (ਪ੍ਰਭੂ ਨੇ) ਬਣਤ ਬਣਾਈ ਹੈ। ਗੁਰੂ ਦੇ ਸ਼ਬਦ ਦੁਆਰਾ ਸਿਮਰ ਕੇ ਨਿਸਚਾ ਹੋਇਆ ਹੈ ਕਿ ਪ੍ਰਭੂ ਆਪ ਹੀ (ਸਭ ਜੀਵਾਂ ਦੇ ਕਰਮ) ਦੇਖਦਾ ਹੈ ਤੇ ਆਪ ਹੀ (ਸਭ ਜੀਵਾਂ ਦੀਆਂ ਬੇਨਤੀਆਂ) ਸੁਣਦਾ ਹੈ।੧।

ਹੇ ਸੱਚੇ ਪਾਤਸ਼ਾਹ! ਤੂੰ ਅਸਚਰਜ ਹੈਂ, ਤੂੰ ਅਸਚਰਜ ਹੈਂ ਅਤੇ ਤੂੰ ਸੱਚੀ ਵਡਿਆਈ ਵਾਲਾ ਹੈਂ; ਤੂੰ ਸੱਚੇ ਨਾਮ ਵਾਲਾ ਹੈਂ।੧। ਰਹਾਉ।

ਪਦਾਰਥ = ਸੋਇ–ਉਹ ਹੀ। ਸੁਖੈ–ਸੁੱਖ ਦਾ। ਬਿਬੇਕ–ਵਿਚਾਰ (ਨਿਸ਼ਾਨੀ)। ਅੰਤਰੁ–ਅੰਦਰਲਾ ਹਿਰਦਾ। ਨਿਰਮਲੁ–ਪਵਿਤ੍ਰ। ਭ੍ਰਮੁ–ਭਰਮ ਭੁਲੇਖਾ। ਏਕੋ–ਇਕ ਪ੍ਰਭੂ। ਜਹ–ਜਿੱਥੇ। ਤਹ–ਉਥੇ।੩। ਪਉੜੀ। ਸਚੈ–ਸੱਚੇ ਪ੍ਰਭੂ ਨੇ। ਰਚਾਇਆ–ਬਣਾਇਆ। ਬੈਸਣ ਕਉ–ਬੈਠਣ ਵਾਸਤੇ। ਜਾਂਈ–ਅਸਥਾਨ। ਸਬਦਿ–ਸ਼ਬਦ ਦੁਆਰਾ। ਕੁਦਰਤਿ–ਸ਼ਕਤੀ ਰਾਹੀਂ। ਸਾਜੀਅਨੁ–ਬਣਾਈ ਉਸ ਨੇ। ਮਹਲ–ਬੈਕੁੰਠ ਲੋਕ ਰੂਪ ਮਹਿਲ। ਸਰਾਈ–ਪ੍ਰਿਥਵੀ ਰੂਪ ਸਰਾਵਾਂ। ਪੂਰੀ–ਪੂਰੀ (ਅਧੂਰੀ ਨਹੀਂ)। ਧਿਆਈ–ਧਿਆ ਕੇ; ਧਿਆਇਆ ਜਾ ਸਕਦਾ ਹੈ।੧। ਵਾਹੁ ਵਾਹ–ਅਸਚਰਜ ਹੈਂ ਅਸਚਰਜ ਹੈਂ। ਪਾਤਸਾਹ–ਹੇ ਪਾਤਸ਼ਾਹ!। ਨਾਈ–ਨਾਮ ਵਾਲਾ; ਵਡਿਆਈ ਵਾਲਾ।੧। ਰਹਾਉ।

ਸਲੋਕੁ ॥ ਕਬੀਰ ਮਹਿਦੀ ਕਰਿ ਕੈ ਘਾਲਿਆ, ਆਪੁ ਪੀਸਾਇ ਪੀਸਾਇ ॥ ਤੈ ਸਹ ਬਾਤ ਨ ਪੁਛੀਆ, ਕਬਹੂ ਨ ਲਾਈ ਪਾਇ ॥੧॥ ਮঃ ੩ ॥ ਨਾਨਕ ਮਹਿਦੀ ਕਰਿ ਕੈ ਰਖਿਆ, ਸੋ ਸਹੁ ਨਦਰਿ ਕਰੇਇ ॥ ਆਪੇ ਪੀਸੈ ਆਪੇ ਘਸੈ, ਆਪੇ ਹੀ ਲਾਇ ਲਏਇ ॥ ਇਹੁ ਪਿਰਮ ਪਿਆਲਾ ਖਸਮ ਕਾ, ਜੈ ਭਾਵੈ ਤੈ ਦੇਇ ॥੨॥ ਕਬੀਰ ਜੀ ਕਹਿੰਦੇ ਹਨ ਕਿ ਮੈਂ ਅਪਣੇ ਆਪ ਨੂੰ ਮਹਿੰਦੀ ਬਣਾ ਕਰਕੇ (ਮਹਿੰਦੀ ਵਾਂਗ) ਪੀਸ ਪੀਸ ਕੇ ਬਹੁਤ ਘਾਲ ਕਮਾਈ ਕੀਤੀ ਹੈ। (ਪਰ ਫਿਰ ਵੀ) ਹੇ ਮਾਲਕ ਪ੍ਰਭੂ! ਤੈਂ ਮੇਰੀ ਬਾਤ ਵੀ ਨਹੀਂ ਪੁੱਛੀ (ਮੇਰੀ ਸਾਰ ਨਹੀਂ ਲਈ) ਅਤੇ ਨਾ ਹੀ ਮੈਨੂੰ ਕਦੇ (ਅਪਣੇ) ਚਰਨੀਂ ਲਾਇਆ ਹੈ।੧। (ਇਹ ਸਲੋਕ ੧੩੬੭ ਅੰਗ ਉਤੇ ਕਬੀਰ ਜੀ ਦਾ ੬੫ ਵਾਂ ਸਲੋਕ ਹੈ)। ਮঃ ੩ ॥ ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੇ ਅਪਣੇ ਆਪ ਨੂੰ) ਮਹਿੰਦੀ ਬਣਾ ਕਰਕੇ ਰੱਖਿਆ ਹੈ (ਉਸ ਉਤੇ ਜਦੋਂ) ਉਹ ਪ੍ਰਭੂ ਮਿਹਰ ਦੀ ਨਜਰ ਕਰਦਾ ਹੈ। ਉਹ ਆਪ ਹੀ (ਮਹਿੰਦੀ ਨੂੰ) ਪੀਂਹਦਾ ਹੈ, ਆਪ ਹੀ ਰਗੜਦਾ ਹੈ ਅਤੇ ਆਪ ਹੀ (ਮਹਿੰਦੀ ਨੂੰ) ਅਪਣੇ ਪੈਰਾਂ ਤੇ ਲਾ ਲੈਂਦਾ ਹੈ (ਆਪ ਹੀ ਮਿਹਰ ਕਰਕੇ ਇੰਦ੍ਰੀਆਂ ਦਾ ਦਮਨ ਤੇ ਕਾਮਾਦਿਕਾਂ ਦਾ ਨਾਸ਼ ਕਰਾਉਂਦਾ ਹੈ। ਨਾਮ ਦੀ ਦਾਤ ਦੇ ਕੇ ਪ੍ਰੇਮ ਦਾ ਗੂੜ੍ਹਾ ਰੰਗ ਚਾੜ੍ਹ ਦੇਂਦਾ ਹੈ ਭਾਵ ਅਪਣੇ ਚਰਨੀਂ ਲਾ ਲੈਂਦਾ ਹੈ)। ਇਹ ਪ੍ਰੇਮ ਦਾ ਪਿਆਲਾ ਮਾਲਕ ਪ੍ਰਭੂ ਦੀ ਦਾਤ ਹੈ, ਜਿਸ ਨੂੰ (ਉਹ) ਦੇਣਾ ਚਾਹੁੰਦਾ ਹੈ; ਜੋ ਮਨੁੱਖ ਉਸ ਨੂੰ ਚੰਗਾ ਲਗਦਾ ਹੈ, ਉਸ ਨੂੰ ਦੇਂਦਾ ਹੈ।੨। ਦੂਜੇ ਸਲੋਕ ਦੀ ਅਖੀਰਲੀ ਪੰਗਤੀ ਫਰੀਦ ਜੀ ਦੇ ਸਲੋਕਾਂ ਵਿਚ ੧੩ ਵੇਂ ਸਲੋਕ ਵਿਚ ਵੀ ਹੈ।

ਪਦਾਰਥ = ਕਰਿ ਕੈ–ਬਣਾ ਕਰਕੇ। ਘਾਲਿਆ–ਮਿਹਨਤ ਕੀਤੀ; ਸੇਵਾ ਕੀਤੀ। ਆਪੁ–ਅਪਣੇ ਆਪ ਨੂੰ। ਪੀਸਾਇ–ਪੀਹ ਕੇ। ਤੈ–ਤੈਂ। ਸਹ–ਹੇ ਮਾਲਕ ਪ੍ਰਭੂ!। ਕਬਹੂ–ਕਦੇ ਵੀ। ਲਾਈ ਪਾਇ–ਪੈਰੀਂ ਲਾਇਆ।੧। ਸੋ–ਉਹ। ਸਹੁ–ਮਾਲਕ ਪ੍ਰਭੂ। ਨਦਰਿ–ਮੇਹਰ ਦੀ ਨਜਰ। ਘਸੈ–ਰਗੜਦਾ ਹੈ। ਪਿਰਮ ਪਿਆਲਾ–ਪ੍ਰੇਮ ਦਾ ਪਿਆਲਾ। ਜੈ–ਜਿਸ ਨੂੰ। ਭਾਵੈ–ਚਾਹੁੰਦਾ ਹੈ। ਤੈ–ਉਸ ਨੂੰ।੨।

ਵਿਆਖਿਆ = ਪ੍ਰਭੂ ਨੂੰ ਪ੍ਰਸੰਨ ਕਰਨ ਲਈ ਬਹੁਤ ਮਿਹਨਤਾਂ ਨਾਲ ਸਾਧਨ ਕੀਤੇ, ਪਰ ਅਜੇ ਤਕ ਉਸ ਨੇ ਮੈਨੂੰ ਕਬੂਲ ਨਹੀਂ ਕੀਤਾ। ਗੁਰੂ ਸਾਹਿਬ ਅਗਲੇ ਸਲੋਕ ਵਿਚ ਭਗਤ ਕਬੀਰ ਜੀ ਦੇ ਸਲੋਕ ਦੀ ਸੁਧਾਈ ਕਰਦੇ ਦਸਦੇ ਹਨ ਕਿ ਮਾਲਕ ਦੀ ਮਿਹਰ ਕਿਸੇ ਸਾਧਨ ਦੀ ਦਬੇਲ ਨਹੀਂ। ਅਸੀਂ ਤਾਂ ਅਪਣੇ ਆਪ ਨੂੰ ਮਹਿੰਦੀ ਬਣਾ ਕੇ ਰੱਖਿਆ ਹੋਇਆ ਹੈ, ਜਦ ਵੀ ਉਸ ਦੀ ਮਿਹਰ ਹੋਈ, ਉਹ ਆਪ ਇਸ ਮਹਿੰਦੀ ਪੀਹ ਕੇ ਤੇ ਰਗੜ ਕੇ ਲਾ ਲਵੇਗਾ। ਜਦੋਂ ਵੀ ਉਹ ਪ੍ਰਸੰਨ ਹੋ ਕੇ ਕਬੂਲਦਾ ਹੈ ਤਾਂ ਉਸ ਦੀ ਮਿਹਰ ਹੀ ਸਮਝਣੀ ਚਾਹੀਦੀ ਹੈ। ਸਾਨੂੰ ਯਤਨ ਕਰਦਿਆਂ ਹੋਇਆਂ ਫਲ ਦੀ ਇੱਛਾ ਲਈ ਬਹੁਤਾ ਉਤਾਵਲਾ ਨਹੀਂ ਹੋਣਾ ਚਾਹੀਦਾ, ਬਲਕਿ ਹਰੀ ਦੀ ਮਿਹਰ ਦੀ ਉਡੀਕ ਰੱਖਣੀ ਚਾਹੀਦੀ ਹੈ। ਜਿਸ ਨੂੰ ਉਹ ਜਦੋਂ ਚਾਹੇ ਅਪਣੇ ਪਿਆਰ ਵਿਚ ਲਾ ਲੈਂਦਾ ਹੈ। (ਸ਼ਬਦਾਰਥ)।

ਕਬੀਰ ਜੀ ਕਹਿੰਦੇ ਹਨ ਕਿ ਨਾਮ ਬਾਣੀ ਦੇ ਅਭਿਆਸ ਰਾਹੀਂ ਸਰੀਰ ਨੂੰ ਪੀਹ ਪੀਹ ਕੇ ਬੜੇ ਕਸ਼ਟ ਦੇ ਕੇ ਵਾਸ਼ਨਾਵਾਂ ਤੇ ਹੰਕਾਰ ਨੂੰ ਨਾਸ਼ ਕੀਤਾ ਜਾਂ ਬਿਰਤੀ ਨੂੰ ਮਹਿੰਦੀ ਵਾਂਗ ਬਰੀਕ (ਸੂਖਮ) ਕੀਤਾ। ਜਿਵੇਂ ਪੀਸੀ ਤੇ ਬਰੀਕ ਕੀਤੀ ਹੋਈ ਮਹਿੰਦੀ ਕਿਸੇ ਸੁਹਾਗਣ ਦੇ ਹੱਥਾਂ ਪੈਰਾਂ ਨੂੰ ਲਗ ਕੇ ਗੂੜ੍ਹਾ ਰੰਗ ਚੜ੍ਹਦਾ ਹੈ ਅਤੇ ਮਹਿੰਦੀ ਦੇ ਸਹੇ ਹੋਏ ਕਸ਼ਟ ਸਫਲ ਹੁੰਦੇ ਹਨ।

ਪਉੜੀ ॥ ਵੇਕੀ ਸ੍ਰਿਸਟਿ ਉਪਾਈਅਨੁ ,ਸਭ ਹੁਕਮਿ ਆਵੈ ਜਾਇ ਸਮਾਹੀ ॥ ਆਪੇ ਵੇਖਿ ਵਿਗਸਦਾ, ਦੂਜਾ ਕੋ ਨਾਹੀ ॥ ਜਿਉ ਭਾਵੈ

ਤਿਉ ਰਖੁ ਤੂ ,ਗੁਰ ਸਬਦਿ ਬੁਝਾਹੀ ॥ ਸਭਨਾ ਤੇਰਾ ਜੋਰੁ ਹੈ, ਜਿਉ ਭਾਵੈ ਤਿਵੈ ਚਲਾਹੀ ॥ ਤੁਧੁ ਜੇਵਡ ਮੈ ਨਾਹਿ ਕੋ, ਕਿਸੁ ਆਖਿ ਸੁਣਾਈ ॥੨॥ ਉਸ ਪ੍ਰਭੂ ਨੇ ਵੱਖ ਵੱਖ ਤਰ੍ਹਾਂ (ਅਨੇਕਾਂ ਰੰਗਾਂ) ਦੀ ਸ੍ਰਿਸਟੀ ਪੈਦਾ ਕੀਤੀ ਹੈ, ਸਾਰੀ (ਸ੍ਰਿਸਟੀ ਉਸ ਦੇ) ਹੁਕਮ ਵਿਚ ਆਉਂਦੀ ਤੇ ਜਾਂਦੀ (ਜੰਮਦੀ ਮਰਦੀ) ਹੈ ਅਤੇ (ਅੰਤ ਵਿਚ ਹੁਕਮ ਅਨੁਸਾਰ ਸ੍ਰਿਸਟੀ ਪ੍ਰਭ ਵਿਚ) ਸਮਾ ਜਾਂਦੀ ਹੈ। ਆਪ ਹੀ (ਉਹ ਅਪਣੀ ਪੈਦਾ ਕੀਤੀ ਸ੍ਰਿਸਟੀ ਨੂੰ) ਦੇਖ ਕੇ ਖੁਸ਼ ਹੁੰਦਾ ਹੈ, (ਉਸ ਤੋਂ ਬਿਨਾ ਉਸ ਵਰਗਾ ਹੋਰ) ਦੂਜਾ ਕੋਈ ਨਹੀਂ ਹੈ। ਹੇ ਪ੍ਰਭੂ! ਜਿਵੇਂ ਤੈਨੂੰ ਚੰਗਾ ਲਗਦਾ ਹੈ, ਤਿਵੇਂ ਤੂੰ (ਜੀਵਾਂ ਨੂੰ) ਰੱਖ, (ਤੂੰ ਆਪ ਹੀ) ਗੁਰੂ ਦੇ ਸ਼ਬਦ ਦੁਆਰਾ (ਜੀਵਾਂ ਨੂੰ) ਸਮਝ ਬਖਸ਼ਦਾ ਹੈਂ। ਸਾਰੇ (ਜੀਵਾਂ ਦੇ ਅੰਦਰ) ਤੇਰਾ ਹੀ ਜੋਰ ਹੈ, ਜਿਵੇਂ ਤੈਨੂੰ ਚੰਗਾ ਲਗਦਾ ਹੈ, ਤਿਵੇਂ ਤੂੰ (ਜੀਵਾਂ ਨੂੰ) ਚਲਾਉਂਦਾ ਹੈਂ। ਤੇਰੇ ਜਿਤਨੇ ਵੱਡਾ ਮੈਨੂੰ ਕੋਈ ਨਹੀਂ ਦਿਸਦਾ, (ਅਪਣਾ ਦੁੱਖ ਮੈਂ) ਕਿਸ ਨੂੰ ਆਖ ਕੇ ਸੁਣਾਵਾਂ?।੨।

ਪਦਾਰਥ = ਵੇਕੀ-ਵੱਖ ਵੱਖ ਤਰ੍ਹਾਂ ਦੀ। ਉਪਾਈਅਨੁ-ਉਸ ਨੇ ਪੈਦਾ ਕੀਤੀ ਹੈ। ਹੁਕਮਿ-ਹੁਕਮ ਵਿਚ। ਆਵੈ ਜਾਇ-ਜੰਮਦੀ ਮਰਦੀ ਹੈ। ਸਮਾਹੀ-ਸਮਾ (ਮਿਲ) ਜਾਂਦੀ ਹੈ। ਵਿਗਸਦਾ-ਖੁਸ਼ ਹੁੰਦਾ ਹੈ। ਕੋ-ਕੋਈ। ਬੁਝਾਹੀ-ਸਮਝ ਬਖਸ਼ਦਾ ਹੈਂ। ਭਾਵੈ-ਚੰਗਾ ਲਗਦਾ ਹੈ। ਤਿਵੈ-ਤਿਵੇਂ। ਚਲਾਹੀ-ਚਲਾਉਂਦਾ ਹੈ। ਸਬਦਿ-ਸ਼ਬਦ ਦੁਆਰਾ। ਤੁਧੁ ਜੇਵਡ-ਤੇਰੇ ਜਿਤਨਾ ਵੱਡਾ।੨।

ਸਲੋਕੁ ਮਃ ੩ ॥ ਭਰਮਿ ਭੁਲਾਈ ਸਭੁ ਜਗੁ ਫਿਰੀ, ਫਾਵੀ ਹੋਈ ਭਾਲਿ ॥ ਸੋ ਸਹੁ ਸਾਂਤਿ ਨ ਦੇਵਈ, ਕਿਆ ਚਲੈ ਤਿਸੁ ਨਾਲਿ ॥ ਮੈਂ ਭਰਮ ਵਿਚ ਭੁਲਾਈ ਹੋਈ ਸਾਰਾ ਜਗਤ ਫਿਰਦੀ ਰਹੀ, ਹਰੀ ਨੂੰ ਲੱਭ ਲੱਭ ਕੇ ਥੱਕ ਗਈ ਹਾਂ। ਜੇ ਉਹ ਪਤੀ ਪ੍ਰਮੇਸਰ (ਮਿਲ ਕੇ) ਸ਼ਾਤੀ ਨਾ ਦੇਵੇ, ਤਾਂ ਉਸ ਨਾਲ ਕੀ ਜੋਰ ਚਲ ਸਕਦਾ ਹੈ? (ਉਸ ਅੱਗੇ ਕੋਈ ਜੋਰ ਨਹੀਂ)।

ਅੰਗ ੯੪੮ = ਗੁਰ ਪਰਸਾਦੀ ਹਰਿ ਧਿਆਈਐ, ਅੰਤਰਿ ਰਖੀਐ ਉਰ ਧਾਰਿ ॥ ਨਾਨਕ ਘਰਿ ਬੈਠਿਆ ਸਹੁ ਪਾਇਆ, ਜਾ ਕਿਰਪਾ ਕੀਤੀ ਕਰਤਾਰਿ ॥੧॥ ਮਃ ੩ ॥ ਧੰਧਾ ਧਾਵਤ ਦਿਨੁ ਗਇਆ, ਰੈਣਿ ਗਵਾਈ ਸੋਇ ॥ ਕੂੜੁ ਬੋਲਿ ਬਿਖੁ ਖਾਇਆ, ਮਨਮੁਖਿ ਚਲਿਆ ਰੋਇ ॥ ਸਿਰੈ ਉਪਰਿ ਜਮ ਡੰਡੁ ਹੈ, ਦੂਜੈ ਭਾਇ ਪਤਿ ਖੋਇ ॥ ਹਰਿ ਨਾਮੁ ਕਦੇ ਨ ਚੇਤਿਓ, ਫਿਰਿ ਆਵਣ ਜਾਣਾ ਹੋਇ ॥ ਗੁਰ ਪਰਸਾਦੀ ਹਰਿ ਮਨਿ ਵਸੈ, ਜਮ ਡੰਡੁ ਨ ਲਾਗੈ ਕੋਇ ॥ ਨਾਨਕ ਸਹਜੇ ਮਿਲਿ ਰਹੈ, ਕਰਮਿ ਪਰਾਪਤਿ ਹੋਇ ॥੨॥ ਗੁਰੂ ਦੀ ਕ੍ਰਿਪਾ ਨਾਲ ਹਰੀ ਨੂੰ ਧਿਆਉਣਾ ਚਾਹੀਦਾ ਹੈ ਅਤੇ ਹਿਰਦੇ ਅੰਦਰ ਟਿਕਾ ਕੇ ਰੱਖਣਾ ਚਾਹੀਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜਦੋਂ (ਮੇਰੇ ਉਤੇ) ਕਰਤਾਰ ਨੇ ਕ੍ਰਿਪਾ ਕੀਤੀ, (ਤਾਂ ਗੁਰੂ ਦੀ ਸ਼ਰਣ ਵਿਚ ਪੈ ਕੇ) ਮੈਂ ਘਰ ਵਿਚ ਬੈਠਿਆਂ ਹੀ ਪਤੀ ਪ੍ਰਮੇਸਰ ਨੂੰ ਪ੍ਰਾਪਤ ਕਰ ਲਿਆ ਹੈ।੧। ਮਃ ੩ ॥ (ਮਨਮੁਖ ਦਾ) ਧੰਧਿਆਂ ਵਿਚ ਦੌੜਦਿਆਂ ਦਿਨ ਬੀਤ ਗਿਆ ਅਤੇ ਰਾਤ ਸੌਂ ਕੇ ਗਵਾ ਦਿਤੀ ਹੈ। ਝੂਠ ਬੋਲ ਕੇ ਜਹਿਰ ਰੂਪ ਵਿਸ਼ੇ ਵਿਕਾਰ ਖਾਂਦਾ (ਭੋਗਦਾ) ਰਿਹਾ, (ਦੁਨੀਆਂ ਵਿਚੋਂ ਅੰਤ ਨੂੰ) ਮਨਮੁਖ ਰੋ ਕੇ ਚਲਾ ਗਿਆ। (ਉਸ ਦੇ) ਸਿਰ ਉਤੇ ਜਮ ਦਾ ਡੰਡਾ ਵੱਜਦਾ ਹੈ ਤੇ ਦ੍ਵੈਤ ਭਾਵ ਵਿਚ ਲੱਗਾ ਹੋਣ ਕਰਕੇ (ਇਸ ਨੇ ਅਪਣੀ) ਇੱਜਤ ਗਵਾ ਲਈ ਹੈ। (ਉਸ ਨੇ) ਕਦੇ ਹਰੀ ਦਾ ਨਾਮ ਚੇਤੇ ਨਹੀਂ ਕੀਤਾ, (ਇਸ ਕਰ ਕੇ ਉਸ ਦਾ ਸੰਸਾਰ) ਵਿਚ ਜੰਮਣਾ ਮਰਨਾ ਹੁੰਦਾ ਰਹਿੰਦਾ ਹੈ। ਜੇ ਗੁਰੂ ਦੀ ਕ੍ਰਿਪਾ ਨਾਲ ਮਨ ਵਿਚ ਹਰੀ ਵਸ ਜਾਵੇ, ਤਾਂ ਕੋਈ ਜਮ ਦਾ ਡੰਡ ਨਹੀਂ ਲਗਦਾ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ) ਸੁਭਾਵਕ ਹੀ ਹਰੀ ਨਾਲ ਮਿਲਿਆ ਰਹਿੰਦਾ ਹੈ, (ਉਸ ਨੂੰ ਇਹ) ਪ੍ਰਾਪਤੀ ਹਰੀ ਦੀ ਬਖਸ਼ਿਸ਼ ਨਾਲ ਹੋਈ ਹੈ।੨।

ਪਦਾਰਥ = ਭਰਮਿ-ਭਰਮ ਵਿਚ; ਭਰਮ ਨੇ। ਫਿਰੀ-ਫਿਰਦੀ ਰਹੀ। ਫਾਵੀ ਹੋਈ-ਥੱਕ ਗਈ। ਭਾਲਿ-ਲੱਭ ਲੱਭ ਕੇ। ਸੋ-ਉਹ। ਸਹੁ-ਪਤੀ ਪ੍ਰਮੇਸਰ। ਨ ਦੇਵਈ-ਨਾ ਦੇਵੇ। ਕਿਆ ਚਲੈ-ਕੀ ਜੋਰ ਚਲ ਸਕਦਾ ਹੈ? ਗੁਰ ਪਰਸਾਦੀ-ਗੁਰੂ ਦੀ ਕ੍ਰਿਪਾ ਨਾਲ। ਅੰਤਰਿ-ਹਿਰਦੇ ਅੰਦਰ। ਉਰ ਧਾਰਿ-ਹਿਰਦੇ ਵਿਚ ਟਿਕਾ ਕੇ। ਜਾ-ਜਦੋਂ। ਕਰਤਾਰਿ-ਕਰਤਾਰ ਨੇ।੧। ਧਾਵਤ-ਦੌੜਦਿਆਂ। ਰੈਣਿ-ਰਾਤ। ਸੋਇ-ਸੌਂ ਕੇ। ਬਿਖੁ-ਜਹਿਰ। ਮਨਮੁਖਿ-ਮਨ ਮਤੀਆ ਮਨੁੱਖ। ਰੋਇ-ਰੋ ਕੇ। ਡੰਡੁ-ਡੰਡਾ; ਸਜਾ। ਦੂਜੈ ਭਾਇ-(ਹਰੀ ਨੂੰ ਛਡ ਕੇ) ਕਿਸੇ ਹੋਰ ਦੇ ਪਿਆਰ ਕਰਕੇ। ਪਤਿ-ਇੱਜਤ। ਖੋਇ-ਗਵਾ ਲਈ ਹੈ। ਫਿਰਿ-ਮੁੜ ਮੁੜ ਕੇ। ਆਵਣ ਜਾਣਾ-ਆਵਾਗਵਨ (ਜੰਮਣਾ ਮਰਨਾ)। ਮਨਿ-ਮਨ ਵਿਚ। ਸਹਜੇ-ਸੁਭਾਵਕ ਹੀ। ਕਰਮਿ-ਬਖਸ਼ਿਸ਼ ਨਾਲ।੨।

ਪਉੜੀ ॥ ਇਕਿ ਆਪਣੀ ਸਿਫਤੀ ਲਾਇਅਨੁ ,ਦੇ ਸਤਿਗੁਰ ਮਤੀ ॥ ਇਕਨਾ ਨੋ ਨਾਉ ਬਖਸਿਓਨੁ ,ਅਸਥਿਰੁ ਹਰਿ ਸਤੀ ॥ ਪਉਣੁ ਪਾਣੀ ਬੈਸੰਤਰੋ, ਹੁਕਮਿ ਕਰਹਿ ਭਗਤੀ ॥ ਏਨਾ ਨੋ ਭਉ ਅਗਲਾ, ਪੂਰੀ ਬਣਤ ਬਣਤੀ ॥ ਸਭੁ ਇਕੋ ਹੁਕਮੁ ਵਰਤਦਾ, ਮੰਨਿਐ ਸੁਖੁ ਪਾਈ ॥੩॥ ਉਸ ਪ੍ਰਭੂ ਨੇ ਕਈ ਗੁਰਮੁਖਾਂ ਨੂੰ ਸਤਿਗੁਰੂ ਦੀ ਮੱਤ ਦੇ ਕੇ ਅਪਣੀ ਸਿਫਤ ਸਲਾਹ ਵਿਚ ਲਾਇਆ ਹੈ। ਉਸ ਅਚੱਲ ਅਤੇ ਸੱਤ ਸਰੂਪ ਹਰੀ ਨੇ ਕਈ ਗੁਰਮੁਖਾਂ ਨੂੰ ਅਪਣਾ ਨਾਉ ਬਖਸ਼ਿਆ ਹੈ। ਪੌਣ, ਪਾਣੀ ਤੇ ਅੱਗ ਆਦਿਕ ਤੱਤ (ਪ੍ਰਭੂ ਦੇ) ਹੁਕਮ

ਚੱਲ ਕੇ (ਉਸ ਦੀ) ਭਗਤੀ ਕਰਦੇ ਹਨ। ਇਨ੍ਹਾਂ (ਤੱਤਾਂ) ਨੂੰ ਪ੍ਰਭੂ ਦਾ ਬਹੁਤ ਡਰ ਹੈ, (ਜਿਸ ਪ੍ਰਭੂ ਨੇ ਸੰਸਾਰ ਦੀ) ਪੂਰੀ ਬਣਤ ਬਣਾਈ ਹੈ। ਸਾਰੇ (ਸੰਸਾਰ ਉਤੇ) ਇਕੋ ਪ੍ਰਭੂ ਦਾ ਹੁਕਮ ਵਰਤਦਾ ਹੈ, (ਉਸ ਦੇ) ਹੁਕਮ ਨੂੰ ਮੰਨਿਆਂ ਹੀ ਸੁਖ ਪਾਈਦਾ ਹੈ।੩।

ਪਦਾਰਥ = ਇਕਿ-ਕਈ ਮਨੁੱਖਾਂ ਨੂੰ। ਲਾਇਅਨੁ-ਉਸ ਨੇ ਲਾਇਆ ਹੈ। ਦੇ-ਦੇ ਕੇ। ਮਤੀ-ਮੱਤ; ਸਿੱਖਿਆ। ਇਕਨਾ ਨੋ-ਕਈਆਂ ਨੂੰ। ਬਖਸਿਓਨੁ-ਉਸ ਨੇ ਬਖਸ਼ਿਆ ਹੈ। ਅਸਥਿਰੁ-ਸਦਾ ਰਹਿਣ ਵਾਲਾ; ਅਚੱਲ। ਸਤੀ-ਸੱਚ ਸਰੂਪ। ਬੈਸੰਤਰੋ-ਅੱਗ। ਅਗਲਾ-ਬਹੁਤ। ਬਣਤ-ਬਣਤਰ; ਰਚਨਾ। ਬਣਤੀ (ਬਣੱਤੀ ਪੜ੍ਹੋ)-ਬਣਾਈ ਹੈ। ਮੰਨਿਐ-ਮੰਨਣ ਨਾਲ। ਪਾਈ-ਪਾਈਦਾ ਹੈ।੩।

ਸਲੋਕੁ ॥ ਕਬੀਰ ਕਸਉਟੀ ਰਾਮ ਕੀ, ਝੂਠਾ ਟਿਕੈ ਨ ਕੋਇ ॥ ਰਾਮ ਕਸਉਟੀ ਸੋ ਸਹੈ, ਜੋ ਮਰਜੀਵਾ ਹੋਇ ॥੧॥ ਕਬੀਰ ਸਾਹਿਬ ਆਖਦੇ ਹਨ ਕਿ ਪ੍ਰਭੂ ਦੀ ਪਰਖ ਐਸੀ ਪੂਰਨ ਹੈ ਕਿ ਕੋਈ ਝੂਠਾ ਮਨੁੱਖ ਉਸ ਅੱਗੇ ਟਿਕ ਨਹੀਂ ਸਕਦਾ। ਪ੍ਰਭੂ ਦੀ ਪਰਖ (ਭਾਣਾ ਮੰਨਣ ਦੀ ਕਸਵੱਟੀ) ਉਹ ਮਨੁੱਖ ਸਹਿ ਸਕਦਾ (ਕਸਉਟੀ ਤੇ ਪੂਰਾ ਉਤਰਦਾ) ਹੈ, ਜੋ ਸੰਸਾਰ ਵੱਲੋਂ ਮਰ ਕੇ ਪ੍ਰਭੂ ਵੱਲ ਜਿਉਂਦਾ ਹੈ (ਜਿਸ ਨੇ ਦੇਹ ਅਭਿਮਾਨ ਛਡ ਦਿਤਾ ਹੈ)।੧। (ਇਹ ਸਲੋਕ ੧੩੬੬ ਅੰਗ ਤੇ ਕਬੀਰ ਜੀ ਦਾ ੩੩ ਵਾਂ ਸਲੋਕ ਹੈ)।

ਮਃ ੩ ॥ ਕਿਉ ਕਰਿ ਇਹੁ ਮਨੁ ਮਾਰੀਐ, ਕਿਉ ਕਰਿ ਮਿਰਤਕੁ ਹੋਇ ॥ ਕਹਿਆ ਸਬਦੁ ਨ ਮਾਨਈ, ਹਉਮੈ ਛਡੈ ਨ ਕੋਇ ॥ ਗੁਰ ਪਰਸਾਦੀ ਹਉਮੈ ਛੁਟੈ, ਜੀਵਨ ਮੁਕਤੁ ਸੋ ਹੋਇ ॥ ਨਾਨਕ ਜਿਸ ਨੋ ਬਖਸੇ ਤਿਸੁ ਮਿਲੈ, ਤਿਸੁ ਬਿਘਨੁ ਨ ਲਾਗੈ ਕੋਇ ॥੨॥ (ਹੇ ਭਾਈ!) ਕਿਸ ਤਰ੍ਹਾਂ ਇਹ ਮਨ ਮਾਰੀਏ ਅਤੇ ਕਿਸ ਤਰ੍ਹਾਂ ਇਹ ਮੁਰਦਾ ਹੋਵੇ? (ਜਦ ਕਿ ਇਹ ਮਨ ਗੁਰੂ ਦਾ) ਕਿਹਾ ਹੋਇਆ ਉਪਦੇਸ਼ ਨਹੀਂ ਮੰਨਦਾ ਅਤੇ ਨਾ ਹੀ ਕੋਈ ਮਨੁੱਖ ਹਉਮੈ ਨੂੰ ਛਡਦਾ ਹੈ। ਗੁਰੂ ਦੀ ਕ੍ਰਿਪਾ ਨਾਲ ਜਿਸ ਮਨੁੱਖ ਦੀ ਹਉਮੈ ਛੁਟਦੀ ਹੈ, ਉਹ ਜਿਉਂਦਾ ਹੀ ਮੁਕਤ ਹੋ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਉਤੇ ਪ੍ਰਭੂ ਬਖਸ਼ਿਸ਼ ਕਰਦਾ ਹੈ, ਉਸ ਨੂੰ (ਜੀਵਨ ਮੁਕਤੀ ਦੀ ਦਾਤ) ਮਿਲਦੀ ਹੈ, (ਫਿਰ) ਉਸ ਨੂੰ ਕੋਈ ਬਿਘਨ ਨਹੀਂ ਲਗਦਾ।੨।

ਪਦਾਰਥ = ਕਸਉਟੀ-ਕਸਵੱਟੀ (ਸੋਨੇ ਨੂੰ ਪਰਖਣ ਵਾਲਾ ਕਾਲਾ ਪੱਥਰ); ਪ੍ਰੀਖਿਆ। ਰਾਮ ਕੀ-ਪ੍ਰਭੂ ਦੀ। ਸੋ ਸਹੈ-ਉਹ ਸਹਾਰਦਾ ਹੈ। ਮਰਜੀਵਾ-ਮਰ ਜੀਵੜਾ (ਦੁਨੀਆਂ ਵੱਲੋਂ ਮਰ ਕੇ ਰੱਬ ਵੱਲ ਜੋ ਜਿਉਂਦਾ ਹੈ)।੧। ਕਿਉ ਕਰਿ-ਕਿਸ ਤਰ੍ਹਾਂ; ਕਿਵੇਂ। ਮਿਰਤਕੁ-ਮੁਰਦਾ। ਸਬਦੁ-ਉਪਦੇਸ਼। ਨ ਮਾਨਈ-ਨਹੀਂ ਮੰਨਦਾ। ਗੁਰ ਪਰਸਾਦੀ-ਗੁਰੂ ਦੀ ਕ੍ਰਿਪਾ ਨਾਲ। ਜੀਵਨ ਮੁਕਤੁ-ਜਿਉਂਦਿਆ ਹੀ ਆਤਮ ਗਿਆਨ ਪਾ ਕੇ ਜਨਮ ਮਰਨ ਤੋਂ ਮੁਕਤ ਹੋਣਾ। ਬਖਸੇ-ਬਖਸ਼ਿਸ਼ ਕਰਦਾ ਹੈ। ਤਿਸੁ-ਉਸ ਨੂੰ। ਬਿਘਨੁ-ਰੁਕਾਵਟ।੨।

ਮਃ ੩ ॥ ਜੀਵਤ ਮਰਣਾ ਸਭੁ ਕੋ ਕਹੈ, ਜੀਵਨ ਮੁਕਤਿ ਕਿਉ ਹੋਇ ॥ ਭੈ ਕਾ ਸੰਜਮੁ ਜੇ ਕਰੇ, ਦਾਰੂ ਭਾਉ ਲਾਏਇ ॥ ਅਨਦਿਨੁ ਗੁਣ ਗਾਵੈ ਸੁਖ ਸਹਜੇ, ਬਿਖੁ ਭਵਜਲੁ ਨਾਮਿ ਤਰੇਇ ॥ ਨਾਨਕ ਗੁਰਮੁਖਿ ਪਾਈਐ, ਜਾ ਕਉ ਨਦਰਿ ਕਰੇਇ ॥੩॥ (ਹੇ ਭਾਈ!) ਜੀਵਤ ਭਾਵ ਤੋਂ ਮਰਨ ਦੀਆਂ ਗੱਲਾਂ ਸਭ ਕੋਈ ਕਹਿੰਦਾ ਹੈ, (ਪਰ) ਜਿਉਂਦਿਆਂ ਮੁਕਤ ਹੋਣ ਦੀ ਅਵਸਥਾ ਕਿਵੇਂ ਪ੍ਰਾਪਤ ਹੁੰਦੀ ਹੈ? ਜੇ (ਮਨੁੱਖ ਪ੍ਰਭੂ ਦੇ) ਪ੍ਰਭੂ ਦੇ ਪ੍ਰੇਮ ਦੀ ਦਵਾਈ ਲਗਾਵੇ (ਵਰਤੇ) ਅਤੇ ਭੈ ਦਾ ਪ੍ਰਹੇਜ ਕਰੇ (ਪ੍ਰਭੂ ਦਾ ਭੈ ਤੇ ਡਰ ਦਿਲ ਵਿਚ ਧਾਰਨ ਕਰੇ)। ਹਰ ਰੋਜ ਪ੍ਰਭੂ ਦੇ ਗੁਣ ਗਾਵੇ, ਤਾਂ (ਉਸ ਨੂੰ) ਸੁਭਾਵਕ ਹੀ ਸੁਖ ਪ੍ਰਾਪਤ ਹੋ ਜਾਵੇਗਾ ਅਤੇ ਨਾਮ ਦੁਆਰਾ ਬਿਖ ਰੂਪ ਸੰਸਾਰ ਸਮੁੰਦਰ ਨੂੰ ਤਰ ਜਾਵੇਗਾ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਉਤੇ ਪ੍ਰਭੂ ਮੇਹਰ ਦੀ ਨਜਰ ਕਰਦਾ ਹੈ, (ਉਸ ਨੂੰ ਜੀਵਨ ਮੁਕਤ ਦੀ ਅਵਸਥਾ) ਗੁਰੂ ਦੁਆਰਾ ਪ੍ਰਾਪਤ ਹੁੰਦੀ ਹੈ।੩।

ਸਾਰੰਸ਼ = ਹਰੀ ਦਾ ਸੇਵਕ ਬਣਨ ਲਈ ਬਹੁਤ ਔਖੀ ਘਾਲ ਕਰਨੀ ਪੈਂਦੀ ਹੈ। ਝੂਠੀ ਮੂਠੀ ਕਰਮ ਕਰਨ ਨਾਲ ਕੁਝ ਨਹੀਂ ਬਣਦਾ। ਮਨ ਨੂੰ ਮਾਰਨਾ ਪੈਂਦਾ ਹੈ, ਮਨ ਨੂੰ ਮਾਰਨ ਲਈ ਗੁਰੂ ਦਾ ਉਪਦੇਸ਼ ਮੰਨ ਕੇ ਹਉਮੈ ਨੂੰ ਛਡਣਾ ਜਰੂਰੀ ਹੈ। (ਸ਼ਬਦਾਰਥ)

ਪਉੜੀ ॥ ਦੂਜਾ ਭਾਉ ਰਚਾਇਓਨੁ ,ਤ੍ਰੈ ਗੁਣ ਵਰਤਾਰਾ ॥ ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ ,ਹੁਕਮਿ ਕਮਾਵਨ ਕਾਰਾ ॥ ਪੰਡਿਤ ਪੜਦੇ ਜੋਤਕੀ, ਨ ਬੂਝਹਿ ਬੀਚਾਰਾ ॥ ਸਭੁ ਕਿਛੁ ਤੇਰਾ ਖੇਲੁ ਹੈ, ਸਚੁ ਸਿਰਜਣਹਾਰਾ ॥ ਜਿਸੁ ਭਾਵੈ ਤਿਸੁ ਬਖਸਿ ਲੈਹਿ, ਸਚਿ ਸਬਦਿ ਸਮਾਈ ॥੪॥ ਉਸ ਪ੍ਰਭੂ ਨੇ ਹੀ ਦੂਜਾ ਭਾਉ ਤੇ ਤਿੰਨ (ਰਜੋ, ਸਤੋ ਤੇ ਤਮੋ) ਗੁਣਾਂ ਦਾ ਵਰਤਾਰਾ ਪੈਦਾ ਕੀਤਾ ਹੈ। (ਤਿੰਨ ਗੁਣਾਂ ਤੋਂ) ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਜੀ ਪੈਦਾ ਕੀਤੇ ਹਨ, (ਇਹ ਤਿੰਨੇ ਦੇਵਤੇ ਪ੍ਰਭੂ ਦੇ) ਹੁਕਮ ਵਿਚ ਹੀ ਕੰਮ ਕਰਦੇ ਹਨ। ਪੰਡਤ ਬੇਦ ਸ਼ਾਸ਼ਤ੍ਰ ਪੜ੍ਹਦੇ ਹਨ ਤੇ ਜੋਤਸ਼ੀ ਜੋਤਿਸ਼ ਲਗਾਉਂਦੇ ਹਨ, (ਪਰ ਪ੍ਰਭੂ ਦੀ) ਵਿਚਾਰ ਨੂੰ ਨਹੀਂ ਸਮਝਦੇ। ਹੇ ਸਚੇ ਸਿਰਜਨ ਹਾਰ ਪ੍ਰਭੂ! ਸਭ ਕੁਛ (ਸਾਰਾ ਜਗਤ) ਤੇਰਾ ਹੀ ਖੇਲ ਰਚਿਆ ਹੋਇਆ ਹੈ। ਜਿਸ ਨੂੰ ਤੂੰ ਚਾਹੁੰਦਾ ਹੈਂ, ਉਸ ਨੂੰ ਬਖਸ਼ ਲੈਂਦਾ ਹੈਂ ਅਤੇ (ਉਹ) ਸ਼ਬਦ ਵਿਚ ਜੁੜ ਕੇ (ਤੇਰੇ ਸਰੂਪ ਵਿਚ) ਸਮਾ ਜਾਂਦਾ ਹੈ।੪।

ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ। ਹਰੇਕ ਪਉੜੀ ਦੇ ਅੰਤ ਵਿਚ ਪੜ੍ਹਨਾ ਜਰੂਰੀ ਹੈ।

ਪਦਾਰਥ = ਜੀਵਤ ਮਰਣਾ–ਜੀਵਤ ਭਾਵ ਤੋਂ ਮਰਨਾ। ਸਭ ਕੋ–ਹਰੇਕ ਮਨੁੱਖ। ਸੰਜਮੁ–ਪ੍ਰਹੇਜ। ਦਾਰੂ–ਦਵਾਈ। ਭਾਉ–ਪ੍ਰੇਮ। ਲਾਏਇ –ਲਗਾਵੇ (ਵਰਤੇ)। ਅਨਦਿਨੁ–ਹਰ ਰੋਜ। ਸਹਜੇ–ਸੁਭਾਵਕ ਹੀ। ਬਿਖੁ ਭਵਜਲੁ–ਜਹਿਰ ਰੂਪ ਸੰਸਾਰ ਸਮੁੰਦਰ। ਤਰੇਇ–ਤਰ ਜਾਵੇਗਾ। ਗੁਰਮੁਖਿ–ਗੁਰੂ ਰਾਹੀਂ। ਜਾ ਕਉ–ਜਿਸ ਉਤੇ। ਨਦਰਿ ਕਰੇਇ–ਮੇਹਰ ਦੀ ਨਜਰ ਕਰਦਾ ਹੈ।੩। ਪਉੜੀ। ਦੂਜਾ ਭਾਉ–ਪ੍ਰਭੂ ਤੋਂ ਬਿਨਾ ਕਿਸੇ ਦੂਜੇ ਦਾ ਪ੍ਰੇਮ। ਰਚਾਇਓਨੁ–ਉਸ ਨੇ ਪੈਦਾ ਕੀਤਾ ਹੈ। ਮਹੇਸੁ–ਸ਼ਿਵ ਜੀ। ਉਪਾਇਅਨੁ–ਪੈਦਾ ਕੀਤੇ ਹਨ। ਕਮਾਵਨ ਕਾਰਾ –ਕੰਮ ਕਰਦੇ ਹਨ। ਜੋਤਕੀ–ਜੋਤਸ਼ੀ। ਸਿਜਣਹਾਰਾ–ਹੇ ਸਿਰਜਨਹਾਰ ਪ੍ਰਭੂ !। ਭਾਵੈ–ਚਾਹੁੰਦਾ ਹੈਂ। ਸਮਾਈ–ਸਮਾ ਜਾਂਦਾ ਹੈ।੪।

ਸਲੋਕੁ ਮਃ ੩ ॥ ਮਨ ਕਾ ਝੂਠਾ, ਝੂਠੁ ਕਮਾਵੈ ॥ ਮਾਇਆ ਨੋ ਫਿਰੈ, ਤਪਾ ਸਦਾਵੈ ॥ ਭਰਮੇ ਭੂਲਾ, ਸਭਿ ਤੀਰਥ ਗਹੈ ॥ ਓਹੁ ਤਪਾ ਕੈਸੇ ਪਰਮ ਗਤਿ ਲਹੈ ॥ ਗੁਰ ਪਰਸਾਦੀ, ਕੋ ਸਚੁ ਕਮਾਵੈ ॥ ਨਾਨਕ ਸੋ ਤਪਾ ਮੋਖੰਤਰੁ ਪਾਵੈ ॥੧॥ ਮਃ ੩ ॥ ਸੋ ਤਪਾ, ਜਿ ਇਹੁ ਤਪੁ ਘਾਲੇ ॥ ਸਤਿਗੁਰ ਨੋ ਮਿਲੈ, ਸਬਦੁ ਸਮਾਲੇ ॥ ਸਤਿਗੁਰ ਕੀ ਸੇਵਾ, ਇਹੁ ਤਪੁ ਪਰਵਾਣੁ ॥ ਨਾਨਕ ਸੋ ਤਪਾ ਦਰਗਹਿ ਪਾਵੈ ਮਾਣੁ ॥੨ (ਜੋ ਪਖੰਡੀ ਮਨੁੱਖ) ਮਨ ਦਾ ਝੂਠਾ ਹੈ ਅਤੇ ਝੂਠ ਹੀ ਕਮਾਉਂਦਾ ਹੈ (ਝੂਠੀ ਕਮਾਈ ਕਰਦਾ ਹੈ)। ਮਾਇਆ ਵਾਸਤੇ (ਤੀਰਥਾਂ ਤੇ) ਫਿਰਦਾ ਹੈ ਅਤੇ (ਅਪਣੇ ਆਪ ਨੂੰ) ਤਪਾ ਸਦਾਉਂਦਾ ਹੈ। (ਉਹ) ਭਰਮ ਵਿਚ ਭੁੱਲਿਆ ਹੋਇਆ ਸਾਰੇ ਤੀਰਥ ਗਾਹ ਮਾਰਦਾ ਹੈ। ਉਹ ਤਪਾ ਕਿਵੇਂ ਪਰਮ ਗਤੀ ਪ੍ਰਾਪਤ ਕਰ ਸਕਦਾ ਹੈ? (ਨਹੀਂ ਪ੍ਰਾਪਤ ਕਰ ਸਕਦਾ। ਜੇ) ਕੋਈ ਤਪਾ ਗੁਰੂ ਦੀ ਕਿਰਪਾ ਨਾਲ ਸੱਚਾ ਨਾਮ ਕਮਾਉਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਤਪਾ ਅੰਦਰ ਹੀ ਮੁਕਤੀ ਪ੍ਰਾਪਤ ਕਰ ਲੈਂਦਾ ਹੈ।੧। ਮਃ ੩ ॥ (ਅਸਲੀ) ਤਪਾ ਉਹ ਹੈ, ਜਿਹੜਾ ਇਸ ਤਰ੍ਹਾਂ ਦਾ ਤਪ ਘਾਲਦਾ ਹੈ। ਸਤਿਗੁਰੂ ਨੂੰ ਮਿਲਦਾ ਹੈ ਅਤੇ (ਗੁਰੂ ਦੇ) ਉਪਦੇਸ਼ ਨੂੰ ਹਿਰਦੇ ਵਿਚ ਸੰਭਾਲ ਕੇ ਰੱਖਦਾ ਹੈ। ਸਤਿਗੁਰੂ ਜੋ ਸੇਵਾ ਕਰਨੀ ਹੈ, (ਰੱਬੀ ਦਰਗਾਹ ਵਿਚ) ਇਹ ਤਪ ਪ੍ਰਵਾਨ ਹੁੰਦਾ ਹੈ {ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ੪੨੩}। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਤਪਾ ਪ੍ਰਭੂ ਦੀ ਦਰਗਾਹ ਵਿਚ ਮਾਣ ਪ੍ਰਾਪਤ ਕਰਦਾ ਹੈ।੨।

ਪਦਾਰਥ = ਮਾਇਆ ਨੋ–ਮਾਇਆ ਵਾਸਤੇ। ਫਿਰੈ–ਫਿਰਦਾ ਹੈ। ਭਰਮੇ–ਭਰਮ ਵਿਚ। ਗਹੈ–ਗਾਹ ਦੇਂਦਾ ਹੈ; ਫੜਦਾ (ਜੱਫੇ ਮਾਰਦਾ) ਹੈ। ਪਰਮ ਗਤਿ–ਸਭ ਤੋਂ ਉਚੀ ਆਤਮਕ ਅਵਸਥਾ। ਲਹੈ–ਪ੍ਰਾਪਤ ਕਰਦਾ ਹੈ। ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ। ਕੋ–ਕੋਈ। ਸੋ –ਉਹ। ਮੋਖੰਤਰੁ–ਅੰਦਰ ਦੀ ਮੁਕਤੀ; ਆਤਮ ਗਿਆਨ। ਪਾਵੈ–ਪਾਉਂਦਾ ਹੈ।੧। ਜਿ–ਜਿਹੜਾ। ਘਾਲੇ–ਕਰਦਾ ਹੈ। ਸਬਦੁ–ਉਪਦੇਸ਼; ਨਾਮ। ਸਮਾਲੇ–ਸੰਭਾਲ ਕੇ ਰਖਦਾ ਹੈ; ਯਾਦ ਕਰਦਾ ਹੈ। ਮਾਣੁ–ਆਦਰ।੨।

ਪਉੜੀ ॥ ਰਾਤਿ ਦਿਨਸੁ ਉਪਾਇਅਨੁ ,ਸੰਸਾਰ ਕੀ ਵਰਤਣਿ ॥ ਗੁਰਮਤੀ ਘਟਿ ਚਾਨਣਾ, ਆਨੇਰੁ ਬਿਨਾਸਣਿ ॥ ਹੁਕਮੇ ਹੀ ਸਭ ਸਾਜੀਅਨੁ ,ਰਵਿਆ ਵਣਿ ਤ੍ਰਿਣਿ ॥ ਸੰਸਾਰ ਦੇ ਵਰਤ ਵਿਹਾਰ ਵਾਸਤੇ ਉਸ ਪ੍ਰਭੂ ਨੇ ਰਾਤ ਤੇ ਦਿਨ ਪੈਦਾ ਕੀਤੇ ਹਨ। ਹਨ੍ਹੇਰਾ (ਜੋ ਉਸ ਨੇ ਹੀ ਪੈਦਾ ਕੀਤਾ ਹੈ) ਨਾਸ਼ ਕਰਨ ਲਈ ਗੁਰੂ ਦੀ ਸਿਖਿਆ ਰਾਹੀਂ ਗੁਰਮੁਖਾਂ ਦੇ ਹਿਰਦੇ ਅੰਦਰ ਗਿਆਨ ਦਾ ਚਾਨਣਾ ਪੈਦਾ ਕੀਤਾ ਹੈ। ਉਸ ਨੇ ਅਪਣੇ ਹੁਕਮ ਵਿਚ ਹੀ ਸਾਰੀ ਸ੍ਰਿਸਟੀ ਬਣਾਈ ਹੈ, (ਉਹ) ਵਣ ਤੇ ਘਾਹ ਵਿਚ ਵੀ ਵਿਆਪਕ ਹੈ।

ਅੰਗ ੯੪੯ =ਸਭੁ ਕਿਛੁ ਆਪੇ ਆਪਿ ਹੈ, ਗੁਰਮੁਖਿ ਸਦਾ ਹਰਿ ਭਣਿ ॥ ਸਬਦੇ ਹੀ ਸੋਝੀ ਪਈ, ਸਚੈ ਆਪਿ ਬੁਝਾਈ ॥੫॥ (ਜੋ ਕੁਛ ਬਣਿਆ ਹੈ) ਸਭ ਕੁਛ ਪ੍ਰਭੂ ਆਪ ਹੀ ਆਪ ਹੈ (ਸਭ ਕੁਛ ਉਸ ਤੋਂ ਬਣਿਆ ਹੈ, ਹੇ ਮਨੁੱਖ! ਤੂੰ) ਗੁਰੂ ਰਾਹੀਂ ਸਦਾ ਹਰੀ ਦਾ ਸਿਮਰਨ ਕਰ। (ਗੁਰੂ ਦੇ) ਸ਼ਬਦ ਦੁਆਰਾ ਹੀ ਇਹ ਸਮਝ ਪਈ ਹੈ, ਸੱਚੇ ਪ੍ਰਭੂ ਨੇ ਆਪ ਹੀ (ਇਹ) ਸਮਝ ਬਖਸ਼ੀ ਹੈ।੫।

ਪਦਾਰਥ = ਉਪਾਇਅਨੁ–ਉਸ ਨੇ ਪੈਦਾ ਕੀਤੇ ਹਨ। ਵਰਤਣਿ–ਵਰਤੋਂ ਵਿਹਾਰ ਵਾਸਤੇ। ਗੁਰਮਤੀ–ਗੁਰੂ ਦੀ ਸਿੱਖਿਆ ਰਾਹੀਂ। ਘਟਿ–ਹਿਰਦੇ ਵਿਚ। ਆਨੇਰ–ਹਨ੍ਹੇਰਾ। ਬਿਨਾਸਣਿ–ਨਾਸ਼ ਕਰਨ ਲਈ। ਸਭ–ਸਾਰੀ (ਸ੍ਰਿਸਟੀ)। ਸਾਜੀਅਨੁ–ਬਣਾਈ ਹੈ। ਰਵਿਆ–ਵਿਆਪਕ ਹੈ। ਵਣਿ–ਜੰਗਲ ਵਿਚ। ਤ੍ਰਿਣਿ–ਘਾਹ ਦੇ ਤੀਲੇ ਵਿਚ। ਗੁਰਮੁਖਿ–ਗੁਰੂ ਰਾਹੀਂ। ਭਣਿ–ਸਿਮਰਨ ਕਰ। ਸਚੈ–ਸੱਚੇ ਪ੍ਰਭੂ ਨੇ।੫।

ਸਲੋਕ ਮਃ ੩ ॥ ਅਭਿਆਗਤ ਏਹਿ ਨ ਆਖੀਅਨਿ, ਜਿਨ ਕੇ ਚਿਤ ਮਹਿ ਭਰਮੁ ॥ ਤਿਸ ਦੈ ਦਿਤੈ ਨਾਨਕਾ, ਤੇਹੋ ਜਿਹਾ ਧਰਮੁ ॥ ਅਭੈ ਨਿਰੰਜਨੁ ਪਰਮ ਪਦੁ ,ਤਾ ਕਾ ਭੂਖਾ ਹੋਇ ॥ ਤਿਸ ਕਾ ਭੋਜਨੁ ਨਾਨਕਾ, ਵਿਰਲਾ ਪਾਏ ਕੋਇ ॥੧॥ ਮਃ ੩ ॥ ਅਭਿਆਗਤ ਏਹਿ ਨ ਆਖੀਅਨਿ, ਜਿ ਪਰ ਘਰਿ ਭੋਜਨੁ ਕਰੇਨਿ ॥ ਉਦਰੈ ਕਾਰਣਿ ਆਪਣੇ, ਬਹਲੇ ਭੇਖਿ ਕਰੇਨਿ ॥ ਅਭਿਆਗਤ ਸੇਈ ਨਾਨਕਾ ,ਜਿ ਆਤਮ ਗਉਣੁ ਕਰੇਨਿ ॥ ਭਾਲਿ ਲਹਨਿ ਸਹੁ ਆਪਣਾ, ਨਿਜ ਘਰਿ ਰਹਣੁ ਕਰੇਨਿ ॥੨॥ ਜਿਨ੍ਹਾਂ ਦੇ ਚਿਤ ਵਿਚ ਭਰਮ ਹੋਵੇ, ਇਹੋ ਜਿਹੇ ਮਨੁੱਖ ਤਿਆਗੀ ਸਾਧੂ ਨਹੀਂ ਕਹੇ ਜਾ ਸਕਦੇ। ਨਾਨਕ ਗੁਰੂ ਜੀ ਆਖਦੇ ਹਨ ਕਿ ਇਹੋ ਜਿਹੇ ਭਰਮੀ ਅਤੇ ਸਿਦਕ ਹੀਣ

ਸਾਧੂ ਨੂੰ ਦਿਤੇ ਦਾਨ ਦਾ ਧਰਮ (ਪੁੰਨ ਫਲ) ਵੀ ਉਹੋ ਜਿਹਾ ਮਿਲਦਾ ਹੈ (ਕੋਈ ਲਾਭ ਨਹੀਂ ਹੁੰਦਾ ਹੈ)। ਨਿਰਭਉ ਤੇ ਮਾਇਆ ਰਹਿਤ ਪ੍ਰਭੂ ਦੀ ਜੋ ਪਰਮ ਪਦਵੀ ਦੀ ਪ੍ਰਾਪਤੀ ਹੈ, (ਜੋ ਮਨੁੱਖ) ਉਸ (ਪਰਮ ਪਦ) ਦਾ ਭੁੱਖਾ ਹੁੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਸ (ਪਰਮ ਪਦ ਦੇ ਅਭਿਲਾਖੀ ਸਾਧੂ) ਨੂੰ ਭੋਜਨ ਖੁਆਉਣ ਦਾ ਪੁੰਨ ਫਲ ਕੋਈ ਵਿਰਲਾ ਮਨੁੱਖ ਹੀ ਪ੍ਰਾਪਤ ਕਰਦਾ ਹੈ।੧।

ਮঃ ੩। ਜਿਹੜੇ ਪਰਾਏ ਘਰ ਵਿਚ ਭੋਜਨ ਕਰਦੇ ਹਨ, ਇਹੋ ਜਿਹੀ ਬਿਰਤੀ ਵਾਲੇ ਤਿਆਗੀ ਸਾਧੂ ਨਹੀਂ ਕਹੇ ਜਾ ਸਕਦੇ। ਅਪਣਾ ਪੇਟ ਭਰਨ ਵਾਸਤੇ (ਉਹ) ਬਹੁਤੇ ਭੇਖ ਧਾਰਨ ਕਰਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ (ਅਸਲੀ) ਤਿਆਗੀ ਸਾਧੂ ਉਹ ਹਨ, ਜਿਹੜੇ ਆਤਮਾ ਵਿਚ ਪ੍ਰਵੇਸ਼ ਕਰਦੇ ਹਨ (ਅਪਣੇ ਆਪ ਨੂੰ ਪਛਾਣਦੇ ਹਨ; ਅਪਣੇ ਅੰਦਰ ਦੀ ਖੋਜ ਕਰਦੇ ਹਨ। ਉਹ) ਭਾਲ ਕਰਕੇ ਅਪਣੇ ਮਾਲਕ ਪ੍ਰਭੂ ਨੂੰ ਲੱਭ ਲੈਂਦੇ ਹਨ ਅਤੇ ਅਪਣੇ ਅਸਲੀ ਘਰ (ਹਰੀ ਦੀ ਹਜੂਰੀ) ਵਿਚ ਨਿਵਾਸ ਕਰਦੇ ਹਨ।੨।

ਪਦਾਰਥ = ਅਭਿਆਗਤ–ਭਿੱਖਿਆ ਮੰਗਣ ਵਾਲਾ ਸਾਧੂ। ਆਖੀਅਨਿ–ਕਹੇ ਜਾਂਦੇ ਹਨ। ਜਿਨ ਕੇ–ਜਿਨ੍ਹਾਂ ਦੇ। ਮਹਿ–ਵਿਚ। ਤਿਸ ਦੇ–ਉਸ ਨੂੰ। ਤਿਹੋ ਜਿਹਾ–ਉਹੋ ਜਿਹਾ। ਧਰਮ–ਪੁੰਨ ਫਲ। ਅਭੈ–ਭੈ ਰਹਿਤ। ਨਿਰੰਜਨੁ–ਮਾਇਆ ਰਹਿਤ। ਪਰਮ ਪਦੁ–ਸਭ ਤੋਂ ਉਚਾ ਦਰਜਾ। ਤਾ ਕਾ–ਉਸ ਦਾ। ਭੁਖਾ–ਚਾਹਵਾਨ। ਪਾਏ–ਪਾਉਂਦਾ ਹੈ।੧। ਜਿ–ਜਿਹੜੇ। ਪਰ ਘਰਿ–ਪਰਾਏ ਘਰ ਵਿਚ। ਕਰੇਨਿ–ਕਰਦੇ (ਖਾਂਦੇ) ਹਨ। ਉਦਰੈ–ਪੇਟ। ਕਾਰਣਿ–ਵਸਤੇ। ਬਹਲੇ–ਬਹੁਤੇ। ਸੇਈ–ਉਹ। ਆਤਮ ਗਉਣੁ ਕਰੇਨਿ–ਆਤਮਾ ਵਿਚ ਪ੍ਰਵੇਸ਼ ਕਰਦੇ ਹਨ। ਭਾਲਿ ਲਹਨਿ–ਲੱਭ ਲੈਂਦੇ ਹਨ। ਸਹੁ–ਮਾਲਕ ਪ੍ਰਭੂ। ਨਿਜ ਘਰਿ–ਅਪਣੇ ਅਸਲੀ ਘਰਿ ਵਿਚ। ਰਹਣੁ–ਨਿਵਾਸ।੨।

ਪਉੜੀ ॥ ਅੰਬਰੁ ਧਰਤਿ ਵਿਛੋੜਿਅਨੁ ,ਵਿਚਿ ਸਚਾ ਅਸਰਾਉ ॥ ਘਰੁ ਦਰੁ ਸਭੋ ਸਚੁ ਹੈ, ਜਿਸੁ ਵਿਚਿ ਸਚਾ ਨਾਉ ॥ ਸਭੁ ਸਚਾ ਹੁਕਮ ਵਰਤਦਾ, ਗੁਰਮੁਖਿ ਸਚਿ ਸਮਾਉ ॥ ਸਚਾ ਆਪਿ ਤਖਤੁ ਸਚਾ, ਬਹਿ ਸਚਾ ਕਰੇ ਨਿਆਉ ॥ ਸਭੁ ਸਚੋ ਸਚੁ ਵਰਤਦਾ, ਗੁਰਮੁਖਿ ਅਲਖੁ ਲਖਾਈ ॥੬॥ ਉਸ ਪ੍ਰਭੂ ਨੇ ਧਰਤੀ ਤੇ ਅਕਾਸ਼ ਨੂੰ (ਇਕ ਦੂਜੇ ਤੋਂ) ਵਿਛੋੜਿਆ ਹੈ, (ਦੋਹਾਂ ਦੇ) ਵਿਚਕਾਰ (ਪ੍ਰਭੂ ਨੇ ਅਪਣੀ ਸ਼ਕਤੀ ਦਾ) ਸੱਚਾ ਆਸਰਾ ਦਿਤਾ ਹੋਇਆ ਹੈ। (ਇਸ ਜਗਤ ਵਿਚ ਉਹ) ਘਰ ਤੇ ਦਰ ਸਭ ਕੁਛ ਸੱਚਾ ਹੈ, ਜਿਸ ਵਿਚ ਪ੍ਰਭੂ ਦਾ ਸੱਚਾ ਨਾਮ ਸਿਮਰਨ ਹੁੰਦਾ ਹੈ। (ਸਾਰੀ ਸ੍ਰਿਸਟੀ ਵਿਚ) ਪ੍ਰਭੂ ਦਾ ਸੱਚਾ ਹੁਕਮ ਵਰਤਦਾ ਹੈ, ਗੁਰੂ ਦੁਆਰਾ ਸੱਚੇ ਪ੍ਰਭੂ ਵਿਚ ਮਿਲਾਪ ਹੁੰਦਾ ਹੈ। ਪ੍ਰਭੂ ਆਪ ਸੱਚਾ ਹੈ, ਉਸ ਦਾ ਤਖਤ ਵੀ ਸੱਚਾ ਹੈ, (ਉਹ ਜਿਸ ਉਤੇ) ਬੈਠ ਕੇ ਸੱਚਾ ਨਿਆਉਂ ਕਰਦਾ ਹੈ। ਸਭ ਜਗ੍ਹਾ ਸੱਚੋ ਸਚਾ ਪ੍ਰਭੂ ਵਰਤ ਰਿਹਾ ਹੈ, ਸਮਝ ਵਿਚ ਨਾ ਆਉਣ ਵਾਲੇ ਪ੍ਰਭੂ ਦੀ ਜਾਣਕਾਰੀ ਗੁਰੂ ਕਰਾਉਂਦਾ ਹੈ।੬।

ਪਦਾਰਥ = ਅੰਬਰੁ–ਅਕਾਸ਼। ਵਿਛੋੜਿਅਨੁ–ਉਸ ਨੇ ਵਿਛੋੜਿਆ। ਵਿਚਿ–ਵਿਚਕਾਰ। ਅਸਰਾਉ–ਆਸਰਾ। ਸਮਾਉ–ਮਿਲਾਪ। ਅਲਖੁ (ਅਲੱਖ ਪੜ੍ਹੋ)–ਮੈਲੇ ਮਨ ਦੇ ਕਾਰਣ ਸਮਝ ਵਿਚ ਨਾ ਆਉਣ ਵਾਲਾ ਪ੍ਰਭੂ। ਗੁਰਮੁਖਿ–ਗੁਰੂ। ਲਖਾਈ–ਜਾਣਕਾਰੀ ਕਰਾਉਂਦਾ ਹੈ।੬।

ਸਲੋਕੁ ਮঃ ੩ ॥ ਰੈਣਾਇਰ ਮਾਹਿ ਅਨੰਤੁ ਹੈ, ਕੂੜੀ ਆਵੈ ਜਾਇ ॥ ਭਾਣੈ ਚਲੈ ਆਪਣੈ, ਬਹੁਤੀ ਲਹੈ ਸਜਾਇ ॥ ਰੈਣਾਇਰ ਮਹਿ ਸਭੁ ਕਿਛੁ ਹੈ, ਕਰਮੀ ਪਲੈ ਪਾਇ ॥ ਨਾਨਕ ਨਉ ਨਿਧਿ ਪਾਈਐ, ਜੇ ਚਲੈ ਤਿਸੈ ਰਜਾਇ ॥੧॥ ਮঃ ੩ ॥ ਸਹਜੇ ਸਤਿਗੁਰੁ ਨ ਸੇਵਿਓ, ਵਿਚਿ ਹਉਮੈ ਜਨਮਿ ਬਿਨਾਸੁ ॥ ਰਸਨਾ ਹਰਿ ਰਸੁ ਨ ਚਖਿਓ, ਕਮਲੁ ਨ ਹੋਇਓ ਪਰਗਾਸੁ ॥ ਬਿਖੁ ਖਾਧੀ ਮਨਮੁਖੁ ਮੁਆ, ਮਾਇਆ ਮੋਹਿ ਵਿਣਾਸੁ ॥ ਇਕਸੁ ਹਰਿ ਕੇ ਨਾਮ ਵਿਣੁ ,ਧ੍ਰਿਗੁ ਜੀਵਣੁ ਧ੍ਰਿਗੁ ਵਾਸੁ ॥ ਜਾ ਆਪੇ ਨਦਰਿ ਕਰੇ ਪ੍ਰਭੁ ਸਚਾ, ਤਾ ਹੋਵੈ ਦਾਸਨਿ ਦਾਸੁ ॥ ਤਾ ਅਨਦਿਨੁ ਸੇਵਾ ਕਰੇ ਸਤਿਗੁਰੂ ਕੀ, ਕਬਹਿ ਨ ਛੋਡੈ ਪਾਸੁ ॥ ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ, ਤਿਉ ਵਿਚੇ ਗਿਰਹ ਉਦਾਸੁ ॥ ਜਨ ਨਾਨਕ ਕਰੇ ਕਰਾਇਆ ਸਭੁ ਕੋ, ਜਿਉ ਭਾਵੈ ਤਿਵ ਹਰਿ ਗੁਣਤਾਸੁ ॥੨॥ ਸੰਸਾਰ ਸਮੁੰਦਰ ਵਿਚ ਬੇਅੰਤ ਪ੍ਰਭੂ ਵਿਆਪਕ ਹੈ, (ਉਸ ਤੋਂ ਬੇਮੁਖ ਹੋ ਕੇ) ਝੂਠੀ ਦੁਨੀਆਂ ਆਉਂਦੀ ਜਾਂਦੀ (ਜੰਮਦੀ ਮਰਦੀ) ਰਹਿੰਦੀ ਹੈ (ਨਾਸ਼ਵੰਤ ਹੈ, ਅਨੰਤ ਨਹੀਂ। ਜੋ ਮਨੁੱਖ) ਅਪਣੀ ਮਰਜੀ ਅਨੁਸਾਰ ਚਲਦਾ ਹੈ, (ਉਹ ਪ੍ਰਲੋਕ ਵਿਚ) ਬਹੁਤੀ ਸਜਾ ਪਾਉਂਦਾ ਹੈ। ਸੰਸਾਰ ਸਮੁੰਦਰ ਵਿਚ ਸਭ ਕੁਛ ਹੈ (ਬੇਅੰਤ ਪਦਾਰਥ ਹਨ, ਪਰ ਪ੍ਰਭੂ ਦੀ) ਬਖਸ਼ਿਸ਼ ਨਾਲ ਪੱਲੇ ਪੈਂਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਜੇ (ਮਨੁੱਖ) ਉਸ ਪ੍ਰਭੂ ਦੀ ਰਜ਼ਾ ਵਿਚ ਚੱਲੇ, (ਤਾਂ ਉਹ) ਨਉ ਨਿਧੀਆਂ (ਦੁਨੀਆਂ ਦੇ ਸਾਰੇ ਖਜਾਨੇ) ਪ੍ਰਾਪਤ ਕਰ ਲੈਂਦਾ ਹੈ।੧।

ਮঃ ੩। (ਜਿਸ ਮਨੁੱਖ ਨੇ) ਪੂਰਨ ਪ੍ਰੇਮ ਨਾਲ ਸਤਿਗੁਰੂ ਦੀ ਸੇਵਾ ਨਹੀਂ ਕੀਤੀ, (ਉਸ ਨੇ) ਜਨਮ ਲੈ ਕੇ ਹਉਮੈ ਵਿਚ (ਜੀਵਨ) ਨਾਸ਼ ਕਰ ਲਿਆ ਹੈ। (ਉਸ ਨੇ) ਜੀਭ ਨਾਲ ਹਰੀ ਦਾ ਨਾਮ ਰਸ ਨਹੀਂ ਚੱਖਿਆ ਹੈ, (ਇਸ ਲਈ ਉਸ ਦਾ) ਹਿਰਦਾ ਕਮਲ ਖਿੜਿਆ ਨਹੀਂ ਹੈ (ਉਹ ਗੁਰੂ ਦੇ ਸਨਮੁਖ ਨਹੀਂ ਹੋਇਆ)। ਮਨਮੁਖ ਵਿਸ਼ੇ ਵਿਕਾਰਾਂ ਦੀ ਜਹਿਰ ਖਾਣ ਕਰਕੇ ਮਰ ਗਿਆ, ਮਾਇਆ ਦੇ ਮੋਹ ਵਿਚ (ਉਸ ਨੇ ਅਪਣਾ ਜੀਵਨ) ਨਾਸ਼ ਕਰ ਲਿਆ ਹੈ। ਇਕ ਹਰੀ ਦੇ ਨਾਮ ਤੋਂ ਬਿਨਾ (ਮਨਮੁਖ ਦਾ) ਜੀਵਨ ਧ੍ਰਿਗ ਹੈ, (ਜਗਤ

ਵਿਚ ਉਸ ਦਾ) ਵਸਣਾ ਵੀ ਧ੍ਰਿਗ ਹੈ। ਜਦੋਂ ਸੱਚਾ ਪ੍ਰਭੂ ਆਪ ਹੀ ਮਿਹਰ ਦੀ ਨਜਰ ਕਰੇ, ਤਾਂ (ਮਨੁੱਖ) ਦਾਸਾਂ ਦਾ ਦਾਸ ਹੋ ਜਾਂਦਾ ਹੈ। ਤਦ (ਉਹ) ਹਰ ਰੋਜ ਸਤਿਗੁਰੂ ਦੀ ਸੇਵਾ ਕਰਦਾ ਹੈ ਅਤੇ ਕਦੇ ਵੀ (ਸਤਿਗੁਰੂ ਦੀ) ਹਜੂਰੀ ਨਹੀਂ ਛਡਦਾ। ਜਿਵੇਂ ਪਾਣੀ ਵਿਚ ਕਮਲ ਫੁੱਲ ਨਿਰਲੇਪ ਵਰਤ ਰਿਹਾ ਹੈ, ਤਿਵੇਂ (ਉਹ ਮਨੁੱਖ) ਗ੍ਰਿਸਤ ਵਿਚ ਉਦਾਸ ਰਹਿੰਦਾ ਹੈ। ਦਾਸ ਨਾਨਕ ਆਖਦਾ ਹੈ ਕਿ ਗੁਣਾਂ ਦੇ ਖਜਾਨੇ ਪ੍ਰਭੂ ਨੂੰ ਜਿਵੇਂ ਚੰਗਾ ਲਗਦਾ ਹੈ, ਤਿਵੇਂ ਸਭ ਕੋਈ (ਪ੍ਰਭੂ ਦਾ) ਕਰਾਇਆ ਕੰਮ ਕਰਦਾ ਹੈ।੨।

ਪਦਾਰਥ = ਰੈਣਾਇਰ–ਸੰਸਾਰ ਸਮੁੰਦਰ। ਮਾਹਿ–ਵਿਚ। ਕੂੜੀ–ਨਾਸ਼ਵੰਤ ਸ੍ਰਿਸਟੀ। ਆਵੈ ਜਾਇ–ਆਉਂਦੀ ਜਾਂਦੀ (ਜੰਮਦੀ ਮਰਦੀ) ਹੈ। ਭਾਣੈ–ਮਰਜੀ ਅਨੁਸਾਰ। ਲਹੈ–ਪਾਉਂਦਾ ਹੈ। ਕਰਮੀ–ਬਖਸ਼ਿਸ਼ ਨਾਲ। ਨਉ ਨਿਧਿ–ਦੁਨੀਆਂ ਦੇ ਸਾਰੇ ਖਜਾਨੇ; ਨੌਂ ਨਿਧੀਆਂ ਦਾ ਖਜਾਨਾ ਹਰੀ ਦਾ ਨਾਮ। ਤਿਸੈ–ਉਸ ਦੀ। ਰਜਾਇ–ਭਾਣੇ ਵਿਚ।੧। ਸਹਜੇ–ਪੂਰਨ ਪ੍ਰੇਮ ਨਾਲ; ਸ਼ਰਧਾ ਨਾਲ। ਨ ਸੇਵਿਓ–ਸੇਵਾ ਨਹੀਂ ਕੀਤੀ। ਜਨਮਿ–ਜਨਮ ਲੈ ਕੈ। ਬਿਨਾਸੁ–ਨਾਸ਼ ਕਰ ਲਿਆ। ਰਸਨਾ–ਜੀਭ ਨਾਲ। ਨ ਚਖਿਓ–ਚੱਖਿਆ (ਜਪਿਆ) ਨਹੀਂ। ਕਮਲੁ–ਹਿਰਦਾ ਕੌਲ। ਬਿਖੁ–ਵਿਸ਼ੇ ਵਿਕਾਰਾਂ ਦੀ ਜਹਿਰ। ਮੁਆ–ਮਰ ਗਿਆ। ਮੋਹਿ–ਮੋਹ ਵਿਚ। ਵਿਣਾਸੁ–ਨਾਸ਼ ਕਰ ਲਿਆ। ਧ੍ਰਿਗੁ–ਫਿਟਕਾਰ ਯੋਗ। ਵਾਸੁ–ਰਹਾਇਸ਼। ਜਾ–ਜਦੋਂ। ਨਦਰਿ–ਮੇਹਰ ਦੀ ਨਜਰ। ਦਾਸਨਿ ਦਾਸੁ–ਦਾਸਾਂ ਦਾ ਦਾਸ। ਤਾ–ਤਦ। ਅਨਦਿਨੁ–ਹਰ ਰੋਜ। ਕਬਹਿ–ਕਦੇ ਵੀ। ਪਾਸੁ–ਪਾਸਾ; ਹਜੂਰੀ। ਅਲਿਪਤੋ ਵਰਤੈ–ਨਿਰਲੇਪ ਰਹਿੰਦਾ ਹੈ। ਵਿਚੇ ਗਿਰਹ–ਗ੍ਰਿਹਸਤ ਵਿਚ। ਉਦਾਸੁ–ਉਪਰਾਮ; ਅਸੰਗ। ਜਨ–ਦਾਸ। ਸਭੁ ਕੋ–ਹਰੇਕ ਜੀਵ। ਭਾਵੈ–ਚੰਗਾ ਲਗਦਾ ਹੈ। ਤਿਵ–ਤਿਵੇਂ। ਗੁਣ ਤਾਸੁ–ਗੁਣਾਂ ਦਾ ਖਜਾਨਾ ਪ੍ਰਭੂ।੨।

ਪਉੜੀ ॥ ਛਤੀਹ ਜੁਗ ਗੁਬਾਰੁ ਸਾ, ਆਪੇ ਗਣਤ ਕੀਨੀ ॥ ਆਪੇ ਸ੍ਰਿਸਟਿ ਸਭ ਸਾਜੀਅਨੁ, ਆਪਿ ਮਤਿ ਦੀਨੀ ॥ ਸਿਮ੍ਰਿਤਿ ਸਾਸਤ ਸਾਜੀਅਨੁ ,ਪਾਪ ਪੁੰਨ ਗਣਤ ਗਣੀਨੀ ॥ ਜਿਸੁ ਬੁਝਾਏ ਸੋ ਬੁਝਸੀ, ਸਚੈ ਸਬਦਿ ਪਤੀਨੀ ॥ ਸਭੁ ਆਪੇ ਆਪਿ ਵਰਤਦਾ, ਆਪੇ ਬਖਸਿ ਮਿਲਾਈ ॥੭॥ (ਸ੍ਰਿਸਟੀ ਰਚਨਾ ਤੋਂ ਪਹਿਲਾਂ ਜਦੋਂ ਪ੍ਰਭੂ ਨਿਰਗੁਣ ਸਰੂਪ ਵਿਚ ਸੀ, ਉਦੋਂ) ਛੱਤੀ ਜੁਗ ਘੁੱਪ ਹਨ੍ਹੇਰਾ ਸੀ, (ਫਿਰ ਉਸ ਨੇ) ਆਪੇ ਗਿਣਤੀ ਕੀਤੀ (ਕਿ ਮੈਂ ਇਕ ਤੋਂ ਅਨੇਕ ਰੂਪ ਹੋਵਾਂ){ਨਿਰਗੁਣ ਤੇ ਸਰਗੁਣੁ ਥੀਆ ੯੪੦}। ਉਸ ਨੇ ਆਪ ਹੀ ਸਾਰੀ ਸ੍ਰਿਸਟੀ ਸਾਜੀ ਹੈ ਅਤੇ ਆਪ ਹੀ (ਜੀਵਾਂ ਨੂੰ ਵਿਹਾਰ ਕਰਨ ਦੀ) ਅਕਲ ਦਿਤੀ। ਉਸ ਪ੍ਰਭੂ ਨੇ (ਵਿਦਵਾਨ ਪੈਦਾ ਕਰਕੇ) ਸਿਮ੍ਰਤੀਆਂ ਤੇ ਸ਼ਾਸਤ੍ਰ (ਆਦਿ ਗ੍ਰੰਥ) ਪੈਦਾ ਕੀਤੇ, (ਜਿਨ੍ਹਾਂ ਰਾਹੀਂ) ਪਾਪ ਪੁੰਨ ਆਦਿ ਕਰਮਾਂ ਦੀ ਗਿਣਤੀ ਗਿਣੀ ਗਈ ਹੈ ਭਾਵ ਪਾਪ ਪੁੰਨ ਦਾ ਹਿਸਾਬ ਬਣਾਇਆ ਗਿਆ ਕਿ ਇਹ ਕਰਮ ਪੁੰਨ ਹੈ, ਇਹ ਪਾਪ ਹੈ)। ਜਿਸ (ਮਨੁੱਖ ਨੂੰ ਪ੍ਰਭੂ) ਸਮਝ ਬਖਸ਼ਦਾ ਹੈ, ਉਹ ਹੀ ਸਮਝਦਾ ਹੈ ਅਤੇ (ਉਹ ਹੀ) ਸਚੇ ਸ਼ਬਦ ਵਿਚ ਪਤੀਜਦਾ ਹੈ। ਸਾਰੇ (ਜੀਵਾਂ ਵਿਚ) ਪ੍ਰਭੂ ਆਪ ਹੀ ਵਰਤ ਰਿਹਾ ਹੈ ਅਤੇ ਆਪ ਹੀ (ਕਿਸੇ ਭਾਗਾਂ ਵਾਲੇ ਮਨੁੱਖ ਤੇ) ਬਖਸ਼ਿਸ਼ ਕਰਕੇ ਅਪਣੇ ਨਾਲ ਮਿਲਾ ਲੈਂਦਾ ਹੈ।੭।

ਪਦਾਰਥ = ਛਤੀਹ ਜੁਗ–ਅਣਗਿਣਤ ਸਮਾਂ। ਗੁਬਾਰੁ–ਘੁੱਪ ਹਨ੍ਹੇਰਾ। ਸਾ–ਸੀ। ਗਣਤ–ਗਿਣਤੀ; ਵਿਚਾਰ ਭਾਵ ਸ੍ਰਿਸਟੀ ਰਚਨਾ ਦਾ ਖਿਆਲ। ਕੀਨੀ–ਕੀਤੀ। ਸਾਜੀਅਨੁ–ਉਸ ਨੇ ਪੈਦਾ ਕੀਤੀ। ਮਤਿ–ਸਿੱਖਿਆ; ਅਕਲ। ਦੀਨੀ–ਦਿਤੀ। ਗਣੀਨੀ–ਗਿਣੀ ਗਈ। ਸੋ–ਉਹ। ਬੁਝਸੀ–ਸਮਝਦਾ ਹੈ। ਪਤੀਨੀ–ਪਤੀਜਦਾ ਹੈ; ਸ਼ਰਧਾ ਧਾਰ ਲੈਂਦਾ ਹੈ। ਬਖਸਿ–ਬਖਸ਼ਿਸ਼ ਕਰਕੇ।੭।

ਸਾਰੰਸ਼ = ਰਚਨਾ ਵਿਚ ਅਨੰਤ ਹਰੀ ਵਿਆਪਕ ਹੈ, ਜੇ ਉਸ ਦੀ ਰਜ਼ਾ ਅਨੁਸਾਰ ਚਲੀਏ ਤਾਂ ਇਸ ਰਚਨਾ ਵਿਚੋਂ ਸਭ ਕੁਛ ਮਿਲ ਸਕਦਾ ਹੈ। ਅਪਣੀ ਮਰਜੀ ਅਨੁਸਾਰ ਚਲਦਿਆਂ ਹਰੀ ਰਸ ਦਾ ਸੁਆਦ ਨਹੀਂ ਮਿਲਦਾ ਅਤੇ ਜੀਵਨ ਬਿਅਰਥ ਚਲਾ ਜਾਂਦਾ ਹੈ। ਜਦ ਅਪਣੀ ਮਰਜੀ ਛਡ ਕੇ ਜੀਵਨ ਨੂੰ ਗੁਰੂ ਦੇ ਹਵਾਲੇ ਕਰ ਦੇਈਏ, ਤਾਂ ਗ੍ਰਿਹਸਥ ਵਿਚ ਹੀ ਅਲੇਪ ਰਹਿਣ ਦੀ ਜਾਚ ਆ ਜਾਂਦੀ ਹੈ।

ਸਲੋਕ ਮਃ ੩ ॥ ਇਹੁ ਤਨੁ ਸਭੋ ਰਤੁ ਹੈ, ਰਤੁ ਬਿਨੁ ਤੰਨੁ ਨ ਹੋਇ ॥ ਜੋ ਸਹ ਰਤੇ ਆਪਣੈ, ਤਿਨ ਤਨਿ ਲੋਭ ਰਤੁ ਨ ਹੋਇ ॥ ਭੈ ਪਇਐ ਤਨੁ ਖੀਣੁ ਹੋਇ, ਲੋਭ ਰਤੁ ਵਿਚਹੁ ਜਾਇ ॥ ਜਿਉ ਬੈਸੰਤਰਿ ਧਾਤੁ ਸੁਧੁ ਹੋਇ, ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ ॥ ਇਹ ਸਾਰਾ ਸਰੀਰ ਲਹੂ ਹੀ ਹੈ, (ਕਿਸੇ ਵੀ ਜੀਵ ਦਾ) ਸਰੀਰ ਲਹੂ ਤੋਂ ਬਿਨਾ ਨਹੀਂ ਹੁੰਦਾ। (ਪਰ) ਜਿਹੜੇ ਮਨੁੱਖ ਅਪਣੇ ਮਾਲਕ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੇ ਹੋਏ ਹਨ, ਉਨ੍ਹਾਂ ਦੇ ਸਰੀਰ ਵਿਚ ਲੋਭ ਰੂਪ ਲਹੂ ਨਹੀਂ ਹੁੰਦਾ। ਰੱਬ ਦਾ ਭੈ ਪੈਣ ਕਰਕੇ ਸਰੀਰ ਪਤਲਾ ਹੋ ਜਾਂਦਾ ਹੈ ਅਤੇ ਲੋਭ ਰੂਪ ਲਹੂ ਸਰੀਰ ਵਿਚੋਂ ਨਿਕਲ ਜਾਂਦਾ ਹੈ। ਜਿਵੇਂ ਅੱਗ ਵਿਚ ਪੈ ਕੇ ਸੋਨਾ ਆਦਿ ਧਾਤ ਸ਼ੁੱਧ ਹੋ ਜਾਂਦੀ ਹੈ, ਤਿਵੇਂ ਹਰੀ ਦਾ ਭੈ ਖੋਟੀ ਮੱਤ ਦੀ ਮੈਲ ਨੂੰ ਦੂਰ ਕਰ ਦੇਂਦਾ ਹੈ।

ਅੰਗ ੯੫੦ = ਨਾਨਕ ਤੇ ਜਨ ਸੋਹਣੇ, ਜੋ ਰਤੇ ਹਰਿ ਰੰਗੁ ਲਾਇ ॥੧॥ ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਮਨੁੱਖ ਸੋਹਣੇ ਹਨ, ਜਿਹੜੇ ਹਰੀ ਵਿਚ ਪ੍ਰੇਮ ਲਾ ਕੇ (ਉਸ ਵਿਚ) ਰੰਗੇ ਹੋਏ ਹਨ।੧।

ਇਹ ਸਲੋਕ ੧੩੯੦ ਅੰਗ ਤੇ ਫਰੀਦ ਜੀ ਦੇ ੫੧ ਵੇਂ ਸਲੋਕ ਦੇ ਉਤਰ ਵਿਚ ਲਿਖਿਆ ੫੨ ਵਾਂ ਸਲੋਕ ਹੈ।

ਪਦਾਰਥ = ਤਨੁ–ਸਰੀਰ।ਰਤੁ–ਲਹੂ।ਤੰਨੁ–ਸਰੀਰ।ਸਹਿ–ਮਾਲਕ ਪ੍ਰਭੂ।ਰਤੇ–ਰੰਗੇ ਹੋਏ ਹਨ।ਤਿਨ–ਉਨ੍ਹਾਂ ਦੇ।ਤਨਿ–ਸਰੀਰ ਵਿਚ।ਭੈ ਪਇਐ–ਭੈ ਪੈਣ ਕਰਕੇ (ਜੇ ਰੱਬੀ ਡਰ ਵਿਚ ਰਹੀਏ)।ਖੀਣੁ–ਕਮਜੋਰ।ਵਿਚਹੁ–(ਸਰੀਰ) ਵਿਚੋਂ।ਬੈਸੰਤਰਿ–ਅੱਗ ਵਿਚ।ਸੁਧੁ–ਸਾਫ; ਮੈਲ ਰਹਿਤ।ਦੁਰਮਤਿ–ਖੋਟੀ ਮੱਤ।ਤੇ–ਉਹ।ਜਨ–ਮਨੁੱਖ।ਰੰਗੁ–ਪ੍ਰੇਮ।ਲਾਇ–ਲਾ ਕੇ।੧।

ਮਃ ੩ ॥ ਰਾਮਕਲੀ ਰਾਮੁ ਮਨਿ ਵਸਿਆ, ਤਾ ਬਨਿਆ ਸੀਗਾਰੁ ॥ ਗੁਰ ਕੈ ਸਬਦਿ ਕਮਲੁ ਬਿਗਸਿਆ, ਤਾ ਸਉਪਿਆ ਭਗਤਿ ਭੰਡਾਰੁ ॥ ਭਰਮੁ ਗਇਆ ਤਾ ਜਾਗਿਆ, ਚੂਕਾ ਅਗਿਆਨ ਅੰਧਾਰੁ ॥ ਤਿਸ ਨੋ ਰੂਪੁ ਅਤਿ ਅਗਲਾ, ਜਿਸੁ ਹਰਿ ਨਾਲਿ ਪਿਆਰੁ ॥ ਸਦਾ ਰਵੈ ਪਿਰੁ ਆਪਣਾ, ਸੋਭਾਵੰਤੀ ਨਾਰਿ ॥ ਮਨਮੁਖਿ ਸੀਗਾਰੁ ਨ ਜਾਣਨੀ, ਜਾਸਨਿ ਜਨਮੁ ਸਭੁ ਹਾਰਿ ॥ ਬਿਨੁ ਹਰਿ ਭਗਤੀ ਸੀਗਾਰੁ ਕਰਹਿ, ਨਿਤ ਜੰਮਹਿ ਹੋਇ ਖੁਆਰੁ ॥ ਸੈਸਾਰੈ ਵਿਚਿ ਸੋਭ ਨ ਪਾਇਨੀ, ਅਗੈ ਜਿ ਕਰੇ ਸੁ ਜਾਣੈ ਕਰਤਾਰੁ ॥ ਨਾਨਕ ਸਚਾ ਏਕੁ ਹੈ, ਦੁਹੁ ਵਿਚਿ ਹੈ ਸੰਸਾਰੁ ॥ ਚੰਗੈ ਮੰਦੈ ਆਪਿ ਲਾਇਅਨੁ ,ਸੋ ਕਰਨਿ ਜਿ ਆਪਿ ਕਰਾਏ ਕਰਤਾਰੁ ॥੨॥ (ਕਿਸੇ ਗਵੱਈਏ ਨੇ ਆ ਕੇ ਗੁਰੂ ਜੀ ਨੂੰ ਰਾਮਕਲੀ ਰਾਗ ਸੁਣਾਇਆ।ਪਰ ਹਰੀ ਦੇ ਜਸ ਤੋਂ ਬਿਨਾ ਹੋਣ ਦੇ ਕਾਰਣ ਗੁਰੂ ਜੀ ਨੂੰ ਪਸੰਦ ਨਹੀਂ ਆਇਆ।ਤਾਂ ਗੁਰੂ ਜੀ ਉਚਾਰਦੇ ਹਨ ਕਿ ਹੇ ਭਾਈ!) ਰਾਮਕਲੀ ਰਾਗ ਗਾਇਆਂ (ਜਿਸ ਸੁਹਾਗਣ ਦੇ) ਮਨ ਵਿਚ ਵਾਹਿਗੁਰੂ ਵਸ ਗਿਆ ਹੈ, ਤਾਂ (ਉਸ ਦਾ) ਬਣਿਆ ਸ਼ਿੰਗਾਰ ਸੋਭਨੀਕ ਹੈ।ਗੁਰੂ ਦੇ ਸ਼ਬਦ ਦੁਆਰਾ (ਜਦ ਉਸ ਦਾ) ਹਿਰਦਾ ਕਮਲ ਖਿੜ ਪਿਆ ਤਾਂ (ਗੁਰੂ ਨੇ ਉਸ ਨੂੰ) ਭਗਤੀ ਦਾ ਭੰਡਾਰ ਸੌਂਪ ਦਿਤਾ।(ਇਸ ਭਗਤੀ ਨਾਲ ਜਦ ਉਸ ਦਾ) ਭਰਮ ਦੂਰ ਹੋ ਗਿਆ, ਤਾਂ (ਮਨ ਗਿਆਨ ਅਵਸਥਾ ਵਿਚ) ਜਾਗ ਪਿਆ ਅਤੇ ਅਗਿਆਨਤਾ ਦਾ ਹਨ੍ਹੇਰਾ ਦੂਰ ਹੋ ਗਿਆ।ਜਿਸ (ਜੀਵ ਇਸਤ੍ਰੀ) ਦਾ ਹਰੀ ਨਾਲ ਪਿਆਰ ਹੈ, ਉਸ ਨੂੰ ਬਹੁਤ ਜਿਆਦਾ ਸੁੰਦਰ ਰੂਪ ਚੜ੍ਹਦਾ ਹੈ।(ਉਹ) ਸੋਭਾਵੰਤੀ ਇਸਤ੍ਰੀ ਸਦਾ ਅਪਣੇ ਪਤੀ ਪ੍ਰਭੂ (ਦੇ ਮਿਲਾਪ) ਦਾ ਅਨੰਦ ਮਾਣਦੀ ਹੈ। ਮਨਮੁਖ (ਜੀਵ ਇਸਤ੍ਰੀਆਂ ਪਤੀ ਪ੍ਰਮੇਸਰ ਨੂੰ ਖੁਸ਼ ਕਰਨ ਵਾਲਾ) ਸ਼ਿੰਗਾਰ ਕਰਨ ਨਹੀਂ ਜਾਣਦੀਆਂ, (ਜਿਸ ਕਰਕੇ ਉਹ ਅਪਣਾ) ਸਾਰਾ ਜਨਮ ਹਾਰ ਕੇ ਜਾਣਗੀਆਂ।(ਉਹ) ਹਰੀ ਦੀ ਭਗਤੀ ਤੋਂ ਬਿਨਾ (ਪਖੰਡ ਵਾਲੇ ਸਾਧਨਾਂ ਦਾ) ਸ਼ਿੰਗਾਰ ਕਰਦੀਆਂ ਹਨ, (ਉਹ) ਜਨਮ ਲੈ ਕੇ ਨਿਤ ਖੁਆਰ ਹੁੰਦੀਆਂ ਹਨ।(ਉਹ) ਸੰਸਾਰ ਵਿਚ ਸੋਭਾ ਨਹੀਂ ਪਾਉਂਦੀਆਂ, ਅੱਗੇ ਜੋ (ਸਲੂਕ ਪ੍ਰਲੋਕ ਵਿਚ ਧਰਮਰਾਜ ਉਨ੍ਹਾਂ ਨਾਲ) ਕਰੇਗਾ, ਉਹ ਕਰਤਾਰ ਹੀ ਜਾਣਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਸੱਚਾ (ਸਦਾ ਕਾਇਮ ਰਹਿਣ ਵਾਲਾ) ਇਕ ਪ੍ਰਭੂ ਹੀ ਹੈ, (ਬਾਕੀ ਦਾ) ਸੰਸਾਰ ਦੋਹਾਂ (ਜਨਮ ਮਰਨ) ਵਿਚ ਹੈ।ਉਸ ਪ੍ਰਭੂ ਨੇ ਆਪ ਹੀ (ਸਾਰੇ ਜੀਵ) ਚੰਗੇ ਮੰਦੇ ਕੰਮਾਂ ਵਿਚ ਲਾਏ ਹੋਏ ਹਨ, ਉਹ ਜੀਵ (ਉਹੀ ਕੰਮ) ਕਰਦੇ ਹਨ, ਜਿਹੜੇ (ਕੰਮ ਉਨ੍ਹਾਂ ਤੋਂ) ਕਰਤਾਰ ਆਪ ਕਰਾਉਂਦਾ ਹੈ।੨।

ਪਦਾਰਥ = ਰਾਮੁ–ਸਰਬ ਵਿਆਪਕ ਪ੍ਰਭੂ।ਮਨਿ–ਮਨ ਵਿਚ।ਤਾ–ਤਾਂ।ਬਨਿਆ–ਫਬਿਆ (ਸਫਲ ਹੋਇਆ)।ਸਬਦਿ–ਸ਼ਬਦ ਦੁਆਰਾ।ਕਮਲੁ–ਹਿਰਦਾ ਕੌਲ।ਬਿਗਸਿਆ–ਖਿੜ ਪਿਆ।ਚੂਕਾ–ਦੂਰ ਹੋ ਗਿਆ।ਅੰਧਾਰੁ–ਹਨ੍ਹੇਰਾ।ਤਿਸ ਨੋ–ਉਸ ਨੂੰ।ਰੂਪ–ਸੁੰਦਰ ਰੂਪ। ਅਤਿ ਅਗਲਾ–ਬਹੁਤ ਜਿਆਦਾ।ਰਵੈ–(ਅਨੰਦ) ਮਾਣਦੀ ਹੈ।ਪਿਰੁ–ਪਤੀ ਪਰਮੇਸਰ।ਸੋਭਾਵੰਤੀ–ਸੋਭਾ ਵਾਲੀ।ਨਾਰਿ–ਇਸਤ੍ਰੀ। ਜਾਸਨਿ–ਜਾਣਗੀਆਂ।ਹਾਰਿ–ਹਾਰ ਕੇ।ਨਿਤ–ਸਦਾ; ਹਰ ਰੋਜ।ਸੈਸਾਰੈ–ਸੰਸਾਰ।ਪਾਇਨੀ–ਪਾਉਂਦੀਆਂ।ਅਗੈ–ਅੱਗੇ ਪ੍ਰਲੋਕ ਵਿਚ। ਦੁਹੁ ਵਿਚਿ–ਦੋਹਾਂ (ਜਨਮ ਮਰਨ) ਵਿਚ; ਦ੍ਵੈਤ ਵਿਚ (ਸੰ.ਸ.;ਫ.ਸ.)।ਚੰਗੈ ਮੰਦੈ–ਚੰਗੇ ਮੰਦੇ ਕੰਮਾਂ ਵਿਚ।ਸੋ–ਉਹ।੨।

ਮਃ ੩ ॥ ਬਿਨੁ ਸਤਿਗੁਰ ਸੇਵੇ ਸਾਂਤਿ ਨ ਆਵਈ, ਦੂਜੀ ਨਾਹੀ ਜਾਇ ॥ ਜੇ ਬਹੁਤੇਰਾ ਲੋਚੀਐ, ਵਿਣੁ ਕਰਮਾ ਪਾਇਆ ਨ ਜਾਇ ॥ ਅੰਤਰਿ ਲੋਭੁ ਵਿਕਾਰੁ ਹੈ, ਦੂਜੈ ਭਾਇ ਖੁਆਇ ॥ ਤਿਨ ਜੰਮਣੁ ਮਰਣੁ ਨ ਚੁਕਈ, ਹਉਮੈ ਵਿਚਿ ਦੁਖੁ ਪਾਇ ॥ ਜਿਨੀ ਸਤਿਗੁਰ ਸਿਉ ਚਿਤੁ ਲਾਇਆ, ਸੋ ਖਾਲੀ ਕੋਈ ਨਾਹਿ ॥ ਤਿਨ ਜਮ ਕੀ ਤਲਬ ਨ ਹੋਵਈ, ਨਾ ਓਇ ਦੁਖ ਸਹਾਹਿ ॥ ਨਾਨਕ ਗੁਰਮੁਖਿ ਉਬਰੇ, ਸਚੈ ਸਬਦਿ ਸਮਾਹਿ ॥੩॥ (ਹੇ ਭਾਈ!) ਸਤਿਗੁਰੂ ਦੀ ਸੇਵਾ ਕੀਤੇ ਬਿਨਾ (ਮਨ ਨੂੰ) ਸ਼ਾਂਤੀ ਨਹੀਂ ਆ ਸਕਦੀ, (ਸਤਿਗੁਰੂ ਤੋਂ ਬਿਨਾ ਕੋਈ) ਦੂਜੀ ਜਗ੍ਹਾ ਨਹੀਂ ਹੈ (ਜਿਥੋਂ ਮਨੁੱਖ ਸ਼ਾਂਤੀ ਪ੍ਰਾਪਤ ਕਰ ਸਕੇ।ਗੁਰੂ ਨੂੰ ਮਿਲਣ ਲਈ) ਜੇ ਬਹੁਤੀ ਇੱਛਾ ਕਰੀਏ, ਬਿਨਾ ਭਾਗਾਂ ਤੋਂ (ਗੁਰੂ) ਪਾਇਆ ਨਹੀਂ ਜਾਂਦਾ।(ਜਿਨ੍ਹਾਂ ਮਨੁੱਖਾਂ ਦੇ) ਹਿਰਦੇ ਅੰਦਰ ਲੋਭ ਰੂਪ ਵਿਕਾਰ ਹੈ, (ਉਹ) ਦ੍ਵੈਤ ਭਾਵ ਕਰਕੇ (ਪ੍ਰਭੂ ਨੂੰ) ਭੁੱਲੇ ਹੋਏ ਹਨ।ਉਨ੍ਹਾਂ ਦਾ ਜੰਮਣ ਮਰਨ ਦਾ ਗੇੜ ਮੁਕਦਾ ਨਹੀਂ, ਹਉਮੈ ਵਿਚ (ਗ੍ਰਸੇ ਹੋਏ ਉਹ) ਦੁਖ ਪਾਉਂਦੇ ਹਨ।ਜਿਨ੍ਹਾਂ ਪੁਰਖਾਂ ਨੇ ਸਤਿਗੁਰੂ ਨਾਲ ਚਿਤ ਲਾਇਆ ਹੈ, ਉਨ੍ਹਾਂ ਵਿਚੋਂ ਕੋਈ ਮਨੁੱਖ (ਸਤਿਗੁਰੂ ਦੇ ਦਰ ਤੋਂ) ਖਾਲੀ ਨਹੀਂ ਰਹਿੰਦਾ।ਉਨ੍ਹਾਂ ਨੂੰ ਜਮ ਦਾ ਸੱਦਾ ਨਹੀਂ ਆਉਂਦਾ ਹੁੰਦਾ ਅਤੇ ਨਾ ਹੀ ਉਹ (ਜਮ ਦਾ) ਦੁਖ ਸਹਿੰਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰਮੁਖ

(ਜਮ ਦੀ ਤਲਬ ਤੋਂ) ਬਚੇ ਹੋਏ ਹਨ, (ਕਿਉਂਕਿ ਉਹ) ਗੁਰੂ ਦੇ ਸ਼ਬਦ ਰਾਹੀਂ ਸੱਚੇ ਪ੍ਰਭੂ ਵਿਚ ਸਮਾਏ ਹੁੰਦੇ ਹਨ।੩।

ਪਉੜੀ ॥ ਆਪਿ ਅਲਿਪਤੁ ਸਦਾ ਰਹੈ, ਹੋਰਿ ਧੰਧੈ ਸਭਿ ਧਾਵਹਿ ॥ ਆਪਿ ਨਿਹਚਲੁ ਅਚਲੁ ਹੈ, ਹੋਰਿ ਆਵਹਿ ਜਾਵਹਿ ॥ ਸਦਾ ਸਦਾ ਹਰਿ ਧਿਆਈਐ, ਗੁਰਮੁਖਿ ਸੁਖੁ ਪਾਵਹਿ ॥ ਨਿਜ ਘਰਿ ਵਾਸਾ ਪਾਈਐ, ਸਚਿ ਸਿਫਤਿ ਸਮਾਵਹਿ ॥ ਸਚਾ ਗਹਿਰ ਗੰਭੀਰੁ ਹੈ, ਗੁਰ ਸਬਦਿ ਬੁਝਾਈ ॥੮॥ ਪ੍ਰਭੂ ਆਪ ਸਦਾ (ਮਾਇਆ ਤੋਂ) ਨਿਰਲੇਪ ਰਹਿੰਦਾ ਹੈ, ਹੋਰ ਸਾਰੇ (ਸੰਸਾਰੀ ਜੀਵ) ਧਧਿਆਂ ਵਿਚ ਭੱਜੇ ਫਿਰਦੇ ਹਨ।ਪ੍ਰਭੂ ਆਪ ਪਹਾੜ ਵਾਂਗ ਸਥਿਰ ਹੈ, ਹੋਰ ਸਾਰੇ ਜੀਵ ਆਉਂਦੇ ਜਾਂਦੇ ਰਹਿੰਦੇ ਹਨ।(ਹੇ ਭਾਈ!) ਹਰੀ ਨੂੰ ਸਦਾ ਸਦਾ ਧਿਆਉਣਾ ਚਾਹੀਦਾ ਹੈ, (ਧਿਆਉਣ ਵਾਲੇ) ਗੁਰਮੁਖ ਸੁਖ ਪਾਉਂਦੇ ਹਨ।(ਗੁਰਮੁਖ) ਅਪਣੇ ਅਸਲੀ ਘਰ ਵਿਚ ਵਾਸਾ ਪ੍ਰਾਪਤ ਕਰ ਲੈਂਦੇ ਹਨ, (ਉਹ) ਸਿਫਤ ਸਲਾਹ ਕਰਕੇ ਸੱਚੇ ਪ੍ਰਭੂ ਵਿਚ ਸਮਾ ਜਾਂਦੇ ਹਨ।ਗੁਰੂ ਦੇ ਸ਼ਬਦ ਰਾਹੀਂ (ਇਹ ਗੱਲ) ਸਮਝ ਵਿਚ ਆਈ ਹੈ ਕਿ ਸੱਚਾ ਪ੍ਰਭੂ ਡੂੰਘਾ ਤੇ ਅਡੋਲ ਹੈ।ਵਾਹੁ ਵਾਹੁ ਸਚੇ ਪਾਤਸਾਹ ਤੂ ਸਚੀ ਨਾਈ।(ਅੰਤ ਵਿਚ ਪੜ੍ਹਨੀ ਜਰੂਰੀ ਹੈ)।੮।

ਪਦਾਰਥ = ਬਿਨੁ ਸੇਵੇ–ਸੇਵਾ ਕੀਤੇ ਬਿਨਾ।ਜਾਇ–ਜਗ੍ਹਾ।ਬਹੁਤੇਰਾ–ਬਹੁਤਾ।ਲੋਚੀਐ–ਤਾਂਘ ਕਰੀਏ।ਵਿਣੁ ਕਰਮਾ–ਭਾਗਾਂ ਦੇ ਬਿਨਾ।ਅੰਤਰਿ–ਹਿਰਦੇ ਅੰਦਰ।ਦੂਜੈ ਭਾਇ–ਹਰੀ ਤੋਂ ਬਿਨਾ ਕਿਸੇ ਹੋਰ ਨਾਲ ਪ੍ਰੇਮ ਦੇ ਕਾਰਣ।ਖੁਆਇ–ਭੁੱਲੇ (ਗੁਮਰਾਹ ਹੋਏ) ਹੋਏ ਹਨ।ਤਿਨ–ਉਨ੍ਹਾਂ ਦਾ।ਨ ਚੁਕਈ–ਮੁੱਕਦਾ ਨਹੀਂ।ਜਿਨੀ–ਜਿਨ੍ਹਾਂ ਨੇ।ਸਿਉ–ਨਾਲ।ਸੇ–ਉਹ।ਤਲਬ–ਸੱਦਾ; ਸਜਾ।ਨ ਹੋਵਈ–ਨਹੀਂ ਹੁੰਦਾ।ਸਹਾਹਿ–ਸਹਿੰਦੇ ਹਨ।ਉਬਰੇ–ਬਚੇ ਹੋਏ ਹਨ।ਸਬਦਿ–ਸ਼ਬਦ ਦੁਆਰਾ।ਸਮਾਹਿ–ਸਮਾਏ ਹੁੰਦੇ ਹਨ।੩।

ਪਉੜੀ।ਅਲਿਪਤੁ–ਨਿਰਲੇਪ।ਹੋਰਿ–ਹੋਰ (ਸਾਰੇ ਸੰਸਾਰੀ ਜੀਵ)।ਧੰਧੈ–ਧੰਧਿਆਂ ਵਿਚ।ਧਾਵਹਿ–ਦੌੜੇ ਫਿਰਦੇ ਹਨ।ਨਿਹਚਲੁ–ਅਟੱਲ; ਸਥਿਰ।ਅਚਲ (ਅਚੱਲ ਪੜ੍ਹੋ)–ਪਹਾੜ (ਮ.ਕੋ.; ਫ.ਸ.; ਸੰ.ਸ.))।ਆਵਹਿ ਜਾਵਹਿ–ਆਉਂਦੇ ਜਾਂਦੇ (ਜੰਮਦੇ ਮਰਦੇ) ਹਨ।ਪਾਵਹਿ–ਪਾਉਂਦੇ ਹਨ।ਨਿਜ ਘਰਿ–ਅਪਣੇ ਅਸਲੀ ਘਰ (ਪ੍ਰਭੂ ਦੀ ਹਜੂਰੀ) ਵਿਚ।ਸਚਿ–ਸੱਚੇ ਪ੍ਰਭੂ ਵਿਚ।ਸਮਾਵਹਿ–ਮਿਲ ਜਾਂਦੇ ਹਨ।ਗਹਿਰ ਗੰਭੀਰ–ਡੂੰਘਾ ਤੇ ਅਡੋਲ; ਅਥਾਹ ਤੇ ਸੰਜੀਦਾ।ਬੁਝਾਈ–ਸਮਝ ਆਈ ਹੈ।੮।

ਸਲੋਕ ਮਃ ੩ ॥ ਸਚਾ ਨਾਮੁ ਧਿਆਇ ਤੂ ,ਸਭੋ ਵਰਤੈ ਸਚੁ ॥ ਨਾਨਕ ਹੁਕਮੈ ਜੋ ਬੁਝੈ, ਸੋ ਫਲੁ ਪਾਏ ਸਚੁ ॥ ਕਥਨੀ ਬਦਨੀ ਕਰਤਾ ਫਿਰੈ, ਹੁਕਮੁ ਨ ਬੂਝੈ ਸਚੁ ॥ ਨਾਨਕ ਹਰਿ ਭਾਣਾ ਮੰਨੇ ਸੋ ਭਗਤੁ ਹੋਇ, ਵਿਣੁ ਮੰਨੇ ਕਚੁ ਨਿਕਚੁ ॥੧॥ (ਹੇ ਭਾਈ!) ਤੂੰ ਸੱਚਾ ਨਾਮ ਧਿਆਇਆ ਕਰ, ਸਭ ਜਗ੍ਹਾ ਸੱਚਾ ਪ੍ਰਭੂ ਵਰਤ (ਵਿਆਪਕ ਹੋ) ਰਿਹਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜੋ ਮਨੁੱਖ ਪ੍ਰਭੂ ਦੇ ਹੁਕਮ ਨੂੰ ਸਮਝਦਾ ਹੈ, ਉਹ ਸੱਚੇ ਪ੍ਰਭੂ ਦੀ ਪ੍ਰਾਪਤੀ ਰੂਪ ਫਲ ਪਾ ਲੈਂਦਾ ਹੈ।(ਜਿਹੜਾ ਮਨੁੱਖ ਗਿਆਨ ਦੀਆਂ) ਮੂੰਹ ਜਬਾਨੀ ਗੱਲਾਂ ਕਰਦਾ ਫਿਰਦਾ ਹੈ, (ਉਹ) ਸਚੇ ਪ੍ਰਭੂ ਦੇ ਹੁਕਮ ਨੂੰ ਨਹੀਂ ਸਮਝਦਾ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜਾ ਮਨੁੱਖ) ਹਰੀ ਦਾ ਭਾਣਾ ਮੰਨਦਾ ਹੈ, ਉਹ (ਅਸਲੀ) ਭਗਤ ਹੁੰਦਾ ਹੈ, ਭਾਣਾ ਮੰਨਣ ਤੋਂ ਬਿਨਾ (ਉਹ) ਕੱਚੇ ਤੋਂ ਵੀ ਕੱਚਾ ਹੈ।੧।

ਮਃ ੩ ॥ ਮਨਮੁਖ ਬੋਲਿ ਨ ਜਾਣਨੀ, ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥ ਓਇ ਥਾਉ ਕੁਥਾਉ ਨ ਜਾਣਨੀ, ਉਨ ਅੰਤਰਿ ਲੋਭੁ ਵਿਕਾਰੁ ॥ ਓਇ ਆਪਣੈ ਸੁਆਇ ਆਇ ਬਹਿ ਗਲਾ ਕਰਹਿ, ਓਨਾ ਮਾਰੇ ਜਮੁ ਜੰਦਾਰੁ ॥ ਅਗੈ ਦਰਗਹ ਲੇਖੈ ਮੰਗਿਐ, ਮਾਰਿ ਖੁਆਰੁ ਕੀਚਹਿ ਕੂੜਿਆਰ ॥ ਏਹ ਕੂੜੈ ਕੀ ਮਲੁ ਕਿਉ ਉਤਰੈ, ਕੋਈ ਕਢਹੁ ਇਹੁ ਵੀਚਾਰੁ ॥ ਸਤਿਗੁਰੁ ਮਿਲੈ ਤਾ ਨਾਮੁ ਦ੍ਰਿੜਾਏ, ਸਭਿ ਕਿਲਵਿਖ ਕਟਣਹਾਰੁ ॥ ਨਾਮੁ ਜਪੇ ਨਾਮੋ ਆਰਾਧੇ, ਤਿਸੁ ਜਨ ਕਉ ਕਰਹੁ ਸਭਿ ਨਮਸਕਾਰੁ ॥ ਮਲੁ ਕੂੜੀ ਨਾਮਿ ਉਤਾਰੀਅਨੁ ,ਜਪਿ ਨਾਮ ਹੋਆ ਸਚਿਆਰੁ ॥ ਜਨ ਨਾਨਕ ਜਿਸ ਦੇ ਏਹਿ ਚਲਤ ਹਹਿ, ਸੋ ਜੀਵਉ ਦੇਵਣਹਾਰੁ ॥੨॥ ਮਨਮੁਖ ਬੰਦੇ ਬੋਲ ਕੇ ਕੋਈ ਚੰਗੀ ਗੱਲ ਕਰਨ ਨਹੀਂ ਜਾਣਦੇ, (ਕਿਉਂਕਿ) ਉਨ੍ਹਾਂ ਦੇ ਅੰਦਰ ਕਾਮ, ਕ੍ਰੋਧ ਤੇ ਹੰਕਾਰ ਆਦਿਕ ਵਿਕਾਰ ਹਨ।ਉਹ ਚੰਗੀ ਥਾਂ ਤੇ ਮੰਦੀ ਥਾਂ ਵੀ ਨਹੀਂ ਜਾਣਦੇ, ਉਨ੍ਹਾਂ ਦੇ ਅੰਦਰ ਲੋਭ ਰੂਪ ਵਿਕਾਰ ਹੈ।ਉਹ ਅਪਣੇ ਸੁਆਰਥ ਲਈ (ਸਤਸੰਗਤ ਵਿਚ) ਆ ਕੇ ਬੈਠ ਕੇ ਗੱਲਾਂ ਕਰਦੇ ਹਨ (ਸੇਵਾ ਨਹੀਂ ਕਰਦੇ ਤੇ ਨਾ ਹੀ ਕਥਾ ਕੀਰਤਨ ਸੁਣਦੇ ਹਨ), ਉਨ੍ਹਾਂ ਨੂੰ ਜਮ ਜਲਾਦ ਮਾਰਦਾ ਹੈ।ਅੱਗੇ ਪ੍ਰਲੋਕ ਵਿਚ ਲੇਖਾ ਮੰਗੇ ਜਾਣ ਵੇਲੇ (ਇਹ ਜਿਹੇ) ਝੂਠੇ ਮਨੁੱਖ ਮਾਰ ਕੇ ਖੁਆਰ ਕੀਤੇ ਜਾਂਦੇ ਹਨ।(ਹੇ ਭਾਈ!) ਇਸ ਵਿਚਾਰ ਨੂੰ ਕੋਈ ਪ੍ਰਗਟ ਕਰੋ ਕਿ ਇਹ ਕੂੜ ਦੀ ਮੈਲ ਕਿਵੇਂ ਉਤਰ ਸਕਦੀ ਹੈ? (ਉਤਰ, ਜੇ) ਸਤਿਗੁਰੂ ਮਿਲ ਪਵੇ, ਤਾਂ (ਉਹ ਮਨੁੱਖ ਦੇ ਹਿਰਦੇ ਵਿਚ) ਪ੍ਰਭੂ ਦਾ ਨਾਮ ਦ੍ਰਿੜ ਕਰਾ ਦੇਂਦਾ ਹੈ, ਜੋ (ਨਾਮ) ਸਾਰੇ ਪਾਪ ਕੱਟ ਦੇਣ ਵਾਲਾ ਹੈ।(ਜੋ ਮੂੰਹ ਨਾਲ) ਨਾਮ ਜਪਦਾ ਹੈ, (ਮਨ ਰਾਹੀਂ) ਨਾਮ ਸਿਮਰਦਾ ਹੈ, ਉਸ ਮਨੁੱਖ ਨੂੰ ਸਾਰੇ ਨਮਸ਼ਕਾਰ ਕਰੋ।(ਕਿਉਂਕਿ) ਉਸ ਨੇ ਨਾਮ ਸਿਮਰਨ ਦੁਆਰਾ ਕੂੜ ਦੀ ਮੈਲ ਉਤਾਰ ਦਿਤੀ ਹੈ, (ਉਹ) ਪ੍ਰਭੂ ਦਾ ਨਾਮ ਜਪ ਕੇ ਸਚਿਆਰ (ਸਿਖ) ਹੋ ਗਿਆ ਹੈ।ਦਾਸ ਨਾਨਕ ਆਖਦਾ ਹੈ ਕਿ ਜਿਸ ਪ੍ਰਭੂ ਦੇ

ਇਹ ਕੌਤਕ ਹਨ, ਉਹ ਦਾਤਾਂ ਦੇਣ ਵਾਲਾ ਦਾਤਾ ਸਦਾ ਜਿਉਂਦਾ (ਸਦਾ ਕਾਇਮ) ਰਹੇ।੨।

ਪਦਾਰਥ = ਸਭੋ-ਸਭ ਜਗ੍ਹਾ।ਵਰਤੈ-ਵਿਆਪਕ ਹੈ।ਬੂਝੈ-ਸਮਝਦਾ ਹੈ।ਸੋ-ਉਹ।ਸਚੁ ਫਲ-ਸੱਚੇ ਪ੍ਰਭੂ ਦੀ ਪ੍ਰਾਪਤੀ ਰੂਪ ਫਲ। ਕਥਨੀ ਬਦਨੀ-ਮੂੰਹ ਜਬਾਨੀ ਗੱਲਾਂ।ਕਰਤਾ ਫਿਰੈ-ਕਰਦਾ ਫਿਰਦਾ ਹੈ।ਵਿਣੁ ਮੰਨੇ-ਬਿਨਾ ਮੰਨੇ ਤੋਂ।ਕਚੁ ਨਿਕਚੁ-ਬਿਲਕੁਲ ਕੱਚਾ (ਅਤਿਅੰਤ ਕੱਚਾ); ਸ਼ਰਧਾਹੀਣ।੧।ਮਨਮੁਖ-ਮਨ ਅਨੁਸਾਰ ਚੱਲਣ ਵਾਲੇ ਬੰਦੇ।ਓਨਾ ਅੰਦਰਿ-ਉਨ੍ਹਾਂ ਦੇ ਹਿਰਦੇ ਅੰਦਰ।ਓਇ-ਉਹ (ਬਹੁ ਵਚਨ)।ਥਾਉ ਕੁਥਾਉ-ਯੋਗ ਅਯੋਗ; ਉਚਿਤ ਅਨੁਚਿਤ।ਨ ਜਾਣਨੀ-ਨਹੀਂ ਜਾਣਦੇ।ਉਨ ਅੰਤਰਿ-ਉਨ੍ਹਾਂ ਦੇ ਹਿਰਦੇ ਅੰਦਰ।ਸੁਆਇ-ਸੁਆਰਥ ਲਈ।ਬਹਿ-ਬੈਠ ਕੇ।ਗਲਾ ਕਰਹਿ-ਗੱਲਾਂ ਕਰਦੇ ਹਨ।ਜਮੁ ਜੰਦਾਰੁ-ਜਲਾਦ ਜਮ।ਅਗੈ-ਪ੍ਰਲੋਕ ਵਿਚ। ਲੇਖੈ ਮੰਗਿਐ-ਲੇਖਾ ਮੰਗੇ ਜਾਣ ਵੇਲੇ।ਕੀਚਹਿ-ਕੀਤੇ ਜਾਂਦੇ ਹਨ।ਕੂੜਿਆਰ-ਝੂਠੇ ਮਨੁੱਖ।ਕੂੜੈ ਕੀ-ਝੂਠ ਦੀ।ਮਲੁ-ਮੈਲ।ਕਢਹੁ-ਕੱਢੋ (ਪ੍ਰਗਟ ਕਰੋ)।ਦਿੜਾਏ-ਮਨ ਵਿਚ ਪੱਕਾ ਕਰ ਦੇਂਦਾ ਹੈ।ਕਿਲਵਿਖ-ਪਾਪ।ਨਾਮਿ-ਨਾਮ ਦੁਆਰਾ।ਉਤਾਰੀਅਨੁ-ਉਸ ਨੇ ਉਤਾਰ ਦਿਤੀ।ਸਚਿਆਰੁ-ਸੱਚਾ ਸਿੱਖ।ਚਲਤ ਹਹਿ-ਕੌਤਕ ਹਨ।ਜੀਵਉ-ਜਿਉਂਦਾ ਰਹੇ।ਦੇਵਣਹਾਰੁ-ਦਾਤਾਂ ਦੇਣ ਵਾਲਾ।੨।

ਸਾਰੰਸ਼ = ਨਿਰੀਆਂ ਮੂੰਹ ਜਬਾਨੀ ਗੱਲਾਂ ਕਰਨ ਨਾਲ ਸੱਚੇ ਹਰੀ ਦੀ ਭਗਤੀ ਨਹੀਂ ਹੋ ਸਕਦੀ, ਹਰੀ ਦਾ ਭਾਣਾ ਮੰਨ ਕੇ ਹੁਕਮੀ ਬੰਦਾ ਬਣਨਾ ਜਰੂਰੀ ਹੈ।ਮਨਮੁਖ ਅਪਣੇ ਸੁਆਰਥ ਵਿਚ ਲੱਗੇ ਨਿਰੀਆਂ ਗੱਲਾਂ ਕਰਨੀਆਂ ਹੀ ਜਾਣਦੇ ਹਨ, ਉਨ੍ਹਾਂ ਦਾ ਬੁਰਾ ਹਾਲ ਹੁੰਦਾ ਹੈ।ਪਰ ਜੇ ਗੁਰੂ ਮਿਲ ਜਾਵੇ ਤਾਂ ਉਹ ਨਾਮ ਦੇ ਕੇ ਪਵਿਤ੍ਰ ਕਰ ਦਿੰਦਾ ਹੈ ਅਤੇ ਹਰੀ ਨਾਲ ਮਿਲਾ ਦੇਂਦਾ ਹੈ।(ਸ਼ਬਦਾਰਥ)

ਅੰਗ ੬੫੧ = ਪਉੜੀ ॥ ਤੁਧੁ ਜੇਵਡੁ ਦਾਤਾ ਨਾਹਿ, ਕਿਸੁ ਆਖਿ ਸੁਣਾਈਐ ॥ ਗੁਰ ਪਰਸਾਦੀ ਪਾਇ, ਜਿਥਹੁ ਹਉਮੈ ਜਾਈਐ ॥ ਰਸ ਕਸ ਸਾਦਾ ਬਾਹਰਾ, ਸਚੀ ਵਡਿਆਈਐ ॥ ਜਿਸ ਨੋ ਬਖਸੇ ਤਿਸੁ ਦੇਇ, ਆਪਿ ਲਏ ਮਿਲਾਈਐ ॥ ਘਟ ਅੰਤਰਿ ਅੰਮ੍ਰਿਤੁ ਰਖਿਓਨੁ ,ਗੁਰਮੁਖਿ ਕਿਸੈ ਪਿਆਈ ॥੯॥ ਹੇ ਪ੍ਰਭੂ ! ਤੇਰੇ ਜਿਤਨਾ ਵੱਡਾ ਦਾਤਾ (ਹੋਰ ਕੋਈ) ਨਹੀਂ ਹੈ, ਅਸੀਂ ਕਿਸ ਅੱਗੇ (ਜਾ ਕੇ) ਸੁਣਾਈਏ? (ਕਿ ਸਾਡਾ ਦਾਤਾ ਤੇਰੇ ਤੋਂ ਵੱਡਾ ਹੈ, ਕਿਉਂਕਿ ਤੇਰੇ ਬਰਾਬਰ ਦਾ ਕੋਈ ਦਾਤਾ ਨਹੀਂ)।ਗੁਰੂ ਦੀ ਕ੍ਰਿਪਾ ਨਾਲ (ਨਾਮ ਅੰਮ੍ਰਿਤ) ਪਾਈਦਾ ਹੈ, ਜਿਥੋਂ (ਜਿਸ ਗੁਰੂ ਦੀ ਸੰਗਤ ਕਰਨ ਤੋਂ) ਹਉਮੈ ਦੂਰ ਹੋ ਜਾਂਦੀ ਹੈ।(ਨਾਮ ਅੰਮ੍ਰਿਤ ਦਾ ਸੁਆਦ) ਸਾਰੇ ਰਸਾਂ ਕਸਾਂ ਦੇ ਸੁਆਦਾਂ ਤੋਂ ਬਾਹਰ (ਉਪਰ) ਹੈ, (ਨਾਮ ਅੰਮ੍ਰਿਤ ਦੀ) ਵਡਿਆਈ ਸੱਚੀ ਹੈ।ਜਿਸ ਉਤੇ ਪ੍ਰਭੂ ਬਖਸ਼ਿਸ਼ ਕਰਦਾ ਹੈ, ਉਸ ਨੂੰ (ਨਾਮ ਅੰਮ੍ਰਿਤ) ਦੇਂਦਾ ਹੈ, ਆਪ ਹੀ (ਕ੍ਰਿਪਾ ਕਰਕੇ ਉਸ ਨੂੰ ਅਪਣੇ ਨਾਲ) ਮਿਲਾ ਲੈਂਦਾ ਹੈ।ਉਸ ਪ੍ਰਭੂ ਨੇ (ਹਰੇਕ ਜੀਵ ਦੇ) ਹਿਰਦੇ ਅੰਦਰ ਨਾਮ ਅੰਮ੍ਰਿਤ ਰੱਖਿਆ ਹੈ, (ਪਰ ਉਹ ਨਾਮ ਅੰਮ੍ਰਿਤ) ਕਿਸੇ (ਵਿਰਲੇ ਮਨੁੱਖ ਨੂੰ) ਗੁਰੂ ਦੁਆਰਾ ਪਿਲਾਉਂਦਾ ਹੈ।੯।

ਪਦਾਰਥ = ਤੁਧੁ ਜੇਵਡੁ-ਤੇਰੇ ਜਿਤਨਾ ਵੱਡਾ।ਕਿਸੁ-ਕਿਸ ਨੂੰ।ਗੁਰ ਪਰਸਾਦੀ-ਗੁਰੂ ਦੀ ਕਿਰਪਾ ਨਾਲ।ਪਾਇ-ਪਾਈਦਾ ਹੈ।ਰਸ ਕਸ-ਕਈ ਤਰ੍ਹਾਂ ਦੇ ਖੱਟੇ ਮਿੱਠੇ ਤੇ ਕਸੈਲੇ ਭੋਜਨ।ਸਾਦਾ-ਸੁਆਦਾਂ ਤੋਂ।ਬਾਹਰਾ-ਬਾਹਰ (ਉਪਰ)।ਤਿਸੁ ਦੇਇ-ਉਸ ਨੂੰ ਦੇਂਦਾ ਹੈ। ਘਟ ਅੰਤਰਿ-ਹਿਰਦੇ ਅੰਦਰ।ਰਖਿਓਨੁ-ਉਸ ਨੇ ਰੱਖਿਆ ਹੈ।ਗੁਰਮੁਖਿ-ਗੁਰੂ ਦੁਆਰਾ।ਪਿਆਈ-ਪਿਲਾਉਂਦਾ ਹੈ।੯।

ਸਲੋਕ ਮਃ ੩ ॥ ਬਾਬਾਣੀਆ ਕਹਾਣੀਆ, ਪੁਤ ਸਪੁਤ ਕਰੇਨਿ ॥ ਜਿ ਸਤਿਗੁਰ ਭਾਵੈ ਸੁ ਮੰਨਿ ਲੈਨਿ, ਸੇਈ ਕਰਮ ਕਰੇਨਿ ॥ ਜਾਇ ਪੁਛਹੁ ਸਿਮ੍ਰਿਤਿ ਸਾਸਤ ਬਿਆਸ ਸੁਕ ਨਾਰਦ, ਬਚਨ ਸਭ ਸ੍ਰਿਸਟਿ ਕਰੇਨਿ ॥ ਸਚੈ ਲਾਇ ਸਚਿ ਲਗੇ, ਸਦਾ ਸਚੁ ਸਮਾਲੇਨਿ ॥ ਨਾਨਕ ਆਇ ਸੇ ਪਰਵਾਣੁ ਭਏ, ਜਿ ਸਗਲੇ ਕੁਲ ਤਾਰੇਨਿ ॥੧॥ ਮਃ ੩ ॥ ਗੁਰੂ ਜਿਨਾ ਕਾ ਅੰਧੁਲਾ, ਸਿਖ ਭੀ ਅੰਧੇ ਕਰਮ ਕਰੇਨਿ ॥ ਓਇ ਭਾਣੈ ਚਲਨਿ ਆਪਣੈ, ਨਿਤ ਝੂਠੋ ਝੂਠੁ ਬੋਲੇਨਿ ॥ ਕੂੜੁ ਕੁਸਤੁ ਕਮਾਵਦੇ, ਪਰ ਨਿੰਦਾ ਸਦਾ ਕਰੇਨਿ ॥ ਓਇ ਆਪਿ ਡੁਬੇ ਪਰ ਨਿੰਦਕਾ, ਸਗਲੇ ਕੁਲ ਡੋਬੇਨਿ ॥ ਨਾਨਕ ਜਿਤੁ ਓਇ ਲਾਇ ਤਿਤੁ ਲਗੇ, ਉਇ ਬਪੁੜੇ ਕਿਆ ਕਰੇਨਿ ॥੨॥ ਜੋ ਬਾਬਿਆਂ (ਗੁਰੂ ਪਾਤਸ਼ਾਹ) ਦੀਆਂ ਕਥਾ ਕਹਾਣੀਆਂ ਹਨ, (ਉਹ) ਪੁਤ੍ਰਾਂ ਵਿਚੋਂ ਚੰਗੇ ਪੁਤ੍ਰ ਕਰਦੇ ਹਨ।ਜਿਹੜਾ (ਬਚਨ) ਸਤਿਗੁਰੂ ਨੂੰ ਚੰਗ ਲਗਦਾ ਹੈ, ਉਹ (ਬਚਨ ਸਿੱਖ ਪੁਤ੍ਰ) ਮੰਨ ਲੈਂਦੇ ਹਨ ਅਤੇ (ਗੁਰੂ ਜੀ ਜੋ ਕਰਮ ਕਹਿੰਦੇ ਹਨ, ਸਿਖ ਪੁਤ੍ਰ) ਉਹ ਹੀ ਕਰਮ ਕਰਦੇ ਹਨ। (ਇਹ ਗੱਲ ਬੇਸ਼ੱਕ) ਸਿਮ੍ਰਤੀਆਂ, ਸ਼ਾਸਤ੍ਰ ,ਬਿਆਸ, ਸੁਖਦੇਵ ਅਤੇ ਨਾਰਦ ਪਾਸ ਜਾ ਕੇ ਪੁੱਛ ਲਵੋ, ਜੋ ਸਾਰੀ ਸ੍ਰਿਸਟੀ ਤਾਈਂ ਬਚਨ ਕਰਦੇ (ਸਿੱਖਿਆ ਦੇਂਦੇ) ਰਹੇ ਹਨ।ਸੱਚੇ ਪ੍ਰਭੂ ਨੇ (ਜੋ ਮਨੁੱਖ) ਸੱਚੇ ਨਾਮ ਵਿਚ ਲਾਏ ਹਨ, (ਉਹ ਹੀ) ਸੱਚੇ ਹਰੀ ਪ੍ਰਭੂ ਨਾਲ ਲੱਗੇ (ਜੁੜੇ) ਹਨ, ਉਹ ਸਦਾ ਸੱਚੇ ਹਰੀ ਨੂੰ ਯਾਦ ਕਰਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ (ਸੰਸਾਰ ਵਿਚ) ਉਹ ਮਨੁੱਖ ਆਏ ਹੋਏ ਪ੍ਰਵਾਨ ਹਨ, ਜਿਹੜੇ (ਸੰਸਾਰ ਸਮੁੰਦਰ ਤੋਂ ਆਪ ਤਰ ਜਾਂਦੇ ਹਨ ਅਤੇ ਅਪਣੇ) ਸਾਰੇ ਖਾਨਦਾਨ ਨੂੰ ਵੀ ਤਾਰ ਲੈਂਦੇ ਹਨ।੧।

ਸਾਰੰਸ਼ = ਜਿਹੜੀ ਚੰਗੀ ਔਲਾਦ ਹੁੰਦੀ ਹੈ, ਉਹ ਅਪਣੇ ਬਜੁਰਗਾਂ ਦੀਆਂ ਰਵਾਇਤਾਂ, ਜੋ ਗੁਰੂ ਆਸ਼ੇ ਅਨੁਕੂਲ ਹੋਣ, ਦੁਹਰਾਂਦੀ

ਰਹਿੰਦੀ ਹੈ। ਪਰ ਜਿਹੜੇ ਮਾੜੇ ਬੰਦੇ ਹੁੰਦੇ ਹਨ, ਉਹ ਅਪਣੀ ਮੱਤ ਅਨੁਸਾਰ ਹੀ ਚਲਦੇ ਹਨ। ਉਹ ਕੂੜ ਕੁਸੱਤ ਵਿਚ ਪਏ ਹੋਏ ਆਪ ਵੀ ਡੁਬਦੇ ਹਨ ਤੇ ਅਪਣੇ ਸਾਕ ਸਬੰਧੀਆਂ ਨੂੰ ਵੀ ਡੋਬ ਲੈਂਦੇ ਹਨ (ਸ਼ਬਦਾਰਥ)।

ਮਃ ੩ ॥ ਜਿਨ੍ਹਾਂ ਦਾ ਗੁਰੂ ਅੰਨ੍ਹਾ (ਅਗਿਆਨੀ) ਹੈ, ਉਨ੍ਹਾਂ ਦੇ ਚੇਲੇ ਵੀ ਅੰਨ੍ਹੇ (ਅਗਿਆਨਤਾ ਵਾਲੇ) ਕੰਮ ਕਰਦੇ ਹਨ। ਉਹ ਅਪਣੇ ਮਨ ਦੀ ਮਰਜੀ ਅਨੁਸਾਰ ਚਲਦੇ ਹਨ ਅਤੇ ਉਹ ਹਰ ਰੋਜ ਝੂਠ ਹੀ ਝੂਠ ਬੋਲਦੇ ਹਨ। ਉਹ ਝੂਠ ਤੇ ਛਲ ਕਪਟ ਵਾਲੇ ਕੰਮ ਕਰਦੇ ਹਨ ਅਤੇ ਸਦਾ ਪਰਾਈ ਨਿੰਦਾ ਕਰਦੇ ਹਨ। ਉਹ ਪਰਾਈ ਨਿੰਦਾ ਕਰਨ ਵਾਲੇ ਆਪ ਵੀ (ਭਵਜਲ ਵਿਚ) ਡੁਬਦੇ ਹਨ ਅਤੇ (ਅਪਣੇ) ਸਾਰੇ ਖਾਨਦਾਨ ਨੂੰ ਵੀ ਡੋਬ ਲੈਂਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ (ਨਿੰਦਕ ਲੋਕ ਪ੍ਰਭੂ ਨੇ) ਜਿਸ ਪਾਸੇ ਲਾਏ ਹੋਏ ਹਨ, ਉਹ ਉਸ ਪਾਸੇ ਹੀ ਲੱਗੇ ਹੋਏ ਹਨ, ਉਹ ਵਿਚਾਰੇ ਕੀ ਕਰ ਸਕਦੇ ਹਨ? (ਉਨ੍ਹਾਂ ਦੇ ਅਪਣੇ ਵਿਚ ਕੁਛ ਨਹੀਂ, ਉਨ੍ਹਾਂ ਦੇ ਪਿਛਲੇ ਸੰਸਕਾਰ ਹੀ ਅਜੇਹੇ ਹਨ, ਜਿਸ ਕਰਕੇ ਉਹ ਖੋਟੇ ਕੰਮ ਕਰਦੇ ਹਨ)।੨।

ਪਦਾਰਥ = ਬਾਬਾਣੀਆ–ਬਾਬਿਆਂ (ਬਜੁਰਗਾਂ; ਗੁਰੂ ਪਾਤਸਾਹ) ਦੀਆਂ। ਸਪੁਤ–ਚੰਗੇ ਪੁਤ੍ਰ। ਕਰੇਨਿ–ਕਰਦੇ ਹਨ। ਜਿ–ਜਿਹੜਾ। ਭਾਵੈ–ਚੰਗੇ ਲਗਦਾ ਹੈ। ਸੁ–ਉਹ। ਸੇਈ–ਉਹ ਹੀ। ਸਚੈ–ਸੱਚੇ ਪ੍ਰਭੂ ਨੇ। ਸਚਿ–ਸੱਚੇ ਨਾਮ ਵਿਚ। ਸਚੁ–ਸੱਚੇ ਪ੍ਰਭੂ ਨੂੰ। ਸਮਾਲੇਨਿ–ਯਾਦ ਕਰਦੇ ਹਨ। ਸੇ–ਉਹ। ਭਏ–ਹੋਏ ਹਨ। ਸਗਲੇ–ਸਾਰੇ। ਕੁਲ–ਖਾਨਦਾਨ ਨੂੰ। ਤਾਰੇਨਿ–ਤਾਰ ਲੈਂਦੇ ਹਨ।੧। ਜਿਨਾ ਕਾ–ਜਿਨ੍ਹਾਂ ਦਾ। ਅੰਧੁਲਾ–ਅੰਨ੍ਹਾ (ਅਗਿਆਨੀ)। ਓਇ–ਉਹ (ਬਹੁ ਵਚਨ)। ਭਾਣੈ ਚਲਨਿ–ਮਰਜੀ ਅਨੁਸਾਰ ਚਲਦੇ ਹਨ। ਨਿਤ–ਸਦਾ; ਹਰ ਰੋਜ। ਬੋਲੇਨਿ–ਬੋਲਦੇ ਹਨ। ਪਰ–ਪਰਾਈ। ਡੋਬੇਨਿ–ਡੋਬ ਲੈਂਦੇ ਹਨ। ਜਿਤੁ–ਜਿਸ ਪਾਸੇ। ਤਿਤੁ–ਉਸ ਪਾਸੇ। ਬਪੁੜੇ–ਵਿਚਾਰੇ।੨।

ਪਉੜੀ ॥ ਸਭ ਨਦਰੀ ਅੰਦਰਿ ਰਖਦਾ, ਜੇਤੀ ਸਿਸਟਿ ਸਭ ਕੀਤੀ ॥ ਇਕਿ ਕੂੜਿ ਕੁਸਤਿ ਲਾਇਅਨੁ ,ਮਨਮੁਖ ਵਿਗੂਤੀ ॥ ਗੁਰਮੁਖਿ ਸਦਾ ਧਿਆਈਐ, ਅੰਦਰਿ ਹਰਿ ਪ੍ਰੀਤੀ ॥ ਜਿਨ ਕਉ ਪੋਤੈ ਪੁੰਨੁ ਹੈ, ਤਿਨ੍ ਵਾਤਿ ਸਿਪੀਤੀ ॥ ਨਾਨਕ ਨਾਮੁ ਧਿਆਈਐ, ਸਚੁ ਸਿਫਤਿ ਸਨਾਈ ॥੧੦॥ (ਹੇ ਭਾਈ! ਪ੍ਰਭੂ ਨੇ) ਜਿਤਨੀ ਸਾਰੀ ਸ੍ਰਿਸਟੀ ਪੈਦਾ ਕੀਤੀ ਹੈ, ਉਹ ਸਭ ਨੂੰ ਅਪਣੀ ਨਜਰ ਅੰਦਰ ਰਖਦਾ ਹੈ। ਉਸ ਪ੍ਰਭੂ ਨੇ ਕਈ ਜੀਵ ਝੂਠ ਤੇ ਛਲ ਕਪਟ ਵਿਚ ਲਾਏ ਹਨ, (ਅਜੇਹੇ) ਮਨਮੁਖਾਂ ਦੀ ਬਿਰਤੀ ਖਰਾਬ ਹੋਈ ਹੋਈ ਹੈ। ਗੁਰਮੁਖ ਸਦਾ (ਹਰੀ ਨੂੰ) ਧਿਆਉਂਦੇ ਹਨ, (ਉਨ੍ਹਾਂ ਦੇ) ਹਿਰਦੇ ਅੰਦਰ ਹਰੀ ਦੀ ਪ੍ਰੀਤੀ ਹੈ। ਜਿਨ੍ਹਾਂ ਪੁਰਖਾਂ ਦੇ ਹਿਰਦੇ ਰੂਪ ਖਜਾਨੇ ਵਿਚ ਪੁੰਨ ਕਰਮ ਹੈ, ਉਨ੍ਹਾਂ ਦੇ ਮੂੰਹ ਵਿਚੋਂ ਹਰੀ ਦੀ ਸਿਫਤ ਸਲਾਹ ਨਿਕਲਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦਾ ਨਾਮ ਧਿਆਉਣਾ ਚਾਹੀਦਾ ਹੈ, ਪ੍ਰਭੂ ਦੀ ਸਿਫਤ ਸਲਾਹ ਸੱਚੀ ਹੈ। ਵਾਹੁ ਵਾਹੁ ਸਚੇ ਪਾਤਸਾਹ ਤੂ ਸਚੀ ਨਾਈ।੧੦।

ਪਦਾਰਥ = ਨਦਰੀ ਅੰਦਰਿ–ਨਜਰ ਅੰਦਰ। ਜੇਤੀ–ਜਿਤਨੀ। ਕੀਤੀ–ਪੈਦਾ ਕੀਤੀ ਹੈ। ਇਕਿ–ਕਈ ਜੀਵ। ਕੂੜਿ–ਝੂਠ ਵਿਚ। ਕੁਸਤਿ –ਛਲ ਕਪਟ ਵਿਚ। ਲਾਇਅਨੁ–ਉਸ ਨੇ ਲਾਏ ਹਨ। ਵਿਗੂਤੀ–ਖਰਾਬ ਹੈ। ਅੰਦਰਿ–ਹਿਰਦੇ ਅੰਦਰ। ਜਿਨ ਕਉ–ਜਿਨ੍ਹਾਂ ਦੇ। ਪੋਤੈ–ਹਿਰਦੇ ਰੂਪ ਖਜਾਨੇ ਵਿਚ। ਤਿਨ੍–ਉਨ੍ਹਾਂ ਦੇ। ਵਾਤਿ–ਮੂੰਹ ਵਿਚ। ਸਿਪੀਤੀ–ਸਿਫਤ ਸਲਾਹ। ਸਨਾਈ–ਸਿਫਤ ਸਲਾਹ।੧੦।

ਬਿਆਸ = ਪਰਾਸਰ ਰਿਸ਼ੀ ਦਾ ਪੁਤ੍ਰ, ਇਸ ਨੇ ਵੇਦਾਂ ਨੂੰ ਤਰਤੀਬ ਦਿਤੀ। ਮਹਾਂ ਭਾਰਤ, ਅਠਾਰਾਂ ਪੁਰਾਣ, ਬ੍ਰਹਮ ਸੂਤ੍ਰ ਤੇ ਹੋਰ ਕਈ ਗ੍ਰੰਥ ਇਸ ਦੇ ਲਿਖੇ ਮੰਨੇ ਜਾਂਦੇ ਹਨ। ਨਾਰਦ = ਬ੍ਰਹਮਾ ਦੇ ਦਸ ਪੁਤ੍ਰਾਂ ਵਿਚੋਂ ਇਕ ਸੀ। ਇਹ ਮਨੁੱਖਾਂ ਦੀਆਂ ਲੋੜਾਂ ਦੇਵਤਿਆਂ ਪਾਸ ਤੇ ਦੇਵਤਿਆਂ ਦੇ ਸੁਨੇਹੇ ਮਨੁੱਖਾਂ ਕੋਲ ਪਹੁੰਚਾਉਂਦਾ ਸੀ। ਦੇਵਤਿਆਂ ਤੇ ਮਨੁੱਖਾਂ ਵਿਚਕਾਰ ਝਗੜੇ ਕਰਾਉਣ ਦਾ ਸ਼ੋਕ ਰਖਦਾ ਸੀ। ਵੀਣਾ ਸਾਜ ਇਸੇ ਦੀ ਕਾਢ ਹੈ। ਇਸ ਨੇ ਇਕ ਸਿਮ੍ਰਿਤਿ ਵੀ ਲਿਖੀ ਸੀ।

ਸਲੋਕੁ ਮਃ ੧ ॥ ਸਤੀ ਪਾਪੁ ਕਰਿ ਸਤੁ ਕਮਾਹਿ ॥ ਗੁਰ ਦੀਖਿਆ, ਘਰਿ ਦੇਵਣ ਜਾਹਿ ॥ ਇਸਤਰੀ ਪੁਰਖੈ ਖਟਿਐ ਭਾਉ ॥ ਭਾਵੈ ਆਵਉ ਭਾਵੈ ਜਾਉ ॥ ਸਾਸਤੁ ਬੇਦੁ ਨ ਮਾਨੈ ਕੋਇ ॥ ਆਪੋ ਆਪੈ ਪੂਜਾ ਹੋਇ ॥ ਕਾਜੀ ਹੋਇ ਕੈ ਬਹੈ ਨਿਆਇ ॥ ਫੇਰੇ ਤਸਬੀ, ਕਰੇ ਖੁਦਾਇ ॥ ਵਢੀ ਲੈ ਕੈ ਹਕੁ ਗਵਾਏ ॥ ਜੇ ਕੋ ਪੁਛੈ, ਤਾ ਪੜਿ ਸੁਣਾਏ ॥ ਤੁਰਕ ਮੰਤ੍ਰੁ ,ਕਨਿ ਰਿਦੈ ਸਮਾਹਿ ॥ ਲੋਕ ਮੁਹਾਵਹਿ ,ਚਾੜੀ ਖਾਹਿ ॥ ਚਉਕਾ ਦੇ ਕੈ, ਸੁਚਾ ਹੋਇ ॥ ਐਸਾ ਹਿੰਦੂ ਵੇਖਹੁ ਕੋਇ ॥ ਜੋਗੀ ਗਿਰਹੀ ਜਟਾ ਬਿਭੂਤ ॥ ਆਗੈ ਪਾਛੈ ਰੋਵਹਿ ਪੂਤ ॥ ਜੋਗੁ ਨ ਪਾਇਆ, ਜੁਗਤਿ ਗਵਾਈ ॥ ਕਿਤੁ ਕਾਰਣਿ, ਸਿਰਿ ਛਾਈ ਪਾਈ ॥ ਨਾਨਕ ਕਲਿ ਕਾ ਏਹੁ ਪਰਵਾਣੁ ॥ ਆਪੇ ਆਖਣੁ ਆਪੇ ਜਾਣੁ ॥੧॥ (ਕਲਜੁਗੀ ਲੋਕ ਧਰਮ ਕਰਮ ਤਾਂ ਕਰਦੇ ਹਨ, ਪਰ ਅੰਦਰੋਂ ਜੀਵਨ ਮਾੜਾ ਹੈ) ਦਾਨੀ ਲੋਕ ਪਾਪ ਕਰਕੇ ਇੱਕਠੀ ਕੀਤੀ ਮਾਇਆ ਵਿਚੋਂ ਦਾਨ ਦੇਣ ਦਾ ਕਰਮ ਕਰਦੇ ਹਨ। (ਅਪਣੇ ਆਪ ਨੂੰ) ਗੁਰੂ ਕਹਾਉਣ ਵਾਲੇ ਮਾਇਆ ਵਾਸਤੇ ਅਪਣੇ ਚੇਲਿਆਂ ਦੇ ਘਰਾਂ ਵਿਚ ਸਿੱਖਿਆ ਦੇਣ ਜਾਂਦੇ ਹਨ {ਚੇਲੇ ਬੈਠਨਿ ਘਰਾਂ ਵਿਚਿ ਗੁਰ ਉਠਿ ਘਰੀਂ ਤਿਨਾੜੇ ਜਾਈ (ਭਾ.ਗੁ. ਵਾਰ ੧

/੩੦}।ਇਸਤ੍ਰੀ (ਅਪਣੇ ਆਪ ਨੂੰ ਪਤੀਬ੍ਰਤਾ ਕਹਾਉਂਦੀ ਹੈ, ਪਰ ਉਸ ਦਾ) ਅਪਣੇ ਪਤੀ ਨਾਲ ਪਿਆਰ ਤਾਂ ਹੀ ਹੈ, ਜੇ (ਪਤੀ ਧਨ) ਖੱਟ ਕੇ ਲਿਆਵੇ।(ਨਹੀਂ ਤਾਂ ਉਹ ਪ੍ਰਵਾਹ ਨਹੀਂ ਕਰਦੀ, ਪਤੀ) ਭਾਵੇਂ ਕਿਤੇ ਆਵੇ, ਭਾਵੇਂ ਕਿਤੇ ਜਾਵੇ {ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਊ ਜਾਈ (ਭਾ.ਗੁ. ਵਾਰ ੧ /੩੦}।ਸ਼ਾਸਤ੍ਰਾਂ ਬੇਦਾਂ ਦੀ ਸਿੱਖਿਆ ਨੂੰ ਕੋਈ (ਬ੍ਰਾਹਮਣ) ਨਹੀਂ ਮੰਨਦਾ।ਆਪੋ ਅਪਣੀ ਪੂਜਾ ਕਰਾਉਣ ਲਈ ਅੱਗੇ ਹੁੰਦੇ ਹਨ (ਗੁਰੂ ਬਣ ਕੇ ਅਪਣੀ ਪੂਜਾ ਕਰਾਉਂਦੇ ਹਨ)।ਕਾਜੀ ਹੋ ਕੇ ਨਿਆਂ ਕਰਨ ਬੈਠਦਾ ਹੈ।(ਉਹ ਹੱਥ ਨਾਲ) ਮਾਲਾ ਫੇਰਦਾ ਹੈ ਅਤੇ ਮੂੰਹੋਂ ਖੁਦਾ ਖੁਦਾ ਵੀ ਕਰਦਾ ਹੈ।(ਪਰ) ਵੱਢੀ ਲੈ ਕੇ (ਦੂਜੇ ਦਾ) ਹੱਕ ਗਵਾ ਦੇਂਦਾ ਹੈ।ਜੇ ਕੋਈ ਪੁੱਛੇ (ਕਿ ਐਸਾ ਕਿਉਂ ਕਰਦੇ ਹੋ?) ਤਾਂ ਪੜ੍ਹ ਕੇ ਸੁਣਾ ਦੇਂਦਾ ਹੈ (ਕਿ ਸ਼ਰ੍ਹਾ ਵਿਚ ਇਸੇ ਤਰ੍ਹਾਂ ਲਿਖਿਆ ਹੋਇਆ ਹੈ।ਤੁਰਕਾਂ ਦਾ ਮੰਤ੍ਰ (ਇਸਲਾਮੀ ਕਲਮਾ) ਹਿੰਦੂ ਲੋਕ ਅਪਣੇ ਕੰਨਾਂ ਵਿਚ ਸੁਣਦੇ ਹਨ ਤੇ (ਤੁਰਕਾਂ ਨੂੰ ਖੁਸ਼ ਕਰਨ ਲਈ ਇਸਲਾਮੀ ਕਲਮਾ) ਹਿਰਦੇ ਵਿਚ ਟਿਕਾਈ ਰਖਦੇ ਹਨ (ਤੁਰਕਾਂ ਦੀ ਨੌਕਰੀ ਕਰਨ ਵਾਲੇ ਹਿੰਦੂਆਂ ਦੀ ਮਾਨਸਕ ਗੁਲਾਮੀ ਦਾ ਜਿਕਰ ਕਰਦੇ ਹਨ।ਤੁਰਕ ਹਾਕਮਾਂ ਪਾਸੋਂ) ਲੋਕਾਂ ਨੂੰ ਲੁਟਾਉਂਦੇ ਹਨ ਅਤੇ (ਹਾਕਮਾਂ ਪਾਸ) ਚੁਗਲੀ ਕਰਕੇ (ਇਨਾਮ ਲੈ ਕੇ ਹਰਾਮ ਦਾ ਧਨ) ਖਾਂਦੇ ਹਨ।(ਅਜੇ ਵੀ ਉਹ ਹਿੰਦੂ) ਚੌਂਕਾ ਦੇ ਕੇ ਸੁੱਚਾ ਹੋਈ ਬੈਠਾ ਹੈ (ਅਜੇਹੇ ਹਿੰਦੂ ਭ੍ਰਿਸ਼ਟ ਹੋਏ ਹੋਏ ਹਨ।ਭਾਵੇਂ) ਕੋਈ ਦੇਖ ਲਵੋ, (ਕਲਜੁਗ ਦਾ) ਹਿੰਦੂ ਇਹੋ ਜਿਹੇ ਕੰਮ ਕਰਨ ਵਾਲਾ ਹੈ; ਇਹੋ ਜਿਹੇ ਕੰਮ ਕਰਨ ਵਾਲਾ ਕੋਈ ਹਿੰਦੂ ਹੋ ਸਕਦਾ ਹੈ? (ਕਲਜੁਗ ਦੇ) ਜੋਗੀ, ਗ੍ਰਿਸਤੀ ਬਣ ਕੇ ਸਿਰ ਤੇ ਜਟਾਂ ਰੱਖੀ ਫਿਰਦੇ ਹਨ ਤੇ ਸਰੀਰ ਉਤੇ ਸੁਆਹ ਮਲ੍ਹਦੇ ਹਨ।ਅੱਗੇ ਪਿੱਛੇ (ਉਨ੍ਹਾਂ ਦੇ) ਪੁਤ੍ਰ ਰੋਂਦੇ ਹਨ।(ਇਸ ਤਰ੍ਹਾਂ ਉਨ੍ਹਾਂ ਨੇ ਅਸਲੀ) ਜੋਗ ਵੀ ਨਹੀ ਪ੍ਰਾਪਤ ਕੀਤਾ ਅਤੇ (ਜੀਵਨ ਜਿਉਣ ਦੀ ਜਾਂ ਜੋਗ ਦੀ) ਜੁਗਤੀ ਵੀ ਗਵਾ ਲਈ।(ਹੁਣ ਦੱਸੋ) ਕਿਸ ਵਾਸਤੇ ਸਿਰ ਵਿਚ ਸੁਆਹ ਪਾਈ ਹੈ? ਨਾਨਕ ਗੁਰੂ ਜੀ ਆਖਦੇ ਹਨ ਕਿ ਕਲਜੁਗ ਦਾ ਇਹੋ ਹੀ ਮਾਪ ਤੋਲ ਹੈ ਕਿ ਆਪੇ (ਧਰਮ ਦੀਆਂ ਗੱਲਾਂ) ਆਖਣ ਵਾਲੇ (ਚੌਧਰੀ) ਤੇ ਆਪੇ ਜਾਨਣ ਵਾਲੇ (ਵਿਦਵਾਨ) ਬਣ ਬੈਠਦੇ ਹਨ।੧।

ਪਦਾਰਥ = ਸਤੀ-ਦਾਨੀ; ਸਤਵਾਦੀ; ਧਰਮਾਤਮਾ।ਸਤੁ ਕਮਾਹਿ-ਦਾਨ ਦੇਣ ਦਾ ਪੁੰਨ ਕਰਮ ਕਮਾਉਂਦੇ ਹਨ; ਧਰਮ ਕਮਾਉਂਦੇ ਹਨ।ਦੀਖਿਆ-ਸਿੱਖਿਆ; ਗੁਰ ਮੰਤ੍ਰ।ਘਰਿ-ਘਰ ਵਿਚ।ਜਾਹਿ-ਜਾਂਦੇ ਹਨ।ਪੁਰਖੈ ਭਾਉ-ਪਤੀ ਦਾ ਪਿਆਰ।ਖਟਿਐ-ਜੇ (ਧਨ) ਕਮਾ ਕੇ ਲਿਆਵੇ।ਭਾਵੈ-ਭਾਵੇਂ; ਚਾਹੇ।ਨ ਮਾਨੈ-ਨਹੀਂ ਮੰਨਦਾ।ਆਪੋ ਆਪੈ-ਆਪੋ ਅਪਣੀ।ਬਹੈ ਨਿਆਇ-ਨਿਆਂ ਕਰਨ ਲਈ ਬੈਠਦਾ ਹੈ।ਫੇਰੇ ਤਸਬੀ-ਮਾਲਾ ਫੇਰਦਾ ਹੈ।ਵਢੀ-ਰਿਸ਼ਵਤ।ਹਕੁ ਗਵਾਇ-(ਦੂਜੇ ਦਾ) ਹੱਕ ਗਵਾ ਦੇਂਦਾ ਹੈ।ਤੁਰਕ ਮੰਤ੍ਰ-ਇਸਲਾਮੀ ਕਲਮਾ।ਕਨਿ-ਕੰਨ ਵਿਚ।ਰਿਦੈ-ਹਿਰਦੇ ਵਿਚ।ਸਮਾਹਿ-ਟਿਕਾਈ ਰਖਦੇ ਹਨ।ਮੁਹਾਵਹਿ-ਲੁਟਾਉਂਦੇ ਹਨ।ਚਾੜੀ-ਚੁਗਲੀ।ਚਉਕਾ-ਰਸੋਈ ਵਿਚ ਕੀਤਾ ਗੋਹੇ ਦਾ ਲੇਪ।ਸੁਚਾ-ਪਵਿਤ੍ਰ।ਗਿਰਹੀ-ਗ੍ਰਿਹਸਤੀ।ਜਟਾ-ਵਾਲਾਂ ਦੀਆਂ ਜਟਾਂ।ਬਿਭੂਤ-ਸੁਆਹ।ਰੋਵਹਿ ਪੂਤ-ਪੁਤ੍ਰ ਰੋਂਦੇ ਹਨ।ਜੁਗਤਿ-ਜਿਉਣ ਦਾ ਜਾਂ ਜੋਗ ਦਾ ਢੰਗ।ਕਿਤੁ ਕਾਰਣਿ-ਕਿਸ ਵਾਸਤੇ।ਸਿਰਿ-ਸਿਰ ਵਿਚ।ਛਾਈ-ਸੁਆਹ।ਕਲਿ ਕਾ-ਕਲਜੁਗ ਦਾ।ਪਰਵਾਣੁ-ਮਾਪ ਤੋਲ; ਪ੍ਰਭਾਵ।ਆਖਣੁ-ਆਖਣ ਵਾਲਾ।ਜਾਣੁ-ਜਾਨਣ ਵਾਲਾ।੧।

ਮਃ ੧ ॥ ਹਿੰਦੂ ਕੈ ਘਰਿ, ਹਿੰਦੂ ਆਵੈ ॥ ਸੂਤੁ ਜਨੇਊ ,ਪੜਿ ਗਲਿ ਪਾਵੈ ॥ ਸੂਤੁ ਪਾਇ ਕਰੇ ਬੁਰਿਆਈ ॥ ਨਾਤਾ ਧੋਤਾ, ਥਾਇ ਨ ਪਾਈ ॥ ਮੁਸਲਮਾਨੁ ਕਰੇ ਵਡਿਆਈ ॥ ਵਿਣੁ ਗੁਰ ਪੀਰੈ ਕੋ ਥਾਇ ਨ ਪਾਈ ॥ (ਖਤ੍ਰੀ) ਹਿੰਦੂ ਦੇ ਘਰ ਵਿਚ ਹਿੰਦੂ (ਬ੍ਰਾਹਮਣ) ਆਉਂਦਾ ਹੈ।(ਬ੍ਰਾਹਮਣ ਗਾਇਤ੍ਰੀ) ਮੰਤ੍ਰ ਪੜ੍ਹ ਕੇ ਸੂਤ ਦਾ ਜਨੇਊ (ਉਸ ਖਤ੍ਰੀ ਹਿੰਦੂ ਦੇ) ਗਲ ਵਿਚ ਪਾਉਂਦਾ ਹੈ।(ਜਿਹੜਾ ਹਿੰਦੂ) ਸੂਤ ਦਾ ਜਨੇਊ ਪਾ ਕੇ ਬੁਰੇ ਕੰਮ ਕਰਦਾ ਹੈ।(ਉਸ ਦਾ) ਨ੍ਹਾਉਣਾ ਧੋਣਾ ਥਾਂਇ ਨਹੀਂ ਪੈਂਦਾ (ਪ੍ਰਭੂ ਦੀ ਹਜੂਰੀ ਵਿਚ ਪ੍ਰਵਾਨ ਨਹੀਂ ਹੁੰਦਾ)।ਮੁਸਲਮਾਨ (ਅਪਣੇ ਮਜ੍ਹਬ ਦੀ) ਵਡਿਆਈ ਕਰਦਾ ਹੈ (ਕਿ ਇਸਲਾਮ ਹੀ ਸਭ ਤੋਂ ਚੰਗਾ ਮਜ੍ਹਬ ਹੈ।ਪਰ ਹਿੰਦੂਆਂ ਜਾਂ ਮੁਸਲਮਾਨਾਂ ਦਾ ਕੋਈ ਕੀਤਾ ਹੋਇਆ ਕਰਮ ਰੱਬੀ ਦਰਗਾਹ ਵਿਚ) ਗੁਰੂ ਪੀਰ ਤੋਂ ਬਿਨਾ ਥਾਂਇ ਨਹੀਂ ਪੈਂਦਾ (ਮਨਜੂਰ ਨਹੀਂ ਹੁੰਦਾ)।

ਅੰਗ ੯੫੨ = ਰਾਹੁ ਦਸਾਇ, ਓਥੈ ਕੋ ਜਾਇ ॥ ਕਰਣੀ ਬਾਝਹੁ ,ਭਿਸਤਿ ਨ ਪਾਇ ॥ ਜੋਗੀ ਕੈ ਘਰਿ, ਜੁਗਤਿ ਦਸਾਈ ॥ ਤਿਤੁ ਕਾਰਣਿ, ਕਨਿ ਮੁੰਦ੍ਰਾ ਪਾਈ ॥ ਮੁੰਦ੍ਰਾ ਪਾਇ ਫਿਰੈ ਸੰਸਾਰਿ ॥ ਜਿਥੈ ਕਿਥੈ ਸਿਰਜਣਹਾਰੁ ॥ ਜੇਤੇ ਜੀਅ ਤੇਤੇ ਵਾਟਾਊ ॥ ਚੀਰੀ ਆਈ, ਢਿਲ ਨ ਕਾਊ ॥ ਏਥੈ ਜਾਣੈ ,ਸੁ ਜਾਇ ਸਿਞਾਣੈ ॥ ਹੋਰੁ ਫਕੜੁ ਹਿੰਦੂ ਮੁਸਲਮਾਣੈ ॥ ਸਭਨਾ ਕਾ, ਦਰਿ ਲੇਖਾ ਹੋਇ ॥ ਕਰਣੀ ਬਾਝਹੁ ,ਤਰੈ ਨ ਕੋਇ ॥ ਸਚੋ ਸਚੁ ਵਖਾਣੈ ਕੋਇ ॥ ਨਾਨਕ ਅਗੈ ਪੁਛ ਨ ਹੋਇ ॥੨॥(ਹਰੇਕ ਮਨੁੱਖ ਪ੍ਰਭੂ ਦੀ ਪ੍ਰਾਪਤੀ ਦਾ) ਰਸਤਾ ਪੁੱਛਦਾ ਹੈ, (ਪਰ) ਕੋਈ ਵਿਰਲਾ ਉਥੇ (ਪ੍ਰਭੂ ਦੀ ਹਜੂਰੀ ਵਿਚ) ਜਾਂਦਾ ਹੈ।(ਪਰ) ਨੇਕ ਕਰਣੀ ਤੋਂ ਬਿਨਾ (ਕੋਈ ਮਨੁੱਖ) ਸਵੱਰਗ ਵਿਚ ਨਿਵਾਸ ਨਹੀਂ ਪ੍ਰਾਪਤ ਕਰ ਸਕਦਾ।ਜੋਗੀ ਦੇ ਘਰ ਵਿਚ (ਡੇਰੇ ਤੇ ਕੋਈ ਮਨੁੱਖ) ਜੋਗ ਦੀ ਜੁਗਤੀ ਪੁੱਛਣ ਜਾਂਦਾ ਹੈ।

ਉਸ (ਜੋਗ ਪ੍ਰਾਪਤ ਕਰਨ) ਵਾਸਤੇ ਕੰਨਾਂ ਵਿਚ ਮੁੰਦ੍ਰਾਂ ਪਾ ਲੈਂਦਾ ਹੈ। (ਫਿਰ ਉਹ ਮਨੁੱਖ) ਮੁੰਦ੍ਰਾਂ ਪਾ ਕੇ ਸੰਸਾਰ ਵਿਚ ਤੁਰਿਆ ਫਿਰਦਾ ਹੈ। (ਪਰ) ਸਿਰਜਣਹਾਰ ਪ੍ਰਭੂ ਤਾਂ ਜਿੱਥੇ ਕਿੱਥੇ ਹੈ (ਹਰ ਥਾਂ ਮੌਜੂਦ ਹੈ, ਜਿਸ ਨੂੰ ਉਹ ਦੇਖਦਾ ਹੀ ਨਹੀਂ)। ਜਿਤਨੇ ਜੀਵ (ਸੰਸਾਰ ਵਿਚ ਹਨ), ਉਤਨੇ (ਉਹ ਸਾਰੇ ਇੱਥੇ) ਰਾਹੀ ਹੀ ਹਨ (ਸਦਾ ਰਹਿਣ ਵਾਲੇ ਨਹੀਂ। ਜਦ ਜੀਵ ਨੂੰ) ਮੌਤ ਦੀ ਚਿੱਠੀ ਆਉਂਦੀ ਹੈ, ਤਾਂ ਜਾਣ ਲੱਗਿਆਂ ਕੋਈ ਦੇਰ ਨਹੀਂ ਲਗਦੀ। (ਜਿਹੜਾ ਜੀਵ ਪ੍ਰਭੂ ਨੂੰ) ਇਥੇ ਸੰਸਾਰ ਵਿਚ ਜਾਣ ਲੈਂਦਾ ਹੈ, ਉਹ (ਜੀਵ ਅੱਗੇ ਪ੍ਰਲੋਕ ਵਿਚ) ਜਾ ਕੇ ਪਛਾਣ ਲਿਆ ਜਾਂਦਾ ਹੈ; ਉਹ ਪ੍ਰਲੋਕ ਵਿਚ ਜਾ ਕੇ ਵੀ ਪ੍ਰਭੂ ਨੂੰ ਪਛਾਣਦਾ ਹੈ। (ਪ੍ਰਭੂ ਦੇ ਨਾਮ ਜਪਣ ਤੋਂ ਬਿਨਾ) ਹੋਰ ਹਿੰਦੂ ਮੁਸਲਮਾਨ ਸਾਰੇ ਫਜ਼ੂਲ ਹਨ। ਸਾਰੇ ਜੀਵਾਂ ਦੇ ਕਰਮਾਂ ਦਾ ਹਿਸਾਬ ਰੱਬ ਦੇ ਦਰ ਤੇ ਹੁੰਦਾ ਹੈ। ਚੰਗੇ ਕਰਮ ਕੀਤੇ ਬਿਨਾ ਕੋਈ ਵੀ ਜੀਵ ਭਵਜਲ ਤੋਂ ਤਰ ਨਹੀਂ ਸਕਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਜੇ ਕੋਈ ਮਨੁੱਖ ਸੱਚੋ ਸੱਚ ਆਖਦਾ (ਪ੍ਰਭੂ ਦਾ ਸੱਚਾ ਨਾਮ ਜਪਦਾ) ਹੈ, (ਉਸ ਦੇ ਕਰਮਾਂ ਦੇ ਹਿਸਾਬ ਦੀ) ਅੱਗੇ ਪ੍ਰਲੋਕ ਵਿਚ ਪੁੱਛ ਪੜਤਾਲ ਨਹੀਂ ਹੁੰਦੀ।੨।

ਪਦਾਰਥ = ਹਿੰਦੂ ਕੈ–ਖਤ੍ਰੀ ਹਿੰਦੂ ਦੇ। ਘਰਿ–ਘਰ ਵਿਚ। ਹਿੰਦੂ–ਬ੍ਰਾਹਮਣ। ਸੂਤੁ ਜਨੇਊ–ਧਾਗੇ ਦਾ ਜਨੇਊ। ਪੜਿ–(ਮੰਤ੍ਰ) ਪੜ੍ਹ ਕੇ। ਗਲਿ–ਗਲ ਵਿਚ। ਪਾਇ–ਪਾ (ਪਹਿਨ) ਕੇ। ਨਾਤਾ–ਨ੍ਹਾਉਣਾ। ਥਾਇ ਨ ਪਾਈ–ਪ੍ਰਵਾਨ ਨਹੀਂ ਹੁੰਦਾ। ਰਾਹੁ–ਰਸਤਾ। ਦਸਾਇ–ਪੁੱਛਦਾ ਹੈ। ਕੋ–ਕੋਈ (ਵਿਰਲਾ ਮਨੁੱਖ)। ਕਰਣੀ ਬਾਝਹੁ–ਚੰਗੇ ਕੰਮਾਂ ਤੋਂ ਬਿਨਾ। ਭਿਸਤਿ–ਸਵੱਰਗ। ਨ ਪਾਇ–ਨਹੀਂ ਪ੍ਰਾਪਤ ਕਰ ਸਕਦਾ। ਜੁਗਤਿ–ਜੋਗ ਦੀ ਜੁਗਤੀ। ਤਿਤੁ ਕਾਰਣਿ–ਉਸ (ਜੋਗ) ਵਾਸਤੇ। ਫਿਰੈ ਸੰਸਾਰਿ–ਸੰਸਾਰ ਵਿਚ ਫਿਰਦਾ ਹੈ। ਜਿਥੈ ਕਿਥੈ–ਹਰ ਥਾਂ। ਜੇਤੇ –ਜਿਤਨੇ। ਜੀਅ–ਜੀਵ। ਤੇਤੇ–ਉਤਨੇ। ਵਾਟਾਊ–ਰਾਹੀ; ਮੁਸਾਫਰ। ਚੀਰੀ–ਮੌਤ ਦੀ ਚਿੱਠੀ; ਸੱਦਾ। ਢਿਲ–ਦੇਰ। ਕਾਊ–ਕੋਈ। ਏਥੈ–ਇਥੇ (ਸੰਸਾਰ ਵਿਚ)। ਸੁ–ਉਹ। ਜਾਇ–ਜਾ ਕੇ। ਸਿਞਾਣੈ–ਪਛਾਣਦਾ ਹੈ। ਫਕੜੁ–ਫਜ਼ੂਲ। ਸਭਨਾ ਕਾ–ਸਾਰੇ ਜੀਵਾਂ ਦਾ। ਦਰਿ–ਰੱਬ ਦੇ ਦਰ ਤੇ। ਤਰੈ ਨ–ਭਵਜਲ ਤੋਂ ਤਰ ਨਹੀਂ ਸਕਦਾ। ਵਖਾਣੈ–ਆਖਦਾ (ਜਪਦਾ) ਹੈ। ਅਗੈ–ਪ੍ਰਲੋਕ ਵਿਚ। ਪੁਛ–ਪੁੱਛ ਪੜਤਾਲ।੨।

ਪਉੜੀ ॥ ਹਰਿ ਕਾ ਮੰਦਰੁ ਆਖੀਐ, ਕਾਇਆ ਕੋਟੁ ਗੜੁ ॥ ਅੰਦਰਿ ਲਾਲ ਜਵੇਹਰੀ, ਗੁਰਮੁਖਿ ਹਰਿ ਨਾਮੁ ਪੜੁ ॥ ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ, ਹਰਿ ਹਰਿ ਨਾਮੁ ਦਿੜੁ ॥ ਮਨਮੁਖ ਆਪਿ ਖੁਆਇਅਨੁ ,ਮਾਇਆ ਮੋਹ ਨਿਤ ਕੜੁ ॥ ਸਭਨਾ ਸਾਹਿਬੁ ਏਕੁ ਹੈ, ਪੂਰੈ ਭਾਗਿ ਪਾਇਆ ਜਾਈ ॥੧੧॥ (ਹੇ ਭਾਈ!) ਸਰੀਰ ਰੂਪ ਕਿਲ੍ਹਾ ਜਾਂ ਗੜ੍ਹ ਹਰੀ ਦੇ ਰਹਿਣ ਵਾਲਾ ਮੰਦਰ ਆਖਿਆ ਜਾਂਦਾ ਹੈ। ਗੁਰੂ ਦੁਆਰਾ ਹਰੀ ਦਾ ਨਾਮ ਪੜ੍ਹ ,(ਫਿਰ ਤੈਨੂੰ) ਸਰੀਰ ਦੇ ਅੰਦਰ ਹੀਰੇ ਜਵਾਹਰਾਤ ਵਰਗੇ ਅਮੋਲਕ ਗੁਣ ਲੱਭ ਪੈਣਗੇ {ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ੨}। ਹਰੀ ਦੇ ਰਹਿਣ ਵਾਲਾ ਇਹ ਸਰੀਰ ਰੂਪ ਮੰਦਰ ਬਹੁਤ ਸੋਹਣਾ ਹੈ, (ਇਸ ਵਿਚ ਤੂੰ) ਹਰਿ ਹਰਿ ਨਾਮ ਨੂੰ ਦ੍ਰਿੜ ਕਰ (ਹਿਰਦੇ ਵਿਚ ਪੱਕਾ ਕਰ ਲੈ)। ਉਸ ਪ੍ਰਭੂ ਨੇ ਮਨਮੁਖਾਂ ਨੂੰ ਆਪ ਕੁਰਾਹੇ ਪਾਇਆ ਹੋਇਆ ਹੈ, (ਕਿਉਂਕਿ ਉਹ) ਨਿੱਤ ਮਾਇਆ ਦੇ ਮੋਹ ਵਿਚ ਕੜ੍ਹਦੇ (ਦੁਖੀ ਹੁੰਦੇ) ਹਨ; (ਉਨ੍ਹਾਂ ਨੂੰ) ਸਦਾ ਮਾਇਆ ਦੇ ਮੋਹ ਦਾ ਬੰਧਨ ਪਿਆ ਰਹਿੰਦਾ ਹੈ। ਸਾਰੇ ਜੀਵਾਂ ਦਾ ਮਾਲਕ ਇਕ ਪ੍ਰਭੂ ਹੈ, (ਪਰ ਉਹ) ਪੂਰੇ ਭਾਗਾਂ ਨਾਲ ਪਾਇਆ ਜਾਂਦਾ ਹੈ।੧੧।

ਪਦਾਰਥ = ਮੰਦਰੁ–ਘਰ। ਕਾਇਆ–ਸਰੀਰ। ਕੋਟੁ ਗੜੁ–ਪੱਕਾ ਕਿਲ੍ਹਾ। ਲਾਲ–ਲਾਲ ਰੰਗ ਦਾ ਕੀਮਤੀ ਰਤਨ। ਜਵੇਹਰੀ–ਜਵਾਹਰਾਤ ;ਹੀਰੇ। ਗੁਰਮੁਖਿ–ਗੁਰੂ ਦੁਆਰਾ। ਅਤਿ–ਬਹੁਤ। ਖੁਆਇਅਨੁ–ਕੁਰਾਹੇ ਪਾਏ ਹਨ ਉਸ ਨੇ। ਨਿਤ–ਸਦਾ; ਹਰ ਰੋਜ। ਕੜੁ–ਕੜ੍ਹਦੇ (ਦੁਖੀ ਹੁੰਦੇ) ਹਨ। ਸਭਨਾ–ਸਾਰੇ ਜੀਵਾਂ ਦਾ। ਸਾਹਿਬੁ–ਮਾਲਕ। ਏਕੁ–ਇਕ ਪ੍ਰਭੂ। ਪੂਰੈ ਭਾਗਿ–ਪੂਰੇ ਭਾਗਾਂ ਨਾਲ।੧੧।

ਸਲੋਕ ਮਃ ੧ ॥ ਨਾ ਸਤਿ ਦੁਖੀਆ ਨਾ ਸਤਿ ਸੁਖੀਆ, ਨਾ ਸਤਿ ਪਾਣੀ ਜੰਤ ਫਿਰਹਿ ॥ ਨਾ ਸਤਿ ਮੂੰਡ ਮੁਡਾਈ ਕੇਸੀ, ਨਾ ਸਤਿ ਪੜਿਆ ਦੇਸ ਫਿਰਹਿ ॥ ਨਾ ਸਤਿ ਰੁਖੀ ਬਿਰਖੀ ਪਥਰ, ਆਪੁ ਤਛਾਵਹਿ ਦੁਖ ਸਹਹਿ ॥ ਨਾ ਸਤਿ ਹਸਤੀ ਬਧੇ ਸੰਗਲ, ਨਾ ਸਤਿ ਗਾਈ ਘਾਹੁ ਚਰਹਿ ॥ ਜਿਸੁ ਹਥਿ ਸਿਧਿ ਦੇਵੈ ਜੇ ਸੋਈ, ਜਿਸ ਨੋ ਦੇਇ ਤਿਸੁ ਆਇ ਮਿਲੈ ॥ ਨਾਨਕ ਤਾ ਕਉ ਮਿਲੈ ਵਡਾਈ, ਜਿਸੁ ਘਟ ਭੀਤਰਿ ਸਬਦੁ ਰਵੈ ॥ ਸਭਿ ਘਟ ਮੇਰੇ ਹਉ ਸਭਨਾ ਅੰਦਰਿ, ਜਿਸਹਿ ਖੁਆਈ ਤਿਸੁ ਕਉਣੁ ਕਹੈ ॥ ਜਿਸਹਿ ਦਿਖਾਲਾ ਵਾਟੜੀ, ਤਿਸਹਿ ਭੁਲਾਵੈ ਕਉਣੁ ॥ ਜਿਸਹਿ ਭੁਲਾਏ ਪੰਧ ਸਿਰਿ, ਤਿਸਹਿ ਦਿਖਾਵੈ ਕਉਣੁ ॥੧॥ (ਹੇ ਭਾਈ!) ਦੁਖੀ ਰਹਿਣ ਵਿਚ ਮੁਕਤੀ ਨਹੀਂ ਮਿਲਦੀ, ਨਾ ਹੀ ਸਰੀਰਕ ਸੁਖ ਭੋਗਣ ਵਿਚ ਮੁਕਤੀ ਮਿਲਦੀ ਹੈ ਅਤੇ ਨਾ ਹੀ ਪਾਣੀ ਵਿਚ ਖੜੇ ਰਹਿਣ ਨਾਲ ਮੁਕਤੀ ਮਿਲਦੀ ਹੈ, (ਬੇਅੰਤ) ਜੀਵ ਜੰਤੂ ਪਾਣੀ ਵਿਚ ਫਿਰਦੇ ਹਨ (ਫੇਰ ਤਾਂ ਉਹ ਵੀ ਮੁਕਤ ਹੋ ਜਾਣ)। ਸਿਰ ਦੇ ਕੇਸ ਮੁਨਾਉਣ ਨਾਲ ਵੀ ਮੁਕਤੀ ਨਹੀਂ ਮਿਲਦੀ ਹੈ, ਨਾ ਪੜ੍ਹੇ ਹੋਣ ਨਾਲ ਅਤੇ ਨਾ ਹੀ ਦੇਸਾਂ ਵਿਚ ਫਿਰਦੇ ਰਹਿਣ ਨਾਲ ਮੁਕਤੀ ਮਿਲਦੀ ਹੈ। (ਜੋ ਮਨੁੱਖ) ਰੁੱਖਾਂ ,ਬ੍ਰਿਛਾਂ ਦੇ ਹੇਠਾਂ ਰਹਿੰਦੇ ਹਨ ਤੇ ਪੱਥਰਾਂ ਵਾਂਗ ਅਪਣੇ ਆਪ ਨੂੰ ਕਟਾਉਂਦੇ ਹਨ ਤੇ ਦੁਖ ਸਹਿੰਦੇ ਹਨ (ਉਨ੍ਹਾਂ ਵੀ) ਮੁਕਤੀ ਨਹੀਂ

ਮਿਲਦੀ। ਹਾਥੀ ਵਾਂਗ ਸੰਗਲਾਂ ਨਾਲ ਬੰਨ੍ਹੇ ਰਹਿਣ ਨਾਲ ਵੀ ਮੁਕਤੀ ਨਹੀਂ ਮਿਲਦੀ, (ਜਿਵੇਂ) ਗਾਈਆਂ ਘਾਹ ਚਰਦੀਆਂ ਹਨ ,(ਇਸ ਤਰ੍ਹਾਂ ਜੰਗਲਾਂ ਵਿਚ ਕੰਦ ਮੂਲ ਖਾ ਕੇ ਵੀ) ਮੁਕਤੀ ਨਹੀਂ ਮਿਲਦੀ। ਜਿਸ ਪ੍ਰਭੂ ਦੇ ਹੱਥ ਵਿਚ ਮੁਕਤੀ ਹੈ, ਜੇ ਉਹ ਆਪ ਦੇਵੇ, ਤਾਂ ਜਿਸ ਨੂੰ (ਉਹ) ਦੇਂਦਾ ਹੈ, ਉਸ ਨੂੰ ਆ ਮਿਲਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਪੁਰਖ ਨੂੰ (ਮੁਕਤ ਹੋ ਜਾਣ ਦੀ) ਵਡਿਆਈ ਮਿਲਦੀ ਹੈ, ਜਿਸ ਦੇ ਹਿਰਦੇ ਅੰਦਰ ਗੁਰੂ ਦਾ ਸ਼ਬਦ ਵਸਦਾ ਹੈ। (ਗੁਰੂ ਜੀ ਪ੍ਰਭੂ ਵੱਲੋਂ ਕਹਿੰਦੇ ਹਨ ਕਿ) ਸਾਰੇ ਸਰੀਰ ਮੇਰੇ ਸਰੀਰ ਹਨ ਤੇ ਮੈਂ ਸਭ ਦੇ ਅੰਦਰ ਵਸਦਾ ਹਾਂ, ਜਿਸ ਜੀਵ ਨੂੰ ਮੈਂ ਕੁਰਾਹੇ ਪਾ ਦੇਵਾਂ, ਉਸ ਨੂੰ ਕੌਣ (ਰਸਤਾ) ਦਸ ਸਕਦਾ ਹੈ? (ਉਸ ਨੂੰ ਸਿੱਧੇ ਰਸਤੇ ਕੋਈ ਨਹੀਂ ਪਾ ਸਕਦਾ)। ਜਿਸ ਜੀਵ ਨੂੰ ਮੈਂ ਰਸਤਾ ਦਿਖਾਵਾਂ, ਉਸ ਨੂੰ ਕੌਣ ਭੁਲਾ ਸਕਦਾ ਹੈ? (ਕੋਈ ਕੁਰਾਹੇ ਨਹੀਂ ਪਾ ਸਕਦਾ)। ਜਿਸ ਜੀਵ ਨੂੰ ਮੁੱਢ ਤੋਂ ਹੀ ਮੈਂ ਰਸਤਿਓਂ ਭੁਲਾ ਦੇਵਾਂ, ਉਸ ਨੂੰ ਰਸਤਾ ਕੌਣ ਦਿਖਾ ਸਕਦਾ ਹੈ?।੧।

ਪਦਾਰਥ = ਸਤਿ–ਮੁਕਤੀ; ਯਥਾਰਥ ਗਿਆਨ (ਮ.ਕੋ.); ਸੱਤ ਸਰੂਪ ਪ੍ਰਮੇਸਰ (ਸੰ.ਸ.; ਫ.ਸ.)। ਜੰਤ–ਜੀਵ। ਫਿਰਹਿ–ਫਿਰਦੇ ਹਨ। ਮੂੰਡ ਮੁਡਾਈ ਕੇਸੀ–ਸਿਰ ਦੇ ਕੇਸ ਮੁਨਾਉਣ ਨਾਲ। ਰੁਖੀ ਬਿਰਖੀ–ਦਰੱਖਤਾਂ ਤੇ ਬ੍ਰਿਛਾਂ ਹੇਠ ਰਹਿਣ ਨਾਲ। ਆਪੁ–ਅਪਣੇ ਆਪ ਨੂੰ। ਤਛਾਵਹਿ–ਕਟਾਉਂਦੇ ਹਨ। ਸਹਹਿ–ਸਹਿੰਦੇ ਹਨ। ਹਸਤੀ–ਹਾਥੀ। ਬਧੇ–ਬੰਨ੍ਹੇ ਹੋਏ। ਗਾਈ–ਗਾਈਆਂ। ਚਰਹਿ–ਚਰਦੀਆਂ ਹਨ। ਘਾਹੁ–ਘਾਹ। ਸਿਧਿ–ਮੁਕਤੀ; ਬਰਕਤ। ਸੋਈ–ਉਹ। ਤਾ ਕਉ–ਉਸ ਨੂੰ। ਘਟ ਭੀਤਰਿ–ਸਰੀਰ ਅੰਦਰ। ਰਵੈ–ਵਸਦਾ ਹੈ, ਸਮਾਇਆ ਹੈ। ਹਉ–ਮੈਂ। ਸਭਨਾ–ਸਾਰੇ (ਜੀਵ)। ਖੁਆਈ–ਕੁਰਾਹੇ ਪਾ ਦੇਵਾਂ। ਜਿਸਹਿ–ਜਿਸ ਨੂੰ। ਮੈਂ ਦਿਖਾਲਾ–ਦਿਖਾਵਾਂ। ਵਾਟੜੀ–ਰਸਤਾ। ਤਿਸਹਿ–ਉਸ ਨੂੰ। ਭੁਲਾਈ–ਭੁਲਾ ਦੇਵਾਂ। ਪੰਧ–ਰਸਤਾ। ਸਿਰਿ–ਸਿਰੇ (ਮੁੱਢ) ਤੋਂ।੧।

ਮਃ ੧ ॥ ਸੋ ਗਿਰਹੀ, ਜੋ ਨਿਗ੍ਰਹੁ ਕਰੈ ॥ ਜਪੁ ਤਪੁ ਸੰਜਮੁ ਭੀਖਿਆ ਕਰੈ ॥ ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥ ਬੋਲੈ ਈਸਰੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੨॥ ਮਃ ੧ ॥ ਸੋ ਅਉਧੂਤੀ ਜੋ ਧੂਪੈ ਆਪੁ ॥ ਭਿਖਿਆ ਭੋਜਨੁ ਕਰੈ ਸੰਤਾਪੁ ॥ ਅਉਹਠ ਪਟਣ ਮਹਿ ਭੀਖਿਆ ਕਰੈ ॥ ਸੋ ਅਉਧੂਤੀ ਸਿਵ ਪੁਰਿ ਚੜੈ ॥ ਬੋਲੈ ਗੋਰਖੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੩॥ (ਈਸਰ ਨਾਥ ਨੇ ਗ੍ਰਿਹਸਤੀ ਦੇ ਲੱਛਣ ਪੁੱਛੇ ਹਨ। ਹੇ ਈਸਰ ਨਾਥ! ਅਸਲੀ) ਗ੍ਰਿਹਸਤੀ ਉਹ ਹੈ, ਜੋ ਇੰਦ੍ਰੀਆਂ ਨੂੰ ਵਿਕਾਰਾਂ ਵੱਲੋਂ ਰੋਕਦਾ ਹੈ। (ਜੋ ਪ੍ਰਭੂ ਤੋਂ) ਜਪ, ਤਪ ਤੇ ਸੰਜਮ ਰੂਪ ਭਿੱਖਿਆ ਮੰਗਦਾ ਹੈ। ਪੁੰਨ ਸਮਝ ਕੇ (ਜੋ ਅਪਣੇ) ਸਰੀਰ ਦਾ ਦਾਨ ਕਰ ਦੇਵੇ। ਉਹ ਗ੍ਰਿਹਸਤੀ ਗੰਗਾ ਦੇ ਪਾਣੀ ਵਾਂਗ ਪਵਿਤ੍ਰ ਹੁੰਦਾ ਹੈ। ਗੁਰੂ ਜੀ ਈਸਰ ਜੋਗੀ ਨੂੰ ਆਖਦੇ ਹਨ ਕਿ ਵਾਹਿਗੁਰੂ ਜੋ ਸੱਤ ਸਰੂਪ ਹੈ। (ਉਪਰੋਕਤ ਗ੍ਰਿਹਸਤੀ ਉਸ) ਪਰਮ ਤੱਤ ਵਾਹਿਗੁਰੂ ਵਿਚ ਮਿਲ ਜਾਂਦਾ ਹੈ, (ਜਿਸ ਦਾ ਕੋਈ) ਚਿੰਨ੍ਹ ਤੇ ਰੂਪ ਨਹੀਂ।੨। (ਹੇ ਗੋਰਖ ਨਾਥ! ਅਸਲੀ) ਵਿਰੱਕਤ ਸਾਧੂ ਉਹ ਹੈ, ਜੋ ਆਪਾ ਭਾਵ ਨੂੰ ਸਾੜਦਾ ਹੈ। ਜੋ ਕਸ਼ਟ ਸਹਾਰਨ ਨੂੰ ਭਿੱਖਿਆ ਦਾ ਭੋਜਨ ਕਰਦਾ (ਬਣਾਉਂਦਾ) ਹੈ। ਹਿਰਦੇ ਰੂਪ ਸ਼ਹਿਰ ਵਿਚ (ਟਿਕ ਕੇ ਜੋ ਪ੍ਰਭੂ ਤੋਂ) ਭਿੱਖਿਆ ਮੰਗਣਾ ਕਰਦਾ ਹੈ। ਉਹ ਵਿਰੱਕਤ ਸਾਧੂ ਪ੍ਰਭੂ ਦੇ ਸ਼ਹਿਰ ਵਿਚ ਜਾ ਪੁੱਜਦਾ ਹੈ। ਗੁਰੂ ਜੀ ਗੋਰਖ ਸਿੱਧ ਨੂੰ ਆਖਦੇ ਹਨ ਕਿ ਪ੍ਰਭੂ ਜੋ ਸੱਤ ਸਰੂਪ ਹੈ। (ਉਪਰੋਕਤ ਵਿਰੱਕਤ ਸਾਧੂ ਉਸ) ਪਰਮ ਤੱਤ ਪ੍ਰਭੂ ਵਿਚ ਜਾ ਮਿਲਦਾ ਹੈ (ਜਿਸ ਦਾ ਕੋਈ) ਚਿੰਨ੍ਹ ਤੇ ਰੂਪ ਨਹੀਂ।੩।

ਬੋਲੈ ਗੋਰਖੁ = ੧. ਗੁਰੂ ਜੀ ਬੋਲਦੇ ਹਨ ਕਿ ਹੇ ਗੋਰਖ! (ਉਹ ਵਿਰੱਕਤ) ਸੱਤ ਸਰੂਪ ਪ੍ਰਭੂ ਨੂੰ ਪ੍ਰਾਪਤ ਕਰ ਲੈਂਦਾ ਹੈ, (ਜਿਸ) ਪਰਮ ਤੱਤ ਪ੍ਰਭੂ ਵਿਚ ਕੋਈ ਚਿੰਨ੍ਹ ਤੇ ਰੂਪ ਨਹੀਂ ਹੈ।੨. ਜੇ ਗੋਰਖ ਵੀ ਸਤਿ ਸਰੂਪ ਪ੍ਰਭੂ ਨੂੰ ਬੋਲੇ (ਜਪੇ। ਤਾਂ ਗੋਰਖ ਵੀ) ਪਰਮ ਤੱਤ ਪ੍ਰਭੂ ਵਿਚ ਲੀਨ ਹੋ ਜਾਵੇ, ਜਿਸ ਦਾ ਚਿੰਨ੍ਹ ਤੇ ਰੂਪ ਨਹੀਂ ਹੈ। (ਟੀਕਾਂ ਕਾਰਾਂ ਨੇ ਇਨ੍ਹਾਂ ਤੁਕਾਂ ਦੇ ਵੱਖੋ ਵਖਰੇ ਅਰਥ ਕੀਤੇ ਹਨ)

ਨੋਟ = ਇਹੋ ਜਿਹੇ ਅਰਥ ਈਸਰ, ਗੋਰਖ, ਗੋਪੀ ਚੰਦ, ਚਰਪਟ ਤੇ ਭਰਥਰੀ ਲਈ ਵਰਤੇ ਜਾ ਸਕਦੇ ਹਨ।

ਪਦਾਰਥ = ਸੋ–ਉਹ। ਗਿਰਹੀ–ਗ੍ਰਿਹਸਤੀ। ਨਿਗ੍ਰਹੁ–ਇੰਦ੍ਰੀਆਂ ਨੂੰ ਵਿਕਾਰਾਂ ਵੱਲੋਂ ਰੋਕਣਾ। ਸੰਜਮੁ–ਪ੍ਰਹੇਜ; ਇੰਦ੍ਰੀਆਂ ਨੂੰ ਵਿਕਾਰਾਂ ਤੋਂ ਰੋਕਣਾ। ਭੀਖਿਆ ਕਰੈ–ਭਿੱਖਿਆ ਮੰਗਦਾ ਹੈ। ਨੀਰੁ–ਪਾਣੀ। ਈਸਰੁ–ਜੋਗੀ ਦਾ ਨਾਮ। ਸਤਿ ਸਰੂਪੁ–ਸਦਾ ਕਾਇਮ ਰਹਿਣ ਵਾਲਾ ਸਰੂਪ। ਪਰਮ ਤੰਤੁ–ਪਰਮ ਤੱਤ (ਉਹ ਤੱਤ, ਜਿਸ ਤੋਂ ਸਾਰੇ ਤੱਤ ਤੇ ਜਗਤ ਬਣਿਆ)। ਮਹਿ–ਵਿਚ। ਰੇਖ–ਚਿੰਨ੍ਹ; ਲਕੀਰਾਂ। ਰੂਪੁ–ਅਕਾਰ; ਸ਼ਕਲ ਸੂਰਤ।੨। ਅਉਧੂਤੀ–ਵਿਰੱਕਤ (ਤਿਆਗੀ ਸਾਧੂ)। ਧੂਪੈ–ਧੁਖਾ ਦੇਵੇ; ਸਾੜਦਾ ਹੈ। ਆਪੁ–ਆਪਾ ਭਾਵ (ਹੰਕਾਰ) ਨੂੰ। ਸੰਤਾਪੁ–ਜਲਨ (ਸਾੜਾ); ਦੁੱਖ। ਅਉਹਠ–ਹਿਰਦਾ। ਪਟਣ ਮਹਿ–ਸ਼ਹਿਰ ਵਿਚ। ਸਿਵ ਪੁਰਿ–ਪ੍ਰਭੂ ਦੀ ਪੁਰੀ (ਸੱਚਖੰਡ) ਵਿਚ। ਚੜੈ–ਪੁਜ ਜਾਂਦਾ ਹੈ। ਬੋਲੈ–ਬੋਲਦਾ ਹੈ; ਜੇ ਜਪੇ। ਗੋਰਖੁ–ਗੋਰਖ ਨਾਮ ਦਾ ਸਿੱਧ।੩।

ਮਃ ੧ ॥ ਸੋ ਉਦਾਸੀ, ਜਿ ਪਾਲੇ ਉਦਾਸੁ ॥ ਅਰਧ ਉਰਧ ਕਰੇ ਨਿਰੰਜਨ ਵਾਸੁ ॥ ਚੰਦ ਸੂਰਜ ਕੀ ਪਾਏ ਗੰਢਿ ॥ ਤਿਸੁ ਉਦਾਸੀ

ਕਾ ਪੜੈ ਨ ਕੰਧੁ ॥ ਬੋਲੈ ਗੋਪੀ ਚੰਦੁ ,ਸਤਿ ਸਰੂਪੁ ॥ ਪਰਮ ਤੰਤ ਮਹਿ, ਰੇਖ ਨ ਰੂਪੁ ॥੪॥ ਮਃ ੧ ॥ ਸੋ ਪਾਖੰਡੀ, ਜਿ ਕਾਇਆ ਪਖਾਲੇ ॥ ਕਾਇਆ ਕੀ ਅਗਨਿ, ਬ੍ਰਹਮੁ ਪਰ ਜਾਲੇ ॥ ਸੁਪਨੈ ਬਿੰਦੁ ਨ ਦੇਈ ਝਰਣਾ ॥ ਤਿਸੁ ਪਾਖੰਡੀ, ਜਰਾ ਨ ਮਰਣਾ ॥ ਬੋਲੈ ਚਰਪਟੁ ,ਸਤਿ ਸਰੂਪੁ ॥ ਪਰਮ ਤੰਤ ਮਹਿ, ਰੇਖ ਨ ਰੂਪੁ ॥੫॥ (ਗੋਪੀ ਚੰਦ ਉਦਾਸੀ ਦੇ ਲੱਛਣ ਪੁੱਛਦਾ ਹੈ। ਹੇ ਗੋਪੀ ਚੰਦ! ਅਸਲੀ) ਉਦਾਸੀ ਉਹ ਹੈ, ਜਿਹੜਾ ਮਾਇਆ ਵੱਲੋਂ ਤਿਆਗ ਰੱਖਣ ਵਾਲੀ ਭਾਵਨਾ ਨੂੰ ਪਾਲਦਾ ਹੈ (ਸੰਸਾਰ ਤਿਆਗਣ ਦੀ ਥਾਂ ਮਾਇਆ ਦਾ ਤਿਆਗ ਕਰਦਾ ਹੈ)। ਹੇਠਾਂ ਉਤੇ (ਸਭ ਥਾਂਵਾਂ ਤੇ) ਮਾਇਆ ਤੋਂ ਨਿਰਲੇਪ ਪ੍ਰਭੂ ਦਾ ਵਾਸਾ ਜਾਣਨਾ ਕਰੇ। ਅਪਣੇ ਅੰਦਰ ਸੀਤਲਤਾ (ਚੰਦ) ਤੇ ਗਿਆਨ (ਸੂਰਜ) ਨੂੰ ਇਕੱਠਾ ਕਰੇ। ਉਸ ਉਦਾਸੀ ਦਾ ਸਰੀਰ ਵਿਕਾਰਾਂ ਵਿਚ ਨਹੀਂ ਪੈਂਦਾ। ਗੁਰੂ ਜੀ ਗੋਪੀ ਚੰਦ ਨੂੰ ਦਸਦੇ ਹਨ ਕਿ ਜੋ ਸੱਤ ਸਰੂਪ ਪ੍ਰਭੂ ਹੈ। (ਉਪਰੋਕਤ ਉਦਾਸੀ ਉਸ) ਪਰਮ ਤੱਤ ਪ੍ਰਭੂ ਵਿਚ ਮਿਲ ਜਾਵੇਗਾ, (ਜਿਸ ਦਾ ਕੋਈ) ਚਿੰਨ੍ਹ ਤੇ ਰੂਪ ਨਹੀਂ। ੪। (ਗੁਰੂ ਜੀ ਚਰਪਟ ਸਿੱਧ ਦੇ ਸੁਆਲ ਦਾ ਜੁਆਬ ਦੇ ਰਹੇ ਹਨ। ਹੇ ਚਰਪਟ ਨਾਥ! ਅਸਲੀ) ਪਾਪਾਂ ਨੂੰ ਖੰਡਨ ਕਰਨ ਵਾਲਾ ਉਹ ਹੈ, ਜਿਹੜਾ (ਅਪਣੇ) ਸਰੀਰ ਨੂੰ ਧੋ ਲੈਂਦਾ ਹੈ (ਪਵਿਤ੍ਰ ਰੱਖਦਾ ਹੈ)। ਸਰੀਰ ਦੀ ਅਗਨੀ ਵਿਚ ਬ੍ਰਹਮ ਅਗਨੀ ਦਾ ਪ੍ਰਕਾਸ਼ ਕਰਦਾ ਹੈ (ਰੱਬੀ ਜੋਤ ਜਗਾਉਂਦਾ ਹੈ)। ਸੁਪਨੇ ਵਿਚ ਵੀ ਵੀਰਜ ਨੂੰ ਡਿਗਣ ਨਹੀਂ ਦੇਂਦਾ (ਕਾਮ ਵਾਸ਼ਨਾ ਨੂੰ ਕਾਬੂ ਕਰੇ)। ਉਸ ਪਖੰਡੀ ਨੂੰ ਨਾ ਬੁਢੇਪਾ ਆਵੇਗਾ ਤੇ ਨਾ ਮੌਤ ਆਵੇਗੀ। ਗੁਰੂ ਜੀ ਚਰਪਟ ਨੂੰ ਦਸਦੇ ਹਨ ਕਿ ਜੋ ਸੱਤ ਸਰੂਪ ਪ੍ਰਭੂ ਹੈ। (ਉਪਰ ਦਸਿਆ ਪਾਪ ਖੰਡੀ ਉਸ) ਪਰਮ ਤੱਤ ਵਾਹਿਗੁਰੂ ਵਿਚ ਮਿਲ ਜਾਵੇਗਾ, (ਜਿਸ ਦਾ ਕੋਈ) ਚਿੰਨ੍ਹ ਤੇ ਰੂਪ ਨਹੀਂ ਹੈ। ੫।

ਕਾਇਆ ਕੀ ਅਗਨਿ = ਸਰੀਰ ਵਿਚ ਕਾਮਾਦਿਕ ਵਿਕਾਰਾਂ ਦੀ ਅਗਨੀ ਨੂੰ ਬ੍ਰਹਮ ਅਗਨੀ ਨਾਲ ਚੰਗੀ ਤਰ੍ਹਾਂ ਜਲਾ ਦੇਵੇ।

ਅੰਗ ੯੫੩ = ਮਃ ੧ ॥ ਸੋ ਬੈਰਾਗੀ, ਜਿ ਉਲਟੇ ਬ੍ਰਹਮੁ ॥ ਗਗਨ ਮੰਡਲ ਮਹਿ, ਰੋਪੈ ਥੰਮੁ ॥ ਅਹਿਨਿਸਿ, ਅੰਤਰਿ ਰਹੈ ਧਿਆਨਿ ॥ ਤੇ ਬੈਰਾਗੀ, ਸਤ ਸਮਾਨਿ ॥ ਬੋਲੈ ਭਰਥਰਿ, ਸਤਿ ਸਰੂਪੁ ॥ ਪਰਮ ਤੰਤ ਮਹਿ ,ਰੇਖ ਨ ਰੂਪੁ ॥੬॥ (ਗੁਰੂ ਜੀ ਭਰਥਰੀ ਦੇ ਸੁਆਲ ਦਾ ਜਵਾਬ ਦੇਂਦੇ ਹਨ, ਹੇ ਭਰਥਰੀ! ਅਸਲੀ) ਬੈਰਾਗੀ ਉਹ ਹੈ, ਜਿਹੜਾ ਮਨ ਨੂੰ ਬ੍ਰਹਮ ਵੱਲ ਉਲਟਾ ਲਵੇ। ਅਤੇ ਥੰਮ ਰੂਪ ਪ੍ਰਭੂ ਨੂੰ ਦਸਮ ਦੁਆਰ ਵਿਚ ਖੜਾ ਕਰ ਲਵੇ (ਆਤਮ ਮੰਡਲ ਵਿਚ ਬਿਰਤੀ ਨੂੰ ਟਿਕਾ ਲਵੇ)। ਦਿਨ ਰਾਤ ਪ੍ਰਭੂ ਦੇ ਧਿਆਨ ਅੰਦਰ ਟਿਕਿਆ ਰਹੇ। ਉਹ ਬੈਰਾਗੀ ਸੱਚੇ ਪ੍ਰਭੂ ਦੇ ਸਮਾਨ ਹੈ (ਪ੍ਰਭੂ ਦਾ ਹੀ ਰੂਪ ਹੈ)। ਗੁਰੂ ਜੀ ਭਰਥਰੀ ਨੂੰ ਦਸਦੇ ਹਨ ਕਿ ਜੋ ਸੱਤ ਸਰੂਪ ਪ੍ਰਭੂ ਹੈ। (ਉਪਰੋਕਤ ਬੈਰਾਗੀ ਉਸ) ਪਰਮ ਤੱਤ ਪ੍ਰਭੂ ਵਿਚ ਮਿਲ ਜਾਂਦਾ ਹੈ, (ਜਿਸ ਦਾ ਕੋਈ) ਚਿੰਨ੍ਹ ਤੇ ਰੂਪ ਨਹੀਂ। ੬।

ਪਦਾਰਥ = ਸੋ-ਉਹ। ਉਦਾਸੀ-ਮਾਇਆ ਦਾ ਤਿਆਗੀ। ਜਿ-ਜਿਹੜਾ। ਪਾਲੇ-ਪਾਲਦਾ (ਕਾਇਮ ਰਖਦਾ) ਹੈ। ਅਰਧ ਉਰਧ-ਹੇਠਾਂ ਤੇ ਉਤੇ (ਧਰਤੀ ਵਿਚ ਤੇ ਅਕਾਸ਼ ਵਿਚ ਭਾਵ ਹਰ ਥਾਂ)। ਨਿਰੰਜਨ-ਮਾਇਆ ਤੋਂ ਨਿਰਲੇਪ ਪ੍ਰਭੂ। ਚੰਦ-ਸੀਤਲਤਾ; ਸ਼ਾਂਤੀ। ਸੂਰਜ-ਗਿਆਨ ਦਾ ਪ੍ਰਕਾਸ਼। ਪਾਏ ਗੰਢਿ-ਇਕੱਠਾ ਕਰੇ। ਪੜੈ ਨ-ਨਹੀਂ ਪੈਂਦਾ। ਕੰਧੁ-ਸਰੀਰ। ੪। ਬੋਲੈ-ਦਸਦੇ ਹਨ। ਗੋਪੀ ਚੰਦੁ-ਜੋਗੀ ਦਾ ਨਾਮ ਹੈ। ਸਤਿ ਸਰੂਪ-ਸਦਾ ਕਾਇਮ ਰਹਿਣ ਵਾਲਾ ਸਰੂਪ। ਪਰਮ ਤੰਤ-ਪਰਮ ਤੱਤ, ਜਿਸ ਤੋਂ ਸਾਰੇ ਤੱਤ ਅਤੇ ਜਗਤ ਹੋਂਦ ਵਿਚ ਆਇਆ। ਰੇਖ-ਚਿੰਨ੍ਹ। ਰੂਪੁ-ਸ਼ਕਲ ਸੂਰਤ; ਅਕਾਰ। ੪। ਪਾਖੰਡੀ-ਨਾਸਤਕ (ਵਾਮ ਮਾਰਗੀਆਂ ਦਾ ਇਕ ਫਿਰਕਾ); ਸੱਚੇ ਧਰਮ ਦਾ ਤਿਆਗੀ (ਮ.ਕੋ.); ਪਾਪ ਖੰਡੀ ਦਾ ਸੰਖੇਪ ਪਾਖੰਡੀ (ਮ.ਕੋ.; ਟਕਸਾਲ); ਝੂਠਾ ਮੱਤ ਮੰਨਣ ਵਾਲਾ (ਮ.ਕੋ.)। ਕਾਇਆ-ਸਰੀਰ। ਪਖਾਲੇ-ਧੋਂਦਾ ਹੈ। ਪਰਜਾਲੇ-ਪਰਜ੍ਵਲਤ ਕਰਦਾ ਹੈ। ਬਿੰਦੁ-ਵੀਰਜ। ਨ ਦੇਈ ਝਰਣਾ-ਡਿਗਣ ਨਹੀਂ ਦੇਂਦਾ। ਜਰਾ-ਬੁਢੇਪਾ। ਮਰਣਾ-ਮੌਤ। ਚਰਪਟੁ-ਸਿੱਧ ਦਾ ਨਾਮ ਹੈ। ੫। ਬੈਰਾਗੀ-ਦੁਨੀਆਂ ਵੱਲੋਂ ਉਪਰਾਮ ਸਾਧੂ। ਉਲਟੇ-ਉਲਟਾ ਲਵੇ; ਮੋੜ ਲਵੇ। ਗਗਨ ਮੰਡਲ-ਦਸਮ ਦੁਆਰ; ਆਤਮ ਮੰਡਲ। ਮਹਿ-ਵਿਚ। ਰੋਪੈ-ਗੱਡਣਾ (ਕਾਇਮ ਕਰੇ)। ਥੰਮੁ-(ਅਟੱਲ; ਸਥਿਰ) ਪ੍ਰਭੂ ਰੂਪ ਥੰਮ। ਅਹਿ-ਦਿਨ। ਨਿਸਿ-ਰਾਤ। ਅੰਤਰਿ ਧਿਆਨਿ-ਧਿਆਨ ਦੇ ਅੰਦਰ। ਤੇ-ਉਹ। ਸਤ ਸਮਾਨਿ-ਪ੍ਰਭੂ ਵਰਗਾ। ਭਰਥਰਿ-ਭਰਥਰੀ ਨਾਮ ਦਾ ਸਿੱਧ। ੬।

ਮਃ ੧ ॥ ਕਿਉ ਮਰੈ ਮੰਦਾ, ਕਿਉ ਜੀਵੈ ਜੁਗਤਿ ॥ ਕੰਨ ਪੜਾਇ, ਕਿਆ ਖਾਜੈ ਭੁਗਤਿ ॥ ਆਸਤਿ ਨਾਸਤਿ, ਏਕੋ ਨਾਉ ॥ ਕਉਣੁ ਸੁ ਅਖਰੁ ,ਜਿਤੁ ਰਹੈ ਹਿਆਉ ॥ ਧੂਪ ਛਾਵ, ਜੇ ਸਮ ਕਰਿ ਸਹੈ ॥ ਤਾ ਨਾਨਕੁ ਆਖੈ, ਗੁਰੁ ਕੋ ਕਹੈ ॥ ਛਿਅ ਵਰਤਾਰੇ, ਵਰਤਹਿ ਪੂਤ ॥ ਨਾ ਸੰਸਾਰੀ, ਨਾ ਅਉਧੂਤ ॥ ਨਿਰੰਕਾਰਿ ਜੋ ਰਹੈ ਸਮਾਇ ॥ ਕਾਹੇ ਭੀਖਿਆ ਮੰਗਣਿ ਜਾਇ ॥੭॥ (ਜੋਗੀ ਦਾ ਨਿਸ਼ਾਨਾ ਇਹ ਹੋਣਾ ਚਾਹੀਦਾ ਹੈ ਕਿ) ਬੁਰਾਈ ਕਿਵੇਂ ਮਰੇ ਅਤੇ ਉਚਾ ਸੁੱਚਾ ਜੀਵਨ ਜਿਉਣ ਦੀ ਜੁਗਤੀ ਕਿਵੇਂ ਮਿਲੇ? (ਨਹੀਂ ਤਾਂ ਨਿਰੇ) ਕੰਨ ਪੜਵਾ ਕੇ ਮੰਗ ਕੇ ਭੋਜਨ ਖਾਣ ਦਾ ਕੀ ਲਾਭ? (ਕੋਈ ਆਤਮਕ ਲਾਭ ਨਹੀਂ)। ਉਹ ਅੱਖਰ ਕਿਹੜਾ ਹੈ? ਜਿਸ ਨਾਲ ਹਿਰਦਾ ਟਿਕਿਆ ਰਹੇ, (ਉਹ ਅੱਖਰ ਹੈ ਪ੍ਰਭੂ ਦਾ ਕੇਵਲ) ਇਕ ਨਾਮ ਹੈ, ਜੋ ਸੰਸਾਰ ਦੀ ਹੋਂਦ ਵੇਲੇ ਤੇ ਅਣਹੋਂਦ ਵੇਲੇ ਮੌਜੂਦ ਰਹਿੰਦਾ ਹੈ। ਜੇ

(ਕੋਈ ਜੋਗੀ) ਧੁੱਪ ਤੇ ਛਾਂ (ਦੁੱਖ ਤੇ ਸੁਖ) ਨੂੰ ਬਰਾਬਰ ਕਰਕੇ ਸਹਿੰਦਾ ਹੈ।ਨਾਨਕ ਆਖਦਾ ਹੈ ਕਿ ਤਾਂ (ਉਹ ਜੋਗੀ) ਗੁਰੂ ਨੂੰ ਕਹਿੰਦਾ (ਯਾਦ ਕਰਦਾ) ਹੈ; ਗੁਰੂ ਦੇ ਦਿੱਤੇ ਨਾਮ ਨੂੰ ਕਹਿੰਦਾ (ਜਪਦਾ) ਹੈ (ਗੁਰੂ ਜੀ ਅਸਲੀ ਜੋਗੀ ਬਣਨ ਦਾ ਉਪਦੇਸ਼ ਦੇ ਰਹੇ ਹਨ)।ਲੋਕ ਛੇ ਭੇਖਾਂ ਵਿਚ ਚੇਲੇ ਬਣ ਕੇ ਵਰਤਦੇ ਹਨ (ਨਿਰੇ ਭੇਖਾਂ ਵਿਚ ਰਹਿੰਦੇ ਹਨ।ਪਰ ਉਹ) ਨਾ ਚੰਗੇ ਗ੍ਰਿਹਸਤੀ ਹੁੰਦੇ ਹਨ ਤੇ ਨਾ ਹੀ ਸੱਚੇ ਤਿਆਗੀ ਹੁੰਦੇ ਹਨ।ਜੋ ਮਨੁੱਖ ਨਿਰੰਕਾਰ ਵਿਚ ਲੀਨ ਰਹਿੰਦਾ ਹੈ।(ਉਹ) ਭਿਖਿਆ ਮੰਗਣ ਵਾਸਤੇ ਕਿਉਂ ਜਾਏਗਾ? (ਉਹ ਘਰ ਵਿਚ ਰਹਿ ਕੇ ਕਮਾਈ ਕਰਦਾ ਹੈ ਅਤੇ ਨਿਰੰਕਾਰ ਦੇ ਦਰ ਦਾ ਮੰਗਤਾ ਬਣਦਾ ਹੈ)।੨।

ਨੋਟ = ਸੰ.ਸ.; ਫ.ਸ.; ਗੁ.ਗ੍ਰੰ.ਕੋਸ਼ ਨੇ ਇਸ ਸਲੋਕ ਦੇ ਅਰਥ ਸਿੱਧਾਂ ਦੇ ਪ੍ਰਸ਼ਨਾਂ ਦੇ ਗੁਰੂ ਜੀ ਵੱਲੋਂ ਉਤਰ ਦੇ ਰੂਪ ਵਿਚ ਕੀਤੇ ਹਨ।

ਪਦਾਰਥ = ਕਿਉ-ਕਿਵੇਂ।ਮਰੇ-ਖਤਮ ਹੋਵੇ।ਮੰਦਾ-ਬੁਰਾਈ; ਮੰਦਾ ਸੁਭਾਵ।ਜੀਵੈ-ਜੀਵਨ ਜਿਉਣ ਦੀ।ਜੁਗਤਿ-ਤਰੀਕਾ।ਪੜਾਇ-ਪੜਵਾ ਕੇ।ਕਿਆ ਖਾਜੈ-ਖਾਣ ਦਾ ਕੀ (ਲਾਭ)।ਭੁਗਤਿ-ਭੋਜਨ।ਆਸਤਿ-ਹੋਂਦ।ਨਾਸਤਿ-ਅਣ ਹੋਂਦ; ਨਹੀਂ ਹੈ।ਸੁ ਅਖਰੁ-ਉਹ ਸ਼ਬਦ।ਕਉਣੁ-ਕਿਹੜਾ।ਹਿਆਉ-ਹਿਰਦਾ।ਧੁਪ-ਧੁੱਪ (ਦੁੱਖ)।ਛਾਵ-ਛਾਂ (ਸੁਖ)।ਸਮ ਕਰਿ-ਬਰਾਬਰ ਕਰਕੇ; ਇਕੋ ਜਿਹੇ।ਸਹੈ-ਸਹਾਰਦਾ ਹੈ।ਗੁਰ ਕੋ ਕਹੈ-ਗੁਰੂ ਨੂੰ ਕਹਿੰਦਾ (ਯਾਦ ਕਰਦਾ) ਹੈ।ਛਿਅ ਵਰਤਾਰੇ-ਛੇ ਭੇਖਾਂ ਵਿਚ (ਇਨ੍ਹਾਂ ਭੇਖਾਂ ਦਾ ਜਿਕਰ ਉਪਰ ਲਿਖੇ ਸਲੋਕਾਂ ਵਿਚ ਹੈ)।ਪੂਤ-ਚੇਲੇ। ਅਉਧੂਤ-ਤਿਆਗੀ।ਰਹੈ ਸਮਾਇ-ਲੀਨ ਰਹਿੰਦਾ ਹੈ।ਕਾਹੇ-ਕਿਉਂ।੨।

ਨੋਟ = ਗੁਰੂ ਜੀ ਉਪਰ ਉਚਾਰੇ ਸਲੋਕਾਂ ਵਿਚ ਇਨ੍ਹਾਂ ਛੇ ਭੇਖਾਂ ਦਾ ਜਿਕਰ ਕਰਦੇ ਹਨ = ੧ ਗਿਰਹੀ, ੨ ਵਿਰੱਕਤ, ੩. ਉਦਾਸੀ, ੪ ਪਾਖੰਡੀ, ੫ ਬੈਰਾਗੀ, ੬ ਕੰਨ ਪਾਟਾ ਜੋਗੀ।

ਪਉੜੀ ॥ ਹਰਿ ਮੰਦਰੁ ਸੋਈ ਆਖੀਐ, ਜਿਥਹੁ ਹਰਿ ਜਾਤਾ ॥ ਮਾਨਸ ਦੇਹ ਗੁਰ ਬਚਨੀ ਪਾਇਆ, ਸਭੁ ਆਤਮ ਰਾਮੁ ਪਛਾਤਾ ॥ ਬਾਹਰਿ ਮੂਲਿ ਨ ਖੋਜੀਐ, ਘਰ ਮਾਹਿ ਬਿਧਾਤਾ ॥ ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ, ਤਿਨੀ ਜਨਮੁ ਗਵਾਤਾ ॥ ਸਭ ਮਹਿ ਇਕੁ ਵਰਤਦਾ, ਗੁਰ ਸਬਦੀ ਪਾਇਆ ਜਾਈ ॥੧੨॥ (ਹੇ ਭਾਈ!) ਹਰੀ ਦਾ ਮੰਦਰ ਉਹ ਹੀ ਆਖੀਦਾ ਹੈ, ਜਿਥੋਂ ਹਰੀ ਨੂੰ ਜਾਣਿਆ ਜਾਂਦਾ ਹੈ।(ਗੁਰਮੁਖਾਂ ਨੇ) ਗੁਰੂ ਦੇ ਬਚਨਾਂ (ਉਪਦੇਸ਼) ਦੁਆਰਾ ਮਨੁੱਖਾ ਦੇਹ ਵਿਚੋਂ ਹਰੀ ਨੂੰ ਪਾਇਆ ਹੈ ਤੇ ਸਭ ਜਗ੍ਹਾ ਵਿਆਪਕ ਪ੍ਰਭੂ ਨੂੰ ਪਛਾਣਿਆ ਹੈ।(ਪ੍ਰਭੂ ਨੂੰ) ਸਰੀਰ ਤੋਂ ਬਾਹਰ ਬਿਲਕੁਲ ਨਹੀਂ ਖੋਜਣਾ ਚਾਹੀਦਾ, (ਕਿਉਂਕਿ) ਸਿਰਜਨਹਾਰ ਪ੍ਰਭੂ ਮਨੁੱਖੀ ਹਿਰਦੇ ਵਿਚ ਹੀ ਮੌਜੂਦ ਹੈ।ਮਨਮੁਖ ਹਰੀ ਦੇ (ਸਰੀਰ ਰੂਪ) ਮੰਦਰ ਦੀ ਸਾਰ ਨਹੀਂ ਜਾਣਦੇ, (ਇਸ ਕਰਕੇ ਉਨ੍ਹਾਂ ਨੇ ਅਪਣਾ ਮਨੁੱਖਾ) ਜਨਮ ਬਿਅਰਥ ਗਵਾ ਲਿਆ ਹੈ।ਸਾਰੇ ਜੀਵਾਂ ਵਿਚ ਇਕ ਪ੍ਰਭੂ ਵਰਤ (ਵਸ) ਰਿਹਾ ਹੈ, (ਪਰ ਉਹ) ਗੁਰੂ ਦੇ ਸ਼ਬਦ ਦੁਆਰਾ ਪਾਇਆ ਜਾਂਦਾ ਹੈ।ਵਾਹੁ ਵਾਹੁ ਸਚੇ ਪਾਤਸਾਹ ਤੂ ਸਚੀ ਨਾਈ। ੧੨।

ਪਦਾਰਥ = ਹਰਿ ਮੰਦਰੁ-ਹਰੀ ਦਾ ਮਹਿਲ (ਨਿਵਾਸ ਅਸਥਾਨ)।ਸੋਈ-ਉਹ ਹੀ।ਜਿਥਹੁ-ਜਿਥੋਂ।ਜਾਤਾ-ਜਾਣਿਆ ਜਾਂਦਾ ਹੈ।ਮਾਨਸ ਦੇਹ-ਮਨੁੱਖਾ ਸਰੀਰ।ਗੁਰ ਬਚਨੀ-ਗੁਰੂ ਦੇ ਉਪਦੇਸ਼ ਨੂੰ ਹਿਰਦੇ ਵਿਚ ਵਸਾ ਕੇ।ਸਭੁ ਆਤਮ ਰਾਮੁ-ਸਰਬ ਵਿਆਪਕ ਪ੍ਰਭੂ; ਸਾਰੇ ਜੀਵਾਂ ਦੀ ਆਤਮਾ ਵਿਚ ਵਸਣ ਵਾਲਾ ਵਾਹਿਗੁਰੂ।ਪਛਾਤਾ-ਪਛਾਣਿਆ।ਮੂਲਿ-ਬਿਲਕੁਲ; ਉੱਕਾ ਹੀ।ਘਰ ਮਾਹਿ-ਸਰੀਰ ਘਰ ਵਿਚ ਹੀ।ਬਿਧਾਤਾ-ਸਿਰਜਨਹਾਰ ਪ੍ਰਭੂ।ਸਾਰ-ਕਦਰ।ਤਿਨੀ-ਉਨ੍ਹਾਂ ਨੇ।ਗਵਾਤਾ-ਗਵਾ ਲਿਆ।ਸਭ ਮਹਿ-ਸਾਰੇ ਜੀਵਾਂ ਵਿਚ।ਇਕੁ-ਇਕ ਪ੍ਰਭੂ।ਵਰਤਦਾ-ਵਰਤ (ਵਸ) ਰਿਹਾ ਹੈ।ਗੁਰ ਸਬਦੀ-ਗੁਰੂ ਦੇ ਸ਼ਬਦ ਵਿਚ ਜੁੜ ਕੇ।੧੨।

ਸਲੋਕ ਮਃ ੩ ॥ ਮੂਰਖੁ ਹੋਵੈ ਸੋ ਸੁਣੈ, ਮੂਰਖ ਕਾ ਕਹਣਾ ॥ ਮੂਰਖ ਕੇ ਕਿਆ ਲਖਣ ਹੈ, ਕਿਆ ਮੂਰਖ ਕਾ ਕਰਣਾ ॥ ਮੂਰਖੁ ਓਹੁ ਜਿ ਮੁਗਧੁ ਹੈ, ਅਹੰਕਾਰੇ ਮਰਣਾ ॥ ਏਤੁ ਕਮਾਣੈ ਸਦਾ ਦੁਖੁ ,ਦੁਖ ਹੀ ਮਹਿ ਰਹਣਾ ॥ ਅਤਿ ਪਿਆਰਾ ਪਵੈ ਖੂਹਿ, ਕਿਹੁ ਸੰਜਮੁ ਕਰਣਾ ॥ ਗੁਰਮੁਖਿ ਹੋਇ ਸੁ ਕਰੇ ਵੀਚਾਰੁ ,ਓਸੁ ਅਲਿਪਤੋ ਰਹਣਾ ॥ ਹਰਿ ਨਾਮੁ ਜਪੈ ਆਪਿ ਉਧਰੈ, ਓਸੁ ਪਿਛੈ ਡੁਬਦੇ ਭੀ ਤਰਣਾ ॥ ਨਾਨਕ ਜੋ ਤਿਸੁ ਭਾਵੈ ਸੋ ਕਰੇ, ਜੋ ਦੇਇ ਸੁ ਸਹਣਾ ॥੧॥ (ਹੇ ਭਾਈ! ਜੋ ਮਨੁੱਖ ਆਪ) ਮੂਰਖ ਹੁੰਦਾ ਹੈ, ਉਹ ਮੂਰਖ ਦਾ ਕਹਿਣਾ (ਬਚਨ) ਸੁਣਦਾ ਹੈ।(ਪ੍ਰਸ਼ਨ) ਮੂਰਖ ਦੇ ਕੀ ਲੱਛਣ ਹਨ ਅਤੇ ਮੂਰਖ ਦਾ ਕਰਮ ਕੀ ਹੈ? (ਉਤਰ) ਮੂਰਖ ਉਹ ਹੈ, ਜਿਹੜਾ ਅਗਿਆਨੀ ਹੈ ਅਤੇ ਜੋ ਹੰਕਾਰ ਵਿਚ ਹੀ ਮਰਦਾ ਹੈ।ਇਸ ਤਰ੍ਹਾਂ ਦੇ (ਮੂਰਖਾਂ ਵਾਲੇ) ਕੰਮ ਕਰਨ ਨਾਲ ਸਦਾ ਦੁਖ ਹੀ ਮਿਲਦਾ ਹੈ ਅਤੇ ਦੁਖ ਵਿਚ ਹੀ ਰਹਿਣਾ ਪੈਂਦਾ ਹੈ।(ਪ੍ਰਸ਼ਨ) ਜੇ ਬਹੁਤ ਪਿਆਰਾ ਮਿਤ੍ਰ ਖੂਹ ਵਿਚ ਡਿਗ ਪਵੇ (ਬੁਰੇ ਕੰਮਾਂ ਵਿਚ ਪੈ ਜਾਵੇ, ਤਾਂ ਉਸ ਨੂੰ ਖੂਹ ਵਿਚੋਂ ਕੱਢਣ ਲਈ) ਕੁਛ ਜਤਨ ਤਾਂ ਕਰਨਾ ਹੀ ਚਾਹੀਦਾ ਹੈ।(ਉਤਰ) ਜੋ ਗੁਰਮੁਖ ਹੁੰਦਾ ਹੈ, ਉਹ ਵਿਚਾਰ ਕਰਦਾ ਹੈ (ਅਤੇ ਬੁਰੇ ਕੰਮਾਂ ਵਿਚ ਫਸੇ ਮਿਤ੍ਰ ਨੂੰ ਸਮਝਾਉਂਦਾ ਹੈ, ਜੇ ਉਹ ਮਿਤ੍ਰ ਨਾ ਸਮਝੇ, ਤਾਂ) ਉਸ (ਬੁਰੇ ਮਿਤ੍ਰ) ਤੋਂ ਅਲੱਗ ਰਹਿੰਦਾ ਹੈ

(ਆਪ ਬੁਰਾਈ ਵਿਚ ਨਹੀਂ ਫਸਦਾ। ਗੁਰਮੁਖ ਪਰੇ ਹੋ ਕੇ) ਹਰੀ ਦਾ ਨਾਮ ਜਪਦਾ ਹੈ, (ਨਾਮ ਜਪ ਕੇ ਉਹ ਭਵਜਲ ਤੋਂ) ਆਪ ਵੀ ਤਰ ਜਾਂਦਾ ਹੈ ਅਤੇ ਉਸ ਦੇ ਪਿਛ ਲਗ ਕੇ ਡੁਬਣ ਵਾਲਾ (ਸੰਗੀ) ਵੀ ਤਰ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜੋ ਉਸ ਪ੍ਰਭੂ ਨੂੰ ਚੰਗਾ ਲਗਦਾ ਹੈ, ਉਹ (ਉਹ ਹੀ) ਕਰਦਾ ਹੈ, ਜੋ (ਦੁਖ ਸੁਖ) ਦੇਂਦਾ ਹੈ, ਉਹ ਸਹਾਰਨਾ ਚਾਹੀਦਾ ਹੈ।੧।

ਪਦਾਰਥ = ਸੋ–ਉਹ। ਕਹਣਾ–ਬਚਨ। ਲਖਣ–ਚਿੰਨ੍ਹ; ਨਿਸ਼ਾਨੀਆਂ। ਕਰਣਾ–ਕਰਮ। ਜਿ–ਜਿਹੜਾ। ਮੁਗਧੁ–(ਬੁਰੇ ਕੰਮਾਂ ਦਾ) ਮੋਹਿਆ ਹੋਇਆ ਬੇਸਮਝ ਮਨੁੱਖ। ਏਤੁ ਕਮਾਣੈ–ਇਸ ਤਰ੍ਹਾਂ ਦੇ ਕੰਮ ਕਰਨ ਨਾਲ। ਮਹਿ–ਵਿਚ। ਅਤਿ–ਬਹੁਤ। ਪਵੈ ਖੂਹਿ–ਬੁਰੇ ਕੰਮਾਂ ਦੇ ਖੂਹ ਵਿਚ ਡਿਗ ਪਵੇ। ਕਿਹੁ–ਕੁਛ। ਸੰਜਮੁ–ਜਤਨ। ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ। ਸੁ–ਉਹ। ਅਲਿਪਤੋ–ਅਲੱਗ; ਵੱਖਰਾ। ਉਧਰੈ–ਬਚ ਜਾਂਦਾ ਹੈ। ਡੁਬਦੇ–ਡੁੱਬਣ ਵਾਲਾ ਮਨੁੱਖ। ਭਾਵੈ–ਚੰਗਾ ਲਗਦਾ ਹੈ। ਦੇਇ–ਦੇਂਦਾ ਹੈ। ਸਹਣਾ–ਸਹਾਰਨਾ ਚਾਹੀਦਾ ਹੈ।੧।

ਸਾਰੰਸ਼ = ਹੰਕਾਰ ਕਰਨਾ ਮੂਰਖਤਾ ਦੀ ਨਿਸ਼ਾਨੀ ਹੈ, ਕਿਉਂਕਿ ਇਹ ਤਾਂ ਮਨੁੱਖ ਨੂੰ ਪਾਪ ਦੇ ਖੂਹ ਵਿਚ ਜਾ ਸੁੱਟਦਾ ਹੈ। ਸਿਆਣਪ ਇਸੇ ਵਿਚ ਹੈ ਕਿ ਹੋਰਨਾਂ ਨੂੰ ਦੇਖ ਕੇ ਅਪਣੇ ਆਪ ਨੂੰ ਖੂਹ ਵਿਚ ਨਾ ਸੁੱਟੀਏ, ਸੱਗੋਂ ਗੁਰੂ ਦੀ ਸਿੱਖਿਆ ਅਨੁਸਾਰ ਵਿਚਾਰ ਦਾ ਲੜ ਪਕੜ ਕੇ ਬਚੇ ਰਹੀਏ ਅਤੇ ਹਰੀ ਦਾ ਨਾਮ ਜਪੀਏ। ਸਾਨੂੰ ਦੇਖ ਕੇ ਖੂਹ ਵਿਚ ਡਿੱਗੇ ਹੋਏ ਮਨੁੱਖ ਵੀ ਬਾਹਰ ਨਿਕਲ ਆਉਣਗੇ। ਇਹ ਯਾਦ ਰਖਣਾ ਚਾਹੀਦਾ ਹੈ ਕਿ ਸਾਡੇ ਕਰਮਾਂ ਦਾ ਲੇਖਾ ਹੋਣਾ ਹੈ ਅਤੇ ਅੰਤ ਨਿਬੇੜਾ ਸੱਚ ਤੇ ਹੋਣਾ ਹੈ। (ਸ਼ਬਦਾਰਥ)

ਮਃ ੧ ॥ ਨਾਨਕੁ ਆਖੈ ਰੇ ਮਨਾ, ਸੁਣੀਐ ਸਿਖ ਸਹੀ ॥ ਲੇਖਾ ਰਬੁ ਮੰਗੇਸੀਆ, ਬੈਠਾ ਕਢਿ ਵਹੀ ॥ ਤਲਬਾ ਪਉਸਨਿ ਆਕੀਆ, ਬਾਕੀ ਜਿਨਾ ਰਹੀ ॥ ਅਜਰਾਈਲੁ ਫਰੇਸਤਾ, ਹੋਸੀ ਆਇ ਤਈ ॥ ਆਵਣੁ ਜਾਣੁ ਨ ਸੁਝਈ, ਭੀੜੀ ਗਲੀ ਫਹੀ ॥ ਕੂੜ ਨਿਖੁਟੇ ਨਾਨਕਾ, ਓੜਕਿ ਸਚਿ ਰਹੀ ॥੨॥ ਸਤਿਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਹੇ ਮਨਾ (ਪਿਆਰਿਆ)! ਤੂੰ ਸੱਚੀ ਸਿੱਖਿਆ ਸੁਣ। ਰੱਬ (ਤੇਰੇ ਪਾਸੋਂ ਕੀਤੇ ਕਰਮਾਂ ਦਾ) ਲੇਖਾ ਮੰਗੇਗਾ, (ਉਹ ਹਿਸਾਬ ਕਿਤਾਬ ਵਾਲੀ) ਵਹੀ ਕੱਢ ਕੇ ਬੈਠਾ ਹੋਇਆ ਹੈ। ਜਿਨ੍ਹਾਂ ਬਾਗੀ ਮਨਮੁੱਖਾਂ ਦੇ ਵੱਲ ਪਾਪ ਕਰਮਾਂ ਦੀ ਬਾਕੀ ਰਹੀ ਹੋਈ ਹੈ, (ਜਿਨ੍ਹਾਂ ਦੇ ਪਾਪ ਮਿਟੇ ਨਹੀਂ, ਉਨ੍ਹਾਂ ਨੂੰ ਰੱਬ ਦੀ ਦਰਗਾਹ ਵਿਚੋਂ) ਆਵਾਜਾਂ ਪੈਣਗੀਆਂ। ਮੌਤ ਦਾ ਦੇਵਤਾ ਅਜਰਾਈਲ (ਮਾਰਨ ਦੇ ਲਈ ਉਨ੍ਹਾਂ ਦੇ ਸਿਰ ਤੇ) ਆ ਤਈਨਾਤ ਹੋਵੇਗਾ। (ਉਸ ਵੇਲੇ) ਭੀੜੀ ਗਲੀ ਵਿਚ ਫਸੀ ਹੋਈ ਜਿੰਦ ਨੂੰ ਆਉਣਾ ਜਾਣਾ ਨਹੀ ਸੁੱਝੇਗਾ (ਘਬਰਾਈ ਹੋਈ ਜਿੰਦ ਨੂੰ ਬਚਾਉ ਦਾ ਰਸਤਾ ਨਹੀਂ ਸੁੱਝੇਗਾ)। ਨਾਨਕ ਗੁਰੂ ਜੀ ਆਖਦੇ ਹਨ ਕਿ ਕੂੜ ਮੁੱਕ ਜਾਂਦਾ ਹੈ ਅਤੇ ਅੰਤ ਨੂੰ ਸੱਚ ਨੇ ਹੀ ਰਹਿਣਾ ਹੈ।੨।

ਪਉੜੀ ॥ ਹਰਿ ਕਾ ਸਭੁ ਸਰੀਰੁ ਹੈ, ਹਰਿ ਰਵਿ ਰਹਿਆ ਸਭੁ ਆਪੈ ॥ ਹਰਿ ਕੀ ਕੀਮਤਿ ਨ ਪਵੈ, ਕਿਛੁ ਕਹਣੁ ਨ ਜਾਪੈ ॥ ਗੁਰ ਪਰਸਾਦੀ ਸਾਲਾਹੀਐ, ਹਰਿ ਭਗਤੀ ਰਾਪੈ ॥ ਸਭੁ ਮਨੁ ਤਨੁ ਹਰਿਆ ਹੋਇਆ, ਅਹੰਕਾਰੁ ਗਵਾਪੈ ॥ ਸਭੁ ਕਿਛੁ ਹਰਿ ਕਾ ਖੇਲੁ ਹੈ, ਗੁਰਮੁਖਿ ਕਿਸੈ ਬੁਝਾਈ ॥੧੩॥ (ਇਹ) ਸਾਰਾ ਸੰਸਾਰ ਹਰੀ ਦਾ ਸਰੀਰ ਹੈ, ਹਰੀ ਆਪ ਹੀ ਸਭ ਜਗ੍ਹਾ ਵਿਆਪਕ ਹੋ ਰਿਹਾ ਹੈ। ਹਰੀ ਦੀ ਕੀਮਤ ਨਹੀਂ ਪੈ ਸਕਦੀ, ਨਾ ਹੀ ਕੁਛ ਕਹਿਣ ਨੂੰ ਜਾਪਦਾ ਹੈ। ਗੁਰੂ ਦੀ ਕ੍ਰਿਪਾ ਨਾਲ ਹਰੀ ਨੂੰ ਸਲਾਹੁਣਾ ਚਾਹੀਦਾ ਹੈ, (ਜਿਸ ਦੇ ਫਲ ਸਰੂਪ ਮਨੁੱਖ) ਹਰੀ ਦੀ ਭਗਤੀ ਵਿਚ ਰੰਗਿਆ ਜਾਂਦਾ ਹੈ। (ਭਗਤੀ ਵਿਚ ਰੰਗੇ ਮਨੁੱਖ ਦਾ) ਸਾਰਾ ਤਨ ਮਨ ਹਰ ਭਰਾ ਹੋਇਆ ਹੈ ਅਤੇ (ਉਸ ਨੇ) ਹੰਕਾਰ ਗਵਾ ਦਿਤਾ ਹੈ। (ਪ੍ਰਭੂ ਭਾਗਾਂ ਵਾਲੇ) ਕਿਸੇ ਮਨੁੱਖ ਨੂੰ ਗੁਰੂ ਦੁਆਰਾ ਸਮਝਾਉਂਦਾ ਹੈ ਕਿ ਇਹ ਸਾਰਾ ਕੁਛ ਹਰੀ ਦਾ ਖੇਲ ਹੈ। ਵਾਹੁ ਵਾਹੁ ਸਚੇ ਪਾਤਸਾਹ ਤੂ ਸਚੀ ਨਾਈ।੧੩।

ਪਦਾਰਥ = ਰੇ ਮਨਾ–ਹੇ ਮਨ!। ਸਿਖ–ਸਿੱਖਿਆ। ਸਹੀ–ਸੱਚੀ। ਮੰਗੇਸੀਆ–ਮੰਗੇਗਾ। ਵਹੀ–ਕਰਮਾਂ ਦੇ ਹਿਸਾਬ ਦੀ ਕਿਤਾਬ। ਤਲਬਾ –ਸੱਦੇ। ਪਉਸਨਿ–ਪੈਣਗੇ। ਆਕੀਆ–ਬਾਗੀ; ਰੱਬ ਤੋਂ ਬੇਮੁਖ। ਬਾਕੀ–ਪਾਪ ਕਰਮਾਂ ਦੇ ਲੇਖੇ ਦਾ ਬਕਾਇਆ। ਅਜਰਾਈਲੁ ਫਰੇਸਤਾ– ਮੌਤ ਦਾ ਦੇਵਤਾ (ਜਮਰਾਜ)। ਹੋਸੀ–ਹੋਵੇਗਾ। ਤਈ–ਤਈਨਾਤ (ਮੁਕੱਰਰ)। ਨ ਸੁਝਈ–ਸੁੱਝੇਗਾ ਨਹੀਂ। ਭੀੜੀ ਗਲੀ–ਤੰਗ ਗਲੀ। ਫਹੀ–ਫਸੀ ਹੋਈ। ਕੂੜ–ਝੂਠ। ਨਿਖੁਟੇ–ਮੁੱਕ ਜਾਂਦਾ ਹੈ। ਓੜਕਿ–ਅੰਤ ਨੂੰ। ਸਚਿ ਰਹੀ–ਸੱਚ ਨੇ ਹੀ ਰਹਿਣਾ ਹੈ।੨। ਪਉੜੀ। ਰਵਿ ਰਹਿਆ–ਵਿਆਪਕ ਹੋ ਰਿਹਾ ਹੈ। ਆਪੈ–ਆਪ ਹੀ। ਨ ਜਾਪੈ–ਪ੍ਰਤੀਤ ਨਹੀਂ ਹੁੰਦਾ। ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ। ਰਾਪੈ– ਰੰਗਿਆ ਜਾਂਦਾ ਹੈ। ਤਨੁ–ਸਰੀਰ। ਹਰਿਆ ਹੋਇਆ–ਖਿੜ ਗਿਆ ਹੈ। ਗਵਾਪੈ–ਦੂਰ ਕਰ ਦਿਤਾ। ਕਿਸੈ–ਕਿਸੇ ਵਿਰਲੇ ਨੂੰ।੧੩।

ਸਲੋਕੁ ਮਃ ੧ ॥ ਸਹੰਸਰ ਦਾਨ ਦੇ, ਇੰਦ੍ਰੁ ਰੋਆਇਆ ॥ ਪਰਸ ਰਾਮੁ ਰੋਵੈ, ਘਰਿ ਆਇਆ ॥ ਅਜੈ ਸੁ ਰੋਵੈ, ਭੀਖਿਆ ਖਾਇ ॥ ਅਸੀ ਦਰਗਹ ਮਿਲੈ ਸਜਾਇ ॥ ਰੋਵੈ ਰਾਮੁ ,ਨਿਕਾਲਾ ਭਇਆ ॥ ਸੀਤਾ ਲਖਮਣੁ ਵਿਛੁੜਿ ਗਇਆ ॥ (ਗੋਤਮ ਰਿਖੀ ਨੇ) ਹਜਾਰਾਂ ਭਗਾਂ ਹੋ ਜਾਣ ਦਾ ਡੰਨ (ਸਰਾਪ) ਦੇ ਕੇ ਇੰਦ੍ਰ ਨੂੰ ਵੀ ਰੁਆਇਆ ਸੀ। ਪਰਸ ਰਾਮ (ਸਹੰਸਰ ਬਾਹੂ ਦੇ ਹੱਥੋਂ ਅਪਣੇ ਪਿਤਾ ਦੀ ਮੌਤ

ਹੋਣ ਤੇ; ਰਾਮ ਚੰਦ੍ਰ ਤੋਂ ਅਪਣਾ ਬਲ ਖੁਹਾ ਕੇ) ਘਰ ਆ ਕੇ ਰੋਇਆ (ਦੁਖੀ ਹੋਇਆ। ਰਾਮ ਚੰਦ੍ਰ ਜੀ ਦਾ ਦਾਦਾ) ਰਾਜਾ ਅੱਜ (ਅਪਣੀ ਰਾਣੀ ਇੰਦ ਮਤੀ ਦੀ ਮੌਤ ਹੋਣ ਤੇ ਵਿਯੋਗ ਵਿਚ ਰਾਜ ਤਿਆਗ ਕੇ) ਭਿੱਖਿਆ ਖਾ ਕੇ ਰੋਇਆ; ਅੱਜ ਰਾਜੇ ਨੇ (ਇਕ ਸਾਧੂ ਨੂੰ ਭਿੱਖਿਆ ਵਿਚ ਲਿੱਦ ਦਿਤੀ ਸੀ, ਪਿੱਛੋਂ ਆਪ ਲਿੱਦ ਦੀ) ਉਹ ਭਿੱਖਿਆ ਖਾ ਕੇ ਰੋਇਆ। (ਹੇ ਭਾਈ!) ਪ੍ਰਭੂ ਦੀ ਦਰਗਾਹ ਵਿਚ (ਕੀਤੇ ਕਰਮਾਂ ਦੀ) ਇਹੋ ਜਿਹੀ ਸਜਾ ਮਿਲਦੀ ਹੈ (ਜਿਸ ਕਰਕੇ ਮਨੁੱਖ ਨੂੰ ਦੁਖੀ ਹੋਣਾ ਪੈਂਦਾ ਹੈ। ਤ੍ਰੇਤੇ ਜੁਗ ਦੇ ਅਵਤਾਰੀ ਪੁਰਖ) ਰਾਮ ਚੰਦ੍ਰ ਜੀ ਰੋਏ (ਕਿਉਂਕਿ ਉਨ੍ਹਾਂ ਨੂੰ ਅਯੁਧਿਆ ਤੋਂ) ਦੇਸ਼ ਨਿਕਾਲਾ (ਬਨਵਾਸ) ਹੋਇਆ, ਸੀਤਾ (ਨੂੰ ਰਾਵਣ ਲੈ ਗਿਆ) ਤੇ ਲਛਮਣ (ਜਖਮੀ ਹਾਲਤ ਵਿਚ ਬੇਹੋਸ਼ ਹੋ ਕੇ) ਵਿਛੜ ਗਿਆ ਸੀ।

ਅੰਗ ੯੫੪ = ਰੋਵੈ ਦਹਸਿਰੁ ,ਲੰਕ ਗਵਾਇ ॥ ਜਿਨਿ ਸੀਤਾ ਆਦੀ, ਡਉਰੂ ਵਾਇ ॥ ਰੋਵਹਿ ਪਾਂਡਵ, ਭਏ ਮਜੂਰ ॥ ਜਿਨ ਕੈ ਸੁਆਮੀ, ਰਹਤ ਹਦੂਰਿ ॥ ਰੋਵੈ ਜਨਮੇਜਾ, ਖੁਇ ਗਇਆ ॥ ਏਕੀ ਕਾਰਣਿ, ਪਾਪੀ ਭਇਆ ॥ ਰੋਵਹਿ ਸੇਖ ਮਸਾਇਕ ਪੀਰ ॥ ਅੰਤਿ ਕਾਲਿ, ਮਤੁ ਲਾਗੈ ਭੀੜ ॥ ਰੋਵਹਿ ਰਾਜੇ, ਕੰਨ ਪੜਾਇ ॥ ਘਰਿ ਘਰਿ ਮਾਗਹਿ, ਭੀਖਿਆ ਜਾਇ ॥ ਰੋਵਹਿ ਕਿਰਪਨ, ਸੰਚਹਿ ਧਨੁ ਜਾਇ ॥ ਪੰਡਿਤ ਰੋਵਹਿ, ਗਿਆਨੁ ਗਵਾਇ ॥ ਬਾਲੀ ਰੋਵੈ, ਨਾਹਿ ਭਤਾਰੁ ॥ ਨਾਨਕ ਦੁਖੀਆ ਸਭੁ ਸੰਸਾਰੁ ॥ ਮੰਨੇ ਨਾਉ , ਸੋਈ ਜਿਣਿ ਜਾਇ ॥ ਅਉਰੀ ਕਰਮ, ਨ ਲੇਖੈ ਲਾਇ ॥੧॥ ਦਸਾਂ ਸਿਰਾਂ ਵਾਲਾ ਰਾਵਣ ਅਪਣੀ ਲੰਕਾ ਗਵਾ ਕੇ ਰੋਇਆ। ਜਿਸ ਨੇ ਡਉਰੂ ਵਜਾ ਕੇ (ਸਾਧੂ ਦੇ ਵੇਸ ਵਿਚ ਛਲ ਨਾਲ) ਸੀਤਾ ਲਿਆਂਦੀ ਸੀ। ਪੰਜੇ ਪਾਂਡਵ, ਜਿਨ੍ਹਾਂ ਦੇ ਪਾਸ ਸੁਆਮੀ ਕ੍ਰਿਸ਼ਨ ਜੀ ਰਹਿੰਦੇ ਸਨ, (ਉਹ ਵੀ) ਰੋਏ, (ਜਦੋਂ ਉਹ ਜੂਏ ਵਿਚ ਸਭ ਕੁਛ ਹਾਰ ਗਏ ਅਤੇ ਵਿਰਾਟ ਰਾਜੇ ਦੇ) ਮਜਦੂਰ ਬਣੇ। ਰਾਜਾ ਜਨਮੇਜਾ ਵੀ ਰੋਇਆ, (ਜਦੋਂ ਉਹ ਅਪਣੇ ਗੁਰੂ ਬਿਆਸ ਦੀ ਦਿਤੀ ਸਿੱਖਿਆ ਨੂੰ) ਭੁੱਲ ਗਿਆ ਸੀ। (ਅਪਣੀ ਰਾਣੀ ਕਰਕੇ ੧੮ ਤਰ੍ਹਾਂ ਦੇ ਬ੍ਰਾਹਮਣਾਂ ਦੀ ਹੱਤਿਆ ਕਰਨ ਵਾਲੀ) ਇਕ ਗਲਤੀ ਦੇ ਕਾਰਣ ਪਾਪੀ ਹੋ ਗਿਆ। ਸ਼ੇਖ ਮਸਾਇਕ ਤੇ ਪੀਰ ਵੀ ਰੋਂਦੇ ਹਨ। ਅੰਤ ਦੇ ਸਮੇਂ ਮਤਾਂ ਕੋਈ ਬਿਪਤਾ (ਸਾਨੂੰ) ਆ ਲੱਗੇ। (ਭਰਥਰੀ ਤੇ ਗੋਪੀ ਚੰਦ ਵਰਗੇ) ਰਾਜੇ ਕੰਨ ਪੜਵਾ ਕੇ ਰੋਂਦੇ ਹਨ। (ਉਹ ਰਾਜੇ ਜੋਗੀ ਬਣ ਕੇ) ਘਰ ਘਰ ਜਾ ਕੇ ਭਿੱਖਿਆ ਮੰਗਦੇ ਹਨ। ਕੰਜੂਸ ਬੰਦੇ ਧਨ ਇਕੱਠਾ ਕਰਦੇ ਹਨ, (ਜੇ ਧਨ) ਚਲਾ ਜਾਵੇ, ਤਾਂ ਰੋਂਦੇ ਹਨ। ਪੰਡਤ ਗਿਆਨ ਗਵਾ ਕੇ ਰੋਂਦੇ ਹਨ (ਜਦੋਂ ਉਹ ਚਰਚਾ ਕਰਦੇ ਹਾਰ ਜਾਂਦੇ ਹਨ)। ਜਵਾਨ ਲੜਕੀ ਰੋਂਦੀ ਹੈ, (ਜਦ ਉਸ ਦੇ ਸਿਰ ਤੇ) ਪਤੀ ਨਹੀਂ ਰਹਿੰਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਸਾਰਾ ਸੰਸਾਰ ਦੁਖੀ ਹੈ। (ਜੋ ਮਨੁੱਖ) ਪ੍ਰਭੂ ਦੇ ਨਾਮ ਨੂੰ ਮੰਨਦਾ ਹੈ, ਉਹ (ਦੁਨੀਆਂ ਤੋਂ ਜੀਵਨ ਦੀ ਬਾਜੀ) ਜਿੱਤ ਕੇ ਜਾਂਦਾ ਹੈ। (ਨਾਮ ਤੋਂ ਬਿਨਾ ਰੱਬੀ ਦਰਗਾਹ ਵਿਚ ਕੋਈ) ਹੋਰ ਕਰਮ ਲੇਖੇ ਵਿਚ ਨਹੀਂ ਲਗਦੇ।੧।

ਪਦਾਰਥ = ਸਹੰਸਰ–ਹਜਾਰ। ਦਾਨ–ਡੰਨ (ਸਜਾ)। ਦੇ–ਦੇ ਕੇ। ਰੋਆਇਆ–ਰੁਆ ਦਿਤਾ (ਦੁਖੀ ਕੀਤਾ)। ਪਰਸ ਰਾਮੁ–ਜਮਦਗਨ ਦਾ ਪੁਤ੍ਰ ,ਜੋ ਜਾਤ ਦਾ ਬ੍ਰਾਹਮਣ ਸੀ। ਘਰਿ–ਘਰ ਵਿਚ। ਅਜੈ–ਰਾਮ ਚੰਦਰ ਜੀ ਦਾ ਦਾਦਾ ਰਾਜਾ ਅੱਜ। ਰਾਮੁ–ਤ੍ਰੇਤੇ ਯੁਗ ਦੇ ਅਵਤਾਰ ਰਾਮ ਚੰਦਰ ਜੀ। ਨਿਕਾਲਾ–ਦੇਸ਼ ਨਿਕਾਲਾ (ਬਨਵਾਸ)। ਭਇਆ–ਹੋਇਆ। ਸੀਤਾ–ਰਾਜਾ ਜਨਕ ਦੀ ਪੁਤ੍ਰੀ, ਜੋ ਰਾਮ ਚੰਦਰ ਜੀ ਦੀ ਪਤਨੀ ਸੀ। ਲਖਮਣੁ–ਰਾਮ ਚੰਦਰ ਜੀ ਦਾ ਛੋਟਾ ਭਾਈ। ਦਹਸਿਰੁ–ਦਸ ਸਿਰਾਂ ਵਾਲਾ ਰਾਵਣ। ਜਿਨਿ–ਜਿਸ ਨੇ। ਆਦੀ–ਲਿਆਂਦੀ। ਡਉਰੂ ਵਾਇ–ਡਉਰੂ ਵਜਾ ਕੇ (ਸਾਧੂ ਦਾ ਭੇਖ ਧਾਰ ਕੇ)। ਪਾਂਡਵ–ਪਾਂਡੂ ਰਾਜਾ ਦੇ ਪੰਜ ਪੁਤ੍ਰ (ਯੁਧਿਸ਼ਟਰ, ਭੀਮ, ਅਰਜਨ, ਨਕੁਲ ਤੇ ਸਹਦੇਵ)। ਭਏ ਮਜੂਰ–ਮਜਦੂਰ ਹੋਏ (ਬਣੇ)। ਸੁਆਮੀ–ਕ੍ਰਿਸ਼ਨ ਜੀ। ਰਹਤ ਹਦੂਰਿ–ਹਜੂਰੀ ਵਿਚ ਰਹਿੰਦੇ ਹਨ। ਜਨਮੇਜਾ–ਪ੍ਰੀਛਤ ਦਾ ਪੁਤ੍ਰ ,ਅਰਜਨ ਦਾ ਪੜਪੋਤਾ। ਖੁਇ ਗਇਆ–ਭੁੱਲ ਗਿਆ; ਕੁਰਾਹੇ ਪੈ ਗਿਆ। ਏਕੀ ਕਾਰਣਿ–ਇਕ (ਗਲਤੀ ਦੇ) ਕਾਰਣ। ਸੇਖ (ਅ.)–ਬੁੱਢਾ; ਉਸਤਾਦ; ਸਿੱਖਿਆ ਦੇਣ ਵਾਲਾ। ਮਸਾਇਕ–ਸ਼ੇਖ ਦਾ ਬਹੁ ਵਚਨ; ਗਿਆਨਵਾਨ। ਅੰਤਿ ਕਾਲਿ–ਅੰਤ ਦੇ ਸਮੇਂ। ਮਤੁ–ਮਤਾਂ; ਸ਼ਾਇਦ। ਭੀੜ–ਬਿਪਤਾ। ਪੜਾਇ–ਪੜਵਾ ਕੇ। ਕਿਰਪਨ–ਕੰਜੂਸ। ਸੰਚਹਿ–ਇਕੱਠਾ ਕਰਦੇ ਹਨ। ਧਨੁ ਜਾਇ–ਜੇ ਧਨ ਚਲਾ ਜਾਵੇ। ਬਾਲੀ–ਬਾਲੜੀ (ਜਵਾਨ ਲੜਕੀ; ਮੁਟਿਆਰ)। ਭਾਤਰੁ–ਪਤੀ। ਮੰਨੇ–ਮੰਨਦਾ ਹੈ; ਅੰਗੀਕਾਰ ਕਰਦਾ ਹੈ। ਸੋਈ–ਉਹ ਹੀ। ਜਿਣਿ ਜਾਇ–ਜਿਤ ਕੇ ਜਾਂਦਾ ਹੈ। ਅਉਰੀ–ਹੋਰ। ਨ ਲੇਖੈ ਲਾਇ–ਲੇਖੇ ਨਹੀਂ ਲਗਦੇ (ਸਫਲ ਨਹੀਂ ਹੁੰਦੇ; ਪ੍ਰਵਾਨ ਨਹੀਂ ਹੁੰਦੇ)।੧।

ਵਿਆਖਿਆ = ਇਕ ਸਮੇਂ ਦੇਵਤਿਆਂ ਦੇ ਰਾਜੇ ਇੰਦ੍ਰ ਨੇ ਗੋਤਮ ਰਿਖੀ ਦੀ ਇਸਤ੍ਰੀ ਅਹੱਲਿਆ ਦਾ ਸੁੰਦਰ ਰੂਪ ਦੇਖਿਆ, ਤਾਂ ਤਨ ਦੀ ਸਾਰੀ ਸੁੱਧ ਬੁੱਧ ਭੁੱਲ ਗਈ। ਗੋਤਮ ਰਿਖੀ ਤੋਂ ਚੋਰੀ ਅਹੱਲਿਆ ਨੂੰ ਮਿਲਣਾ ਚਾਹਿਆ, ਪਰ ਕੋਈ ਬਿਧਿ ਨਾ ਬਣੀ। ਸੁਣੀਦਾ ਇਹ ਵੀ ਕਿ ਅਹੱਲਿਆ ਵੀ ਇੰਦਰ ਨੂੰ ਚਾਹੁੰਦੀ ਸੀ। ਇੰਦ੍ਰ ਨੇ ਚੰਦ੍ਰਮਾ ਦੀ ਮੱਦਤ ਲਈ, ਜਿਸ ਨੇ ਕੁੱਕੜ ਦਾ ਰੂਪ ਧਾਰ ਕੇ ਅੱਧੀ ਰਾਤ ਨੂੰ ਹੀ ਬਾਂਗ ਦੇ ਦਿਤੀ। ਗੋਤਮ ਨੇ ਸਮਝਿਆ ਕਿ ਅੰਮ੍ਰਿਤ ਵੇਲਾ ਹੋ ਗਿਆ ਹੈ ਤੇ ਉਠ ਕੇ ਗੋਦਾਵਰੀ ਵਿਚ ਇਸ਼ਨਾਨ ਕਰਨ ਚਲਾ

ਗਿਆ। ਪਿਛੋਂ ਇੰਦ੍ਰ ਨੇ ਗੋਤਮ ਰਿਖੀ ਦਾ ਰੂਪ ਧਾਰ ਕੇ ਆ ਕੇ ਅਹੱਲਿਆ ਨਾਲ ਕਾਮ ਚੇਸ਼ਟਾ ਕੀਤੀ। ਉਧਰ ਜਦ ਗੋਤਮ ਨਦੀ ਵਿਚ ਨ੍ਹਾਉਣ ਲੱਗਾ, ਤਾਂ ਨਦੀ ਵਿਚੋਂ ਅਵਾਜ ਆਈ ਕਿ ਹੇ ਗੋਤਮ! ਅਜੇ ਤਾਂ ਅੱਧੀ ਰਾਤ ਦਾ ਵੇਲਾ ਹੀ ਹੈ, ਤੂੰ ਹੁਣੇ ਆ ਗਿਆ ਹੈਂ। ਤੇਰੇ ਘਰ ਚੋਰ ਆਏ ਹੋਏ ਹਨ, ਤੂੰ ਜਲਦੀ ਵਾਪਸ ਜਾਹ। ਗੋਤਮ ਉਸੇ ਵੇਲੇ ਗਿੱਲਾ ਪਰਨਾ ਨਿਚੋੜਦਾ ਹੋਇਆ ਘਰ ਵੜਿਆ, ਤਾਂ ਅੱਗੋਂ ਲੜਕੀ ਅੰਜਨੀ ਮਿਲੀ, ਉਸ ਨੂੰ ਪੁੱਛਿਆ ਕਿ ਅੰਦਰ ਕੌਣ ਹੈ? ਅੰਜਨੀ ਨੇ ਉਤਰ ਦਿਤਾ ਕਿ ਮਾਂਜਾਰ (ਬਿੱਲਾ) ਹੈ। ਗੋਤਮ ਨੇ ਇੰਦ੍ਰ ਦੇ ਸਰੀਰ ਉਤੇ ਹਜਾਰਾਂ ਭਗਾਂ ਹੋ ਜਾਣ ਦਾ ਸਰਾਪ ਦਿਤਾ। ਜਿਸ ਕਰਕੇ ਇੰਦ੍ਰ ਦੇ ਸਰੀਰ ਤੇ ਬਿਆਈਆਂ ਫਟ ਗਈਆਂ। ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ। ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ (੧੩੪੪)।

ਪਰਸ ਰਾਮ = ਇਹ ਜਮਦਗਨ ਦਾ ਪੁਤ੍ਰ ਸੀ, ਜਮਦਗਨ ਦਾ ਸਾਢੂ ਸਹੰਸਰ ਬਾਹੂ ਰਾਜਾ ਸੀ। ਜਮਦਗਨ ਦੀ ਪਤਨੀ ਰੇਣਕਾ ਤੇ ਸਹੰਸਰ ਬਾਹੂ ਦੀ ਰਾਣੀ ਸੀਤਾ ਆਪਸ ਵਿਚ ਭੈਣਾਂ ਸਨ। ਰਾਜਾ ਸਹੰਸਰ ਬਾਹੂ ਇਕ ਸਮੇਂ ਜਮਦਗਨ ਸੇ ਆਸ਼੍ਰਮ ਵਿਚ ਆਇਆ, ਜਮਦਗਨ ਕੋਲ ਸ੍ਵਰਗ ਤੋਂ ਮੰਗਵਾਈ ਕਾਮਧੇਨ ਗਊ ਸੀ, ਜਿਸ ਦੇ ਪ੍ਰਤਾਪ ਨਾਲ ਰਿਖੀ ਜਮਦਗਨ ਨੇ ਅਪਣੇ ਸਾਢੂ ਸਹੰਸਰ ਬਾਹੂ ਤੇ ਉਸ ਦੀ ਸੈਨਾ ਨੂੰ ਭੋਜਨ ਖੁਆਇਆ। ਸਹੰਸਰ ਬਾਹੂ ਤੇ ਰਾਣੀ ਸੀਤਾ ਇਹ ਕੌਤਕ ਦੇਖ ਕੇ ਹੈਰਾਨ ਰਹਿ ਗਏ। ਜਦ ਜਮਦਗਨ ਕੋਲ ਕਾਮਧੇਨ ਗਊ ਹੋਣ ਦਾ ਪਤਾ ਰਾਜੇ ਨੂੰ ਲੱਗਾ, ਤਾਂ ਰਾਜੇ ਨੇ ਰਿਖੀ ਪਾਸੋਂ ਕਾਮਧੇਨ ਗਾਂ ਦੀ ਮੰਗ ਕੀਤੀ, ਰਿਖੀ ਨੇ ਗਊ ਦੇਣ ਤੋਂ ਜਵਾਬ ਦੇ ਦਿਤਾ। ਜਿਸ ਤੇ ਰਾਜੇ ਨੇ ਗੁੱਸੇ ਵਿਚ ਆ ਕੇ ਰਿਖੀ ਨੂੰ ਮਾਰ ਦਿਤਾ। ਮਾਤਾ ਦਾ ਰੋਣਾ ਸੁਣ ਕੇ ਜਦ ਪਰਸ ਰਾਮ ਘਰ ਪੁੱਜਾ, ਤਾਂ ਪਿਤਾ ਦੀ ਮੌਤ ਦਾ ਬਦਲਾ ਲੈਣ ਦਾ ਪ੍ਰਣ ਕੀਤਾ। ਪਰਸ ਰਾਮ ਨੇ ਸਹੰਸਰ ਬਾਹੂ ਦਾ ਸਾਰਾ ਪ੍ਰਵਾਰ ਮਾਰ ਦਿਤਾ ਅਤੇ ਕਿਹਾ ਜਾਂਦਾ ਹੈ ਇਸ ਨੇ ੨੧ ਵਾਰ ਖਤ੍ਰੀ ਰਾਜੇ ਮਾਰੇ। ਸੀਤਾ ਨੂੰ ਸੁਅੰਬਰ ਵਿਚ ਵਰ ਲੈਣ ਸਮੇਂ ਪਰਸ ਰਾਮ ਦਾ ਮਿਲਾਪ ਰਾਮ ਚੰਦਰ ਜੀ ਨਾਲ ਹੋਇਆ। ਰਾਮ ਚੰਦਰ ਜੀ ਨੇ ਇਸ ਦੇ ਪੈਰੀਂ ਹੱਥ ਲਾ ਕੇ ਅਪਣੀ ਕਲਾ ਨਾਲ ਪਰਸ ਰਾਮ ਨੂੰ ਬਲ ਹੀਣ ਕਰ ਦਿਤਾ ਅਤੇ ਕੁਹਾੜਾ ਵੀ ਖੋਹ ਲਿਆ। ਗਾਵੈ ਜਮਦਗਨਿ ਪਰਸਰਾਮੇਸੁਰ ਕਰ ਕੁਠਾਰੁ ਰਘੁ ਤੇਜੁ ਹਰਿਓ (੧੩੮੯)।

ਅੱਜ ਰਾਜਾ = ਰਾਮ ਚੰਦਰ ਜੀ ਦਾ ਦਾਦਾ ਤੇ ਰਾਜਾ ਦਸਰਥ ਦਾ ਪਿਤਾ ਸੀ। ਰਾਜਾ ਅੱਜ ਬੜਾ ਪ੍ਰਤਾਪੀ ਤੇ ਹੰਕਾਰੀ ਸੀ, ਇਕ ਸਮੇਂ ਇਸ ਨੇ ਹੰਕਾਰ ਵਿਚ ਆਏ ਨੇ ਇਕ ਰਿਸ਼ੀ ਨੂੰ ਦਾਨ ਮੰਗਣ ਤੇ ਘੋੜਿਆਂ ਦੀ ਲਿੱਦ ਦੇ ਦਿਤੀ। ਰਿਖੀ ਨੇ ਆਸ਼੍ਰਮ ਵਿਚ ਜਾ ਕੇ ਲਿੱਦ ਇਕ ਪਾਸੇ ਰੱਖ ਦਿਤੀ, ਜੋ ਵਧਦੀ ਹੋਈ ਵੱਡਾ ਢੇਰ ਬਣ ਗਈ। ਜੰਗਲ ਵਿਚ ਸ਼ਿਕਾਰ ਕਰਨ ਗਏ ਰਾਜੇ ਅੱਜ ਨੇ ਅਪਣੀ ਰਾਣੀ ਦਾ ਪ੍ਰੇਮ ਪਰਖਣ ਲਈ ਅਪਣੇ ਕਪੜੇ ਸ਼ਿਕਾਰ ਕੀਤੇ ਹਿਰਨ ਦੇ ਖ਼ੂਨ ਨਾਲ ਲਿਬੇੜ ਕੇ ਇਕ ਨੌਕਰ ਰਾਹੀਂ ਰਾਣੀ ਪਾਸ ਭੇਜ ਦਿਤੇ। ਨੌਕਰ ਨੇ ਰਾਣੀ ਨੂੰ ਦਸਿਆ ਕਿ ਜੰਗਲ ਵਿਚ ਰਾਜੇ ਨੂੰ ਸ਼ੇਰ ਨੇ ਮਾਰ ਦਿਤਾ ਹੈ। ਰਾਣੀ ਕਪੜੇ ਪਛਾਣ ਕੇ ਰਾਜੇ ਦੇ ਵਿਜੋਗ ਵਿਚ ਮਰ ਗਈ। ਜਦ ਰਾਜੇ ਨੂੰ ਰਾਣੀ ਦੀ ਮੌਤ ਦਾ ਪਤਾ ਲੱਗਾ, ਰਾਜਾ ਅਪਣਾ ਰਾਜ ਛਡ ਕੇ ਸਾਧੂ ਬਣ ਗਿਆ ਤੇ ਜੰਗਲ ਵਿਚ ਚਲਾ ਗਿਆ। ਜੰਗਲ ਵਿਚ ਉਹੋ ਰਿਸ਼ੀ ਮਿਲਿਆ, ਜਿਸ ਨੂੰ ਲਿੱਦ ਦਾਨ ਦਿਤੀ ਸੀ। ਦੂਜੇ ਇਹ ਵੀ ਲਿਖਿਆ ਮਿਲਦਾ ਹੈ ਕਿ ਰਾਜਾ ਅੱਜ ਸ਼ਿਕਾਰ ਕਰਨ ਜੰਗਲ ਵਿਚ ਗਿਆ, ਭੁੱਖ ਲਗਣ ਤੇ ਰਾਜਾ ਰਿਖੀ ਦੇ ਆਸ਼੍ਰਮ ਵਿਚ ਜਾ ਕੇ ਕੁਛ ਖਾਣ ਲਈ ਮੰਗਦਾ ਹੈ। ਰਿਖੀ ਨੇ ਅੱਜ ਨੂੰ ਪਛਾਣ ਲਿਆ, ਤਾਂ ਰਿਖੀ ਨੇ ਉਹੀ ਲਿੱਦ ਮੂਹਰੇ ਰੱਖ ਦਿਤੀ ਤੇ ਆਖਿਆ ਇਹ ਲਿੱਦ ਤੇਰੇ ਦਿਤੇ ਦਾਨ ਦੀ ਹੈ, ਜੋ ਵਧ ਕੇ ਢੇਰ ਬਣ ਗਿਆ ਹੈ, ਕਿਉਂਕਿ ਦਾਨ ਵਧਦਾ ਫੁਲਦਾ ਹੈ। ਇਸ ਹਾਲਤ ਵਿਚ ਰਾਜਾ ਅੱਜ ਪਸਚਾਤਾਪ ਕਰਦਾ ਹੋਇਆ ਬਹੁਤ ਦੁਖੀ ਹੋਇਆ। ਰਿਖੀ ਦੇ ਕਹਿਣ ਤੇ ਰਾਜੇ ਨੇ ਲੋਕਾਂ ਕੋਲੋਂ ਅਪਣੀ ਨਿੰਦਾ ਕਰਾਈ, ਜਿਸ ਨਾਲ ਲਿੱਦ ਘਟ ਗਈ, ਬਾਕੀ ਬਚੀ ਲਿੱਦ ਰਾਜੇ ਨੂੰ ਖਾਣੀ ਪਈ।

ਰਾਮ ਸੀਤਾ ਤੇ ਲਖਮਣ = ਅਯੁਧਿਆ ਦੇ ਰਾਜਾ ਦਸਰਥ ਦੇ ਪੁਤ੍ਰ ਰਾਮ ਚੰਦਰ ਜੀ ਨੂੰ ਰਾਣੀ ਕੇਕਈ ਦੇ ਕਹਿਣ ਤੇ ੧੪ ਵਰਸਾਂ ਦਾ ਬਨਵਾਸ ਕੱਟਣਾ ਪਿਆ। ਰਾਮ ਜੀ ਦੇ ਨਾਲ ਉਨ੍ਹਾਂ ਦੀ ਪਤਨੀ ਸੀਤਾ ਤੇ ਭਰਾ ਲਛਮਣ ਵੀ ਸੀ। ਇਹ ਪੰਚਵੱਟੀ ਦੇ ਸਥਾਨ ਤੇ ਜਾ ਕੇ ਰਹੇ। ਇਥੇ ਰਾਵਣ ਦੀ ਭੈਣ ਸੂਪਨਖਾ ਰਾਮ ਜੀ ਤੇ ਮੋਹਿਤ ਹੋ ਗਈ, ਰਾਮ ਜੀ ਨੇ ਉਸ ਨੂੰ ਰੋਕਿਆ। ਈਰਖਾ ਵਸ ਹੋ ਕੇ ਸੂਪਨਖਾ ਨੇ ਸੀਤਾ ਤੇ ਹਮਲਾ ਕਰ ਦਿਤਾ, ਜਿਸ ਤੇ ਲਛਮਣ ਨੇ ਉਸ ਦਾ ਨੱਕ ਵੱਢ ਦਿਤਾ। ਸੂਪਨਖਾ ਅਪਣੇ ਭਰਾ ਕੋਲ ਗਈ ਅਤੇ ਬਦਲਾ ਲੈਣ ਲਈ ਪ੍ਰੇਰਿਆ। ਬਦਲੇ ਦੀ ਭਾਵਨਾ ਵਿਚ ਰਾਵਣ ਸਾਧੂ ਦੇ ਭੇਸ ਵਿਚ ਸੀਤਾ ਨੂੰ ਚੁਕਾ ਕੇ ਲੈ ਗਿਆ। ਜਿਸ ਤੇ ਰਾਮ ਅਤੇ ਰਾਵਣ ਵਿਚਕਾਰ ਬੜਾ ਭਾਰੀ ਯੁੱਧ ਹੋਇਆ। ਜਿਸ ਵਿਚ ਲਛਮਣ ਜਖਮੀ ਹੋ ਕੇ ਬੇਹੋਸ਼ ਹੋ ਗਿਆ। ਇਸ ਤਰ੍ਹਾਂ ਸੀਤਾ ਦੇ ਵਿਯੋਗ ਤੇ ਲਛਮਣ ਦੇ ਬੇਹੋਸ਼ ਹੋਣ ਤੇ ਰਾਮ ਚੰਦਰ ਜੀ ਬੜੇ ਦੁਖੀ ਹੋਏ। ਮਨ ਮਹਿ ਝੂਰੈ ਰਾਮ ਚੰਦੁ ਸੀਤਾ ਲਛਮਣ ਜੋਗੁ। (੧੪੧੨)

ਪਾਂਡਵ = ਪਾਂਡੂ ਰਾਜਾ ਦੇ ਪੰਜ ਪੁਤ੍ਰ, ਜਿਨ੍ਹਾਂ ਨੂੰ ਦੁਰਜੋਧਨ ਨੇ ਸਾਜਿਸ਼ ਅਧੀਨ ਜੂਆ ਖੇਡਣ ਲਈ ਵੰਗਾਰਿਆ। ਕੌਰਵਾਂ ਦਾ ਮਾਮਾ

ਸ਼ਕੁਨਿ ਜੂਆ ਖੇਡਣ ਵਿਚ ਨਿਪੁੰਨ ਸੀ, ਇਸ ਨੇ ਜੂਏ ਵਿਚ ਪਾਂਡਵਾਂ ਦਾ ਰਾਜ ਤੇ ਦ੍ਰੋਪਤੀ ਨੂੰ ਵੀ ਜਿਤ ਲਿਆ। ਹਾਰੇ ਪਾਂਡਵਾਂ ਨੂੰ ੧੨ ਸਾਲ ਦਾ ਬਨਵਾਸ ਕੱਟਣਾ ਪਿਆ, ੧੩ ਵਾਂ ਸਾਲ ਗੁਪਤਵਾਸ ਰਹਿ ਕੇ ਰਾਜਾ ਵਿਰਾਟ ਕੋਲ ਮਜਦੂਰੀ ਕਰਦੇ ਰਹੇ।

ਜਨਮੇਜਾ = ਇਹ ਅਰਜਨ ਦਾ ਪੜਪੋਤਾ, ਅਭਿਮੰਨੂ ਦਾ ਪੋਤ੍ਰਾ ਤੇ ਪ੍ਰੀਛਤ ਦਾ ਪੁਤਰ ਸੀ। ਇਸ ਦੇ ਪਿਤਾ ਪ੍ਰੀਛਤ ਦੀ ਮੌਤ ਤੱਛਕ ਨਾਗ ਦੇ ਡੰਗ ਮਾਰਨ ਨਾਲ ਹੋਈ ਸੀ। ਜਨਮੇਜੇ ਨੇ ਸਰਪ ਮੇਧ ਜਗ ਕਰਕੇ ਸੱਪਾਂ ਦਾ ਨਾਸ਼ ਕੀਤਾ ਤੇ ਪਿਓ ਦੀ ਮੌਤ ਦਾ ਬਦਲਾ ਲਿਆ। ਜਨਮੇਜੇ ਨੇ ਇਕ ਵਾਰੀ ਬਿਆਸ ਨੂੰ ਪੁੱਛਿਆ ਕਿ ਮੇਰੇ ਵੱਡੇ ਵਡੇਰੇ ਬੜੇ ਸਿਆਣੇ ਤੇ ਪਰਤਾਪੀ ਸਨ, ਉਨ੍ਹਾਂ ਨੇ ਜੂਆ ਕਿਉਂ ਖੇਡਿਆ, ਫਿਰ ਮਹਾਂਭਾਰਤ ਦਾ ਜੁੱਧ ਕਰਕੇ ਅਪਣੀ ਕੁਲ ਦਾ ਨਾਸ਼ ਕਿਉਂ ਕੀਤਾ? ਬਿਆਸ ਨੇ ਉਤਰ ਵਿਚ ਕਿਹਾ ਕਿ ਹੋਣੀ ਅਟੱਲ ਹੈ, ਮਿਟ ਨਹੀਂ ਸਕਦੀ। ਹੋਣੀ ਦੇ ਅੱਗੇ ਸਿਆਣਪ ਕੰਮ ਨਹੀਂ ਆਉਂਦੀ, ਇਸ ਤੇ ਜਨਮੇਜੇ ਨੇ ਇਤਰਾਜ ਕੀਤਾ। ਬਿਆਸ ਨੇ ਇਸ ਦਾ ਭਵਿਖ ਦੇਖ ਕੇ ਆਉਣ ਵਾਲੀ ਬਿਪਤਾ ਤੋਂ ਜਾਣੂ ਕਰਾਇਆ ਕਿ ਤੂੰ ਅਸਮੇਧ ਜੱਗ ਕਰਵਾਏਂਗਾ, ਜਗ ਵਿਚ ਤੇਰੀ ਰਾਣੀ ਪਤਲੇ ਕੱਪੜੇ ਪਾ ਕੇ ਆਵੇਗੀ, ਜਿਸ ਨੂੰ ਦੇਖ ਕੇ ਬ੍ਰਾਹਮਣ ਹਸਣਗੇ ਤੇ ਤੂੰ ੧੮ ਤਰ੍ਹਾਂ ਦੇ ਬਾਹਮਣਾਂ ਦਾ ਘਾਤ ਕਰੇਂਗਾ। ਸੁਣ ਕੇ ਜਨਮੇਜੇ ਨੇ ਬਿਪਤਾ ਤੋਂ ਬਚਣ ਲਈ ਕਈ ਉਪਾਉ ਕੀਤੇ, ਪਰ ਸਫਲ ਨਾ ਹੋ ਸਕਿਆ। ਅਖੀਰ ਜੋ ਬਿਆਸ ਨੇ ਆਉਣ ਵਾਲੀ ਬਿਪਤਾ ਵਾਰੇ ਦਸਿਆ ਸੀ, ਉਹ ਬਿਪਤਾ ਓਸੇ ਤਰ੍ਹਾਂ ਵਾਪਰੀ, ਟਲ ਨਹੀਂ ਸਕੀ।

ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜ੍ਹਾਇਆ। ਤਿਨਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ। (੧੩੪੪)

ਮਃ ੨ ॥ ਜਪੁ ਤਪੁ ਸਭੁ ਕਿਛੁ ਮੰਨਿਐ, ਅਵਰਿ ਕਾਰਾ ਸਭਿ ਬਾਦਿ ॥ ਨਾਨਕ ਮੰਨਿਆ ਮੰਨੀਐ, ਬੁਝੀਐ ਗੁਰ ਪਰਸਾਦਿ ॥੨॥ (ਹੇ ਭਾਈ! ਜੇ) ਪ੍ਰਭੂ ਦਾ ਨਾਮ ਮੰਨ ਲਈਏ, ਤਾਂ ਜਪ ਤਪ ਸਭ ਕੁਛ (ਨਾਮ ਸਿਮਰਨ) ਵਿਚ ਹੀ ਆ ਜਾਂਦੇ ਹਨ, (ਨਾਮ ਤੋਂ ਬਿਨਾ) ਹੋਰ ਸਾਰੇ (ਜਪ ਤਪ ਆਦਿ) ਕਰਮ ਬਿਅਰਥ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ (ਨਾਮ ਨੂੰ) ਮੰਨਣ ਵਾਲਾ ਪੁਰਖ ਹੀ ਮੰਨਿਆ ਜਾਂਦਾ ਹੈ (ਆਦਰ ਪ੍ਰਾਪਤ ਕਰਦਾ ਹੈ, ਪਰ ਇਹ ਗੱਲ) ਗੁਰੂ ਦੀ ਕ੍ਰਿਪਾ ਨਾਲ ਸਮਝੀ ਜਾ ਸਕਦੀ ਹੈ।੨।

ਪਉੜੀ ॥ ਕਾਇਆ ਹੰਸ ਧੁਰਿ ਮੇਲੁ ,ਕਰਤੈ ਲਿਖਿ ਪਾਇਆ ॥ ਸਭ ਮਹਿ ਗੁਪਤੁ ਵਰਤਦਾ, ਗੁਰਮੁਖਿ ਪ੍ਰਗਟਾਇਆ ॥ ਗੁਣ ਗਾਵੈ ਗੁਣ ਉਚਰੈ, ਗੁਣ ਮਾਹਿ ਸਮਾਇਆ ॥ ਸਚੀ ਬਾਣੀ ਸਚੁ ਹੈ, ਸਚੁ ਮੇਲਿ ਮਿਲਾਇਆ ॥ ਸਭੁ ਕਿਛੁ ਆਪੇ ਆਪਿ ਹੈ, ਆਪੇ ਦੇਇ ਵਡਿਆਈ ॥੧੪॥ (ਹੇ ਭਾਈ!) ਸਰੀਰ ਤੇ ਜੀਵਾਤਮਾ ਦਾ ਮੇਲ ਧੁਰ ਤੋਂ ਹੀ ਕਰਤਾਰ ਨੇ ਆਪ ਲਿਖ ਕੇ ਪਾਇਆ ਹੈ। (ਪਰ ਆਪ ਉਹ) ਸਾਰੇ ਜੀਵਾਂ ਵਿਚ ਗੁਪਤ ਵਰਤ ਰਿਹਾ ਹੈ, (ਉਹ) ਗੁਰੂ ਦੁਆਰਾ ਪ੍ਰਗਟ ਹੁੰਦਾ ਹੈ। (ਜੋ ਮਨੁੱਖ ਹਰੀ ਦੇ) ਗੁਣ ਗਾਉਂਦਾ ਹੈ, ਗੁਣ ਉਚਾਰਾਦਾ ਹੈ, ਗੁਣਾਂ ਵਿਚ ਹੀ (ਉਸ ਦਾ ਮਨ) ਸਮਾਇਆ ਰਹਿੰਦਾ ਹੈ। (ਉਹ ਗੁਰੂ ਦੀ) ਸੱਚੀ ਬਾਣੀ ਦੁਆਰਾ ਸੱਚ ਰੂਪ ਹੋ ਜਾਂਦਾ ਹੈ ਅਤੇ ਹੋਰਨਾਂ ਨੂੰ ਵੀ ਸੱਚੇ ਪ੍ਰਭੂ ਦੇ ਮੇਲ (ਸੰਗਤ) ਵਿਚ ਮਿਲਾ ਦੇਂਦਾ ਹੈ। (ਗੁਰਮੁਖ ਨਿਸਚੇ ਕਰਦੇ ਹਨ ਕਿ) ਪ੍ਰਭੂ ਸਭ ਕਛ ਆਪੇ ਆਪ ਹੈ ਅਤੇ ਆਪ ਹੀ (ਗੁਰਮੁਖਾਂ ਨੂੰ) ਵਡਿਆਈ ਦੇਂਦਾ ਹੈ। ਵਾਹੁ ਵਾਹੁ ਸਚੇ ਪਾਤਸਾਹ ਤੂ ਸਚੀ ਨਾਈ।੧੪।

ਪਦਾਰਥ = ਜਪੁ-ਮੰਤ੍ਰਾਂ ਦਾ ਜਾਪ। ਤਪੁ-ਤਪੱਸਿਆ। ਮੰਨਿਐ-ਜੇ ਮੰਨ ਲਈਏ। ਅਵਰਿ ਕਾਰਾ-ਹੋਰ ਕਰਮ ਧਰਮ। ਬਾਦਿ-ਬਿਅਰਥ। ਮੰਨਿਆ-ਮੰਨਣ ਵਾਲਾ (ਮਨੁੱਖ)। ਮੰਨੀਐ-ਮੰਨਿਆ ਜਾਂਦਾ ਹੈ (ਆਦਰ ਪਾਉਂਦਾ ਹੈ)। ਬੁਝੀਐ-ਸਮਝ ਸਕੀਦਾ ਹੈ। ਗੁਰ ਪਰਸਾਦਿ-ਗੁਰੂ ਦੀ ਕ੍ਰਿਪਾ ਨਾਲ।੨। ਪਉੜੀ। ਕਾਇਆ-ਸਰੀਰ। ਹੰਸ-ਜੀਵਾਤਮਾ। ਧੁਰਿ-ਧੁਰ ਦਰਗਾਹ ਤੋਂ। ਕਰਤੈ-ਕਰਤਾਰ ਨੇ। ਲਿਖਿ-ਲਿਖ ਕੇ। ਸਭ ਮਹਿ-ਸਾਰੇ ਜੀਵਾਂ ਵਿਚ। ਗੁਰਮੁਖਿ-ਗੁਰੂ ਦੁਆਰਾ। ਮਾਹਿ-ਵਿਚ। ਮੇਲਿ-ਸੰਗਤ ਵਿਚ। ਦੇਇ-ਦੇਂਦਾ ਹੈ।੧੪।

ਸਲੋਕ ਮਃ ੨ ॥ ਨਾਨਕ ਅੰਧਾ ਹੋਇ ਕੈ, ਰਤਨਾ ਪਰਖਣ ਜਾਇ ॥ ਰਤਨਾ ਸਾਰ ਨ ਜਾਣਈ, ਆਵੈ ਆਪੁ ਲਖਾਇ ॥੧॥ ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਭਾਈ! ਜੇ ਕੋਈ ਮਨੁੱਖ) ਬੇਸਮਝ ਹੋ ਕੇ (ਜੌਹਰੀ ਦੀ ਦੁਕਾਨ ਤੇ) ਰਤਨਾਂ ਦੀ ਪਰਖ ਕਰਨ ਚਲਾ ਜਾਵੇ। (ਪਰ ਉਹ) ਰਤਨਾਂ ਦੀ ਪਛਾਣ ਕਰਨ ਤਾਂ ਜਾਣਦਾ ਨਹੀਂ, (ਸੱਗੋਂ ਉਹ) ਅਪਣਾ ਆਪ ਜਾਹਿਰ ਕਰ ਆਉਂਦਾ ਹੈ ਭਾਵ ਅਗਿਆਨੀ ਬੰਦਾ ਸੰਤਾਂ ਦੀ ਸੰਗਤ ਵਿਚ ਉਨ੍ਹਾਂ ਦੇ ਗੁਣਾਂ ਦੀ ਪਰਖ ਕਰਨ ਜਾਂਦਾ ਹੈ। ਪਰ ਅਗਿਆਨੀ ਬੰਦਾ ਗੁਣਾਂ ਦੀ ਕਦਰ (ਜਾਂ ਪਛਾਣ ਕਰਨ) ਤਾਂ ਜਾਣਦਾ ਨਹੀਂ, ਸੱਗੋਂ ਅਪਣੀ ਬੇਸਮਝੀ ਦਿਖਾ ਆਉਂਦਾ ਹੈ।੧।

ਮਃ ੨ ॥ ਰਤਨਾ ਕੇਰੀ ਗੁਥਲੀ, ਰਤਨੀ ਖੋਲੀ ਆਇ ॥ ਵਖਰ ਤੈ ਵਣਜਾਰਿਆ, ਦੁਹਾ ਰਹੀ ਸਮਾਇ ॥ ਜਿਨ ਗੁਣੁ ਪਲੈ ਨਾਨਕਾ, ਮਾਣਕ ਵਣਜਹਿ ਸੇਇ ॥ ਰਤਨਾ ਸਾਰ ਨ ਜਾਣਨੀ, ਅੰਧੇ ਵਤਹਿ ਲੋਇ ॥੨॥ (ਹੇ ਭਾਈ!) ਸ਼ੁੱਭ ਗੁਣਾਂ ਦੀ ਗੁਥਲੀ ਰਤਨਾਂ ਦੇ ਵਪਾਰੀ (ਜੌਹਰੀ ਭਾਵ ਸਤਗੁਰੂ) ਨੇ ਆ ਕੇ ਖੋਲ੍ਹੀ ਹੈ (ਪ੍ਰਗਟ ਕੀਤੀ। ਉਹ ਥੈਲੀ) ਸੌਦਾ ਦੇਣ ਵਾਲੇ ਗੁਰੂ ਅਤੇ (ਸੌਦਾ ਲੈਣ ਵਾਲੇ

ਗੁਰਮੁਖ) ਵਪਾਰੀ ਦੋਹਾਂ ਦੇ ਹਿਰਦਿਆਂ ਵਿਚ ਸਮਾ ਰਹੀ ਹੈ (ਦੋਹਾਂ ਦੇ ਹਿਰਦਿਆਂ ਵਿਚ ਸ਼ੁੱਭ ਗੁਣ ਸਮਾ ਰਹੇ ਹਨ)। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ ਗੁਰਮੁਖਾਂ ਦੇ ਹਿਰਦੇ ਰੂਪ ਪੱਲੇ ਵਿਚ (ਪ੍ਰਭੂ ਦਾ ਪ੍ਰੇਮ ਰੂਪ) ਗੁਣ ਮੌਜੂਦ ਹੈ, ਉਹ ਨਾਮ ਰੂਪ ਮਾਣਕ ਖ੍ਰੀਦਦੇ ਹਨ। ਬੇਸਮਝ ਬੰਦੇ ਦੁਨੀਆਂ ਵਿਚ ਭਟਕਦੇ ਫਿਰਦੇ ਹਨ, (ਕਿਉਂਕਿ ਉਹ ਗੁਣ ਰੂਪ) ਰਤਨਾਂ ਦੀ ਕਦਰ ਨਹੀਂ ਜਾਣਦੇ।੨।

ਪਦਾਰਥ = ਰਤਨਾ–ਮਾਣਕਾਂ (ਗੁਣਾਂ) ਦੀ। ਅੰਧਾ–ਅਗਿਆਨੀ। ਸਾਰ–ਕਦਰ; ਪਛਾਣ। ਆਪੁ–ਅਪਣਾ ਆਪ। ਆਵੈ ਲਖਾਇ–ਦਿਖਾ (ਜਾਹਿਰ ਕਰ) ਆਉਂਦਾ ਹੈ।੧। ਰਤਨਾ–ਗੁਣ ਰੂਪ ਰਤਨ; ਨਾਮ ਰੂਪ ਰਤਨ। ਕੇਰੀ–ਦੀ। ਗੁਥਲੀ–ਥੈਲੀ। ਰਤਨੀ–ਰਤਨਾਂ ਦਾ ਵਪਾਰੀ ਸਤਗੁਰੂ। ਵਖਰ–ਸੌਦਾ ਦੇਣ ਵਾਲਾ (ਗੁਰੂ)। ਤੈ–ਅਤੇ। ਵਣਜਾਰਿਆ–ਗੁਰਮੁਖ ਵਪਾਰੀ। ਦੁਹਾ–ਦੋਹਾਂ ਦੇ। ਰਹੀ ਸਮਾਇ–ਸਮਾ (ਟਿਕ) ਰਹੀ ਹੈ। ਜਿਨ–ਜਿਨ੍ਹਾਂ ਦੇ। ਪਲੈ–ਹਿਰਦੇ ਰੂਪ ਪੱਲੇ ਵਿਚ। ਮਾਣਕ–ਨਾਮ ਰਤਨ। ਵਣਜਹਿ–ਖ੍ਰੀਦਦੇ ਹਨ। ਸੇਇ–ਉਹ (ਬੰਦੇ)। ਸਾਰ–ਕਦਰ। ਅੰਧੇ–(ਬਹੁ ਵਚਨ) ਅੰਨ੍ਹੇ (ਅਗਿਆਨੀ)। ਵਤਹਿ–ਭਟਕਦੇ ਫਿਰਦੇ ਹਨ। ਲੋਇ–ਦੁਨੀਆਂ ਵਿਚ।੨।

ਪਉੜੀ ॥ ਨਉ ਦਰਵਾਜੇ ਕਾਇਆ ਕੋਟੁ ਹੈ, ਦਸਵੈ ਗੁਪਤੁ ਰਖੀਜੈ ॥ ਬਜਰ ਕਪਾਟ ਨ ਖੁਲਨੀ, ਗੁਰ ਸਬਦਿ ਖੁਲੀਜੈ ॥ ਅਨਹਦ ਵਾਜੇ ਧੁਨਿ ਵਜਦੇ, ਗੁਰ ਸਬਦਿ ਸੁਣੀਜੈ ॥ ਤਿਤੁ ਘਟ ਅੰਤਰਿ ਚਾਨਣਾ, ਕਰਿ ਭਗਤਿ ਮਿਲੀਜੈ ॥ ਸਭ ਮਹਿ ਏਕੁ ਵਰਤਦਾ, ਜਿਨਿ ਆਪੇ ਰਚਨ ਰਚਾਈ ॥੧੫॥ ਸਰੀਰ ਰੂਪ ਕਿਲ੍ਹਾ ਹੈ, (ਇਸ ਦੇ) ਨੌਂ ਦਰਵਾਜੇ ਪ੍ਰਗਟ ਹਨ, (ਪਰ ਪ੍ਰਭੂ ਨੇ) ਦਸਵਾ ਦਰਵਾਜਾ ਗੁਪਤ ਰੱਖਿਆ ਹੈ (ਜਿੱਥੇ ਆਤਮਕ ਅਨੁਭਵਤਾ ਹੁੰਦਾ ਹੈ। ਦਸਮ ਦੁਆਰ ਦੇ) ਦਰਵਾਜੇ ਬਹੁਤ ਸਖਤ ਹਨ, (ਜੋ ਅਪਣੇ ਆਪ) ਖੁਲ੍ਹਦੇ ਨਹੀਂ, (ਉਹ) ਗੁਰੂ ਦੇ ਸ਼ਬਦ ਦੁਆਰਾ ਹੀ ਖੁਲ੍ਹਦੇ ਹਨ। (ਜਦ ਇਹ ਦਰਵਾਜੇ ਖੁਲ੍ਹਦੇ ਹਨ, ਤਾਂ) ਇਕ ਰਸ ਸੁਰ ਵਾਲੇ ਵਾਜੇ ਵਜ ਪੈਂਦੇ ਹਨ, (ਪਰ ਉਹ) ਗੁਰੂ ਸ਼ਬਦ ਵਿਚ ਜੁੜਿਆਂ ਸੁਣੇ ਜਾਂਦੇ ਹਨ। (ਜਿਸ ਮਨੁੱਖ ਨੇ ਇਹ ਵਾਜੇ ਸੁਣੇ ਹਨ) ਉਸ ਦੇ ਹਿਰਦੇ ਅੰਦਰ ਗਿਆਨ ਦਾ ਚਾਨਣ ਹੋ ਜਾਂਦਾ ਹੈ, (ਉਹ) ਭਗਤੀ ਕਰਕੇ ਹਰੀ ਨੂੰ ਮਿਲ ਪੈਂਦਾ ਹੈ। (ਉਸ ਦਾ ਨਿਸ਼ਚਾ ਹੈ ਕਿ) ਸਾਰੇ ਜੀਵਾਂ ਵਿਚ ਇਕ ਪ੍ਰਭੂ ਵਰਤ ਰਿਹਾ ਹੈ, ਜਿਸ ਨੇ ਆਪ ਹੀ ਜਗਤ ਰਚਨਾ ਬਣਾਈ ਹੈ। ਵਾਹੁ ਵਾਹੁ ਸਚੇ ਪਾਤਸਾਹ ਤੂ ਸਚੀ ਨਾਈ।੧੫।

ਪਦਾਰਥ = ਨਉ ਦਰਵਾਜੇ ਕਾਇਆ–ਸਰੀਰ ਦੇ ਨੌਂ ਗੋਲਕਾਂ ਰੂਪ ਦਰਵਾਜੇ। ਕੋਟੁ–ਕਿਲ੍ਹਾ। ਦਸਵੈ–ਦਸਵਾਂ ਦਰਵਾਜਾ। ਬਜਰ ਕਪਾਟ–ਸਖਤ ਦਰਵਾਜੇ; ਮਹਾਂ ਅਗਿਆਨ ਰੂਪ ਪੜਦੇ, ਜਿਨ੍ਹਾਂ ਕਰਕੇ ਆਤਮ ਵਸਤੂ ਓਹਲੇ ਹੈ (ਗੁ.ਗ੍ਰੰ.ਕੋਸ਼)। ਨ ਖੁਲਨੀ–ਨਹੀਂ ਖੁਲ੍ਹਦੇ। ਸਬਦਿ–ਸ਼ਬਦ ਦੁਆਰਾ। ਖੁਲੀਜੈ–ਖੁਲ੍ਹਦੇ ਹਨ। ਅਨਹਦ–ਇਕ ਰਸ। ਧੁਨਿ–ਸੁਰ। ਤਿਤੁ–ਉਸ ਦੇ। ਘਟ ਅੰਤਰਿ–ਹਿਰਦੇ ਅੰਦਰ। ਚਾਨਣਾ–ਗਿਆਨ ਦਾ ਚਾਨਣ। ਸਭ ਮਹਿ–ਸਾਰੇ ਜੀਵਾਂ ਵਿਚ। ਜਿਨਿ–ਜਿਸ ਨੇ। ਰਚਨ–ਜਗਤ ਰਚਨਾ। ਰਚਾਈ–ਬਣਾਈ ਹੈ।੧੫।

ਸਲੋਕ ਮਃ ੨ ॥ ਅੰਧੇ ਕੈ ਰਾਹਿ ਦਸਿਐ, ਅੰਧਾ ਹੋਇ ਸੁ ਜਾਇ ॥ ਹੋਇ ਸੁਜਾਖਾ ਨਾਨਕਾ, ਸੋ ਕਿਉ ਉਝੜਿ ਪਾਇ ॥ ਅੰਧੇ ਏਹਿ ਨ ਆਖੀਅਨਿ, ਜਿਨ ਮੁਖਿ ਲੋਇਣ ਨਾਹਿ ॥ ਅੰਧੇ ਸੇਈ ਨਾਨਕਾ, ਖਸਮਹੁ ਘੁਥੇ ਜਾਹਿ ॥੧॥ ਮਃ ੨ ॥ ਸਾਹਿਬਿ ਅੰਧਾ ਜੋ ਕੀਆ, ਕਰੇ ਸੁਜਾਖਾ ਹੋਇ ॥ ਜੇਹਾ ਜਾਣੈ ਤੇਹੋ ਵਰਤੈ, ਜੇ ਸਉ ਆਖੈ ਕੋਇ ॥ ਜਿਥੈ ਸੁ ਵਸਤੁ ਨ ਜਾਪਈ, ਆਪੇ ਵਰਤਉ ਜਾਣਿ ॥ ਨਾਨਕ ਗਾਹਕੁ ਕਿਉ ਲਏ, ਸਕੈ ਨ ਵਸਤੁ ਪਛਾਣਿ ॥੨॥ (ਹੇ ਭਾਈ!) ਅੰਨ੍ਹੇ (ਅਗਿਆਨੀ ਮਨੁੱਖ) ਦੇ ਦੱਸੇ ਰਸਤੇ ਤੇ ਉਹ ਜਾਂਦਾ ਹੈ, ਜੋ ਆਪ ਅੰਨ੍ਹਾ (ਅਗਿਆਨੀ) ਹੁੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ, (ਜੋ ਮਨੁੱਖ) ਸੁਜਾਖਾ (ਗਿਆਨਵਾਨ) ਹੁੰਦਾ ਹੈ, ਉਹ ਕੁਰਾਹੇ ਕਿਵੇਂ ਪੈ ਸਕਦਾ ਹੈ? (ਅਗਿਆਨੀ ਦੇ ਦੱਸੇ ਰਸਤੇ ਤੇ ਨਹੀਂ ਚਲਦਾ। ਹੇ ਭਾਈ!) ਅੰਨ੍ਹੇ ਮਨੁੱਖ ਇਹ ਨਹੀਂ ਕਹੇ ਜਾਂਦੇ, ਜਿਨ੍ਹਾਂ ਦੇ ਮੂੰਹ ਉਪਰ ਅੱਖਾਂ ਨਹੀਂ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਹੀ ਮਨੁੱਖ ਅੰਨ੍ਹੇ ਹਨ, ਜੋ ਮਾਲਕ ਪ੍ਰਭੂ ਤੋਂ ਭੁੱਲ ਜਾਂਦੇ ਹਨ।੧। (ਹੇ ਭਾਈ!) ਜੋ ਮਨੁੱਖ ਮਾਲਕ ਪ੍ਰਭੂ ਨੇ ਅੰਨ੍ਹਾ ਕੀਤਾ ਹੈ, (ਜੇ ਉਸ ਨੂੰ ਮਾਲਕ) ਸੁਜਾਖਾ ਕਰੇ, (ਤਾਂ ਉਹ) ਸੁਜਾਖਾ ਹੋ ਸਕਦਾ ਹੈ। (ਬੇਸਮਝ ਮਨੁੱਖ) ਜਿਹੋ ਜਿਹਾ ਜਾਣਦਾ ਹੈ (ਉਹ) ਉਸੇ ਤਰ੍ਹਾਂ ਹੀ ਵਰਤਦਾ ਹੈ (ਮੂਰਖ ਬੰਦੇ ਦੀ ਜਿੰਨੀ ਕੁ ਸਮਝ ਹੈ, ਉਹ ਉਸੇ ਤਰ੍ਹਾਂ ਕੰਮ ਕਰੀ ਜਾਂਦਾ ਹੈ), ਜੇ ਕੋਈ (ਸਿਆਣਾ ਮਨੁੱਖ ਉਸ ਨੂੰ) ਸੌ ਵਾਰੀ ਪਿਆ ਆਖੀ (ਸਮਝਾਈ) ਜਾਵੇ (ਕਿ ਐਸਾ ਨਾ ਕਰ, ਫਿਰ ਵੀ ਉਹ ਸਮਝਦਾ ਨਹੀਂ)। ਜਿਥੇ (ਹਿਰਦੇ ਜਾਂ ਸਤ ਸੰਗਤ ਵਿਚ) ਉਹ ਨਾਮ ਰੂਪ (ਜਾਂ ਦੈਵੀ ਗੁਣਾਂ ਦੀ) ਵਸਤੂ ਪਈ ਜਾਣੀ ਨਹੀਂ ਜਾਂਦੀ ਹੈ, (ਉਥੇ ਮੂਰਖ ਵੱਲੋਂ) ਆਪਣੀ ਸਮਝ ਦੀ ਵਰਤੋਂ ਹੁੰਦੀ ਜਾਣੋ (ਜਿਥੇ ਲੋਕਾਂ ਨੂੰ ਦੈਵੀ ਗੁਣਾਂ ਜਾਂ ਨਾਮ ਦੀ ਸੋਝੀ ਨਹੀਂ, ਉਥੇ ਬੇਸਮਝ ਲੋਕ ਅਪਣੀ ਮਰਜੀ ਵਰਤਦੇ ਹਨ)। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਹੜਾ ਗਾਹਕ (ਨਾਮ ਜਾਂ ਦੈਵੀ ਗੁਣਾਂ ਦੀ) ਵਸਤੂ ਨੂੰ ਪਛਾਣ ਨਹੀਂ ਸਕਦਾ, ਉਹ ਉਸ ਵਸਤੂ ਨੂੰ ਕਿਵੇਂ ਲਵੇ? (ਨਹੀਂ ਖ੍ਰੀਦ ਸਕੇਗਾ)?।੨।

ਪਦਾਰਥ = ਅੰਧੇ ਕੈ–ਅੰਨ੍ਹੇ (ਅਗਿਆਨੀ ਮਨੁੱਖ) ਦੇ। ਰਾਹਿ ਦਸਿਐ–ਦਸੇ ਹੋਏ ਰਾਹ ਉਤੇ। ਸੁ–ਉਹ। ਸੁਜਾਖਾ–ਜਿਸ ਨੂੰ ਅੱਖਾਂ ਤੋਂ

ਠੀਕ ਦਿਸਦਾ ਹੈ; ਗਿਆਨਵਾਨ।ਉਝੜਿ ਪਾਇ-ਕੁਰਾਹੇ ਪੈਂਦਾ ਹੈ।ਨ ਆਖੀਅਨਿ-ਆਖੇ ਨਹੀਂ ਜਾਂਦੇ।ਜਿਨ ਮੁਖਿ-ਜਿਨ੍ਹਾਂ ਦੇ ਮੂੰਹ ਉਤੇ।ਲੋਇਣ-ਅੱਖਾਂ।ਸੇਈ-ਉਹ ਹੀ।ਖਸਮਹੁ-ਮਾਲਕ ਪ੍ਰਭੂ ਤੋਂ।ਘੁਥੇ-ਭੁੱਲ ਜਾਂਦੇ ਹਨ।੧।ਸਾਹਿਬਿ-ਮਾਲਕ ਪ੍ਰਭੂ ਨੇ।ਜੇਹਾ ਜਾਣੈ -ਜਿਹੋ ਜਿਹਾ ਜਾਣਦਾ ਹੈ।ਤੇਹੋ-ਉਸੇ ਤਰ੍ਹਾਂ।ਜੇ ਸਉ-ਭਾਵੇਂ ਸੌ ਵਾਰੀ।ਜਿਥੈ-ਜਿਥੇ (ਹਿਰਦੇ ਅੰਦਰ)।ਸੁ-ਉਹ।ਵਸਤੁ-ਨਾਮ ਰੂਪ ਪਦਾਰਥ।ਨ ਜਾਪਈ-ਜਾਣੀ ਨਹੀਂ ਜਾਂਦੀ।ਆਪੇ ਵਰਤਉ-ਅਪਣੀ ਸਮਝ (ਆਪਾ ਭਾਵ) ਦੀ ਵਰਤੋਂ।ਜਾਣਿ-ਜਾਣੋ।੨।

ਮਃ ੨ ॥ ਸੋ ਕਿਉ ਅੰਧਾ ਆਖੀਐ, ਜਿ ਹੁਕਮਹੁ ਅੰਧਾ ਹੋਇ ॥ ਨਾਨਕ ਹੁਕਮੁ ਨ ਬੁਝਈ, ਅੰਧਾ ਕਹੀਐ ਸੋਇ ॥੩॥ (ਹੇ ਭਾਈ!) ਜਿਹੜਾ ਮਨੁੱਖ ਪ੍ਰਭੂ ਦੇ ਹੁਕਮ ਨਾਲ ਅੰਨ੍ਹਾਂ ਹੋਇਆ ਹੈ (ਜੋ ਜਨਮ ਤੋਂ ਹੀ ਕੁਦਰਤੀ ਅੰਨ੍ਹਾ ਹੈ; ਜੋ ਸੰਸਾਰ ਵੱਲੋਂ ਅੰਨ੍ਹਾ ਹੈ ਤੇ ਪ੍ਰਮਾਰਥ ਵੱਲੋਂ ਜਿਸ ਦੀਆਂ ਅੱਖਾਂ ਖੁਲ੍ਹੀਆਂ ਹਨ), ਉਸ ਨੂੰ ਅੰਨ੍ਹਾਂ ਕਿਵੇਂ ਆਖਿਆ ਜਾਵੇ? ਭਾਵ ਉਹ ਅੰਨ੍ਹਾਂ (ਅਗਿਆਨੀ) ਨਹੀਂ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਹੀ (ਮਨੁੱਖ ਅਸਲੀ) ਅੰਨ੍ਹਾਂ ਕਹੀਦਾ ਹੈ, (ਜਿਹੜਾ ਪ੍ਰਭੂ ਦੇ) ਹੁਕਮ ਨੂੰ ਨਹੀਂ ਸਮਝਦਾ।੩।

ਅੰਗ ੯੫੫ = ਪਉੜੀ ॥ ਕਾਇਆ ਅੰਦਰਿ ਗੜੁ ਕੋਟੁ ਹੈ, ਸਭਿ ਦਿਸੰਤਰ ਦੇਸਾ ॥ ਆਪੇ ਤਾੜੀ ਲਾਈਅਨੁ ,ਸਭ ਮਹਿ ਪਰਵੇਸਾ ॥ ਆਪੇ ਸ੍ਰਿਸਟਿ ਸਾਜੀਅਨੁ ,ਆਪਿ ਗੁਪਤੁ ਰਖੇਸਾ ॥ ਗੁਰ ਸੇਵਾ ਤੇ ਜਾਣਿਆ, ਸਚੁ ਪਰਗਟੀਏਸਾ ॥ ਸਭੁ ਕਿਛੁ ਸਚੋ ਸਚੁ ਹੈ, ਗੁਰਿ ਸੋਝੀ ਪਾਈ ॥੧੬॥ (ਹੇ ਭਾਈ!) ਸਰੀਰ ਇਕ ਕਿਲ੍ਹਾ ਹੈ, ਇਸ ਦੇ ਅੰਦਰ (ਹਿਰਦਾ, ਪ੍ਰਭੂ ਦਾ) ਕਿਲ੍ਹਾ ਹੈ ਅਤੇ (ਉਹ ਪ੍ਰਭੂ) ਸਾਰੇ ਦੇਸਾਂ ਦਿਸਾਂਤਰਾਂ ਵਿਚ ਵਿਆਪਕ ਹੈ; ਸਰੀਰ ਦੇ ਅੰਦਰ ਕਿਲ੍ਹੇ ਆਦਿਕ ਤੇ ਸਭ ਦੇਸ ਦੇਸਾਂਤਰਾਂ ਦੀਆਂ ਵਸਤਾਂ ਹਨ।ਸਭ ਚੀਜਾਂ, ਜੋ ਮਨੁੱਖ ਪੈਦਾ ਕਰਦਾ ਹੈ, ਉਹ ਸਭ ਆਖਰ ਉਸ ਦੇ ਅੰਦਰੋਂ ਹੀ ਨਿਕਲਦੀਆਂ ਹਨ (ਸ਼ਬਦਾਰਥ)।ਸਾਰੇ ਜੀਵਾਂ ਵਿਚ ਪ੍ਰਵੇਸ ਕਰਕੇ ਉਸ ਨੇ ਆਪ ਹੀ (ਜੀਵਾਂ ਦੇ ਅੰਦਰ) ਸਮਾਧੀ ਲਾਈ ਹੋਈ ਹੈ (ਜੀਵਾਂ ਦੇ ਅੰਦਰ ਟਿਕਿਆ ਹੋਇਆ ਹੈ)।ਆਪ ਹੀ ਉਸ ਨੇ ਸ੍ਰਿਸਟੀ ਸਾਜੀ ਹੈ, ਆਪ ਹੀ ਉਸ ਵਿਚ ਅਪਣੇ ਆਪ ਨੂੰ ਗੁਪਤ ਰੱਖਿਆ ਹੈ।(ਉਹ) ਗੁਰੂ ਦੀ ਸੇਵਾ ਤੋਂ ਜਾਣਿਆ ਜਾਂਦਾ ਹੈ, ਸਚਾ ਈਸ਼ਵਰ (ਇਉਂ) ਪ੍ਰਗਟ ਹੁੰਦਾ ਹੈ।ਗੁਰੂ ਰਾਹੀਂ ਇਹ ਸਮਝ ਪੈਂਦੀ ਹੈ ਕਿ ਸੱਚੋ ਸੱਚ ਪ੍ਰਭੂ ਸਭ ਕੁਛ ਆਪ ਹੀ ਹੈ।੧੬।

ਪਦਾਰਥ = ਸੋ-ਉਹ; ਉਸ ਨੂੰ।ਅੰਧਾ-ਅੰਨ੍ਹਾ (ਅਗਿਆਨੀ)।ਜਿ-ਜਿਹੜਾ (ਮਨੁੱਖ)।ਹੁਕਮਹੁ-ਹੁਕਮ ਨਾਲ; ਹੁਕਮ ਵਿਚ।ਸੋਇ-ਉਹ ਹੀ; ਉਸ ਨੂੰ।ਨ ਬੁਝਈ-ਨਹੀਂ ਸਮਝਦਾ।੩।ਪਉੜੀ।ਕਾਇਆ-ਸਰੀਰ।ਗੜੁ ਕੋਟੁ-ਸਰੀਰ ਰੂਪ ਕਿਲ੍ਹਾ ਤੇ ਹਿਰਦਾ ਰੂਪ ਕਿਲ੍ਹਾ।ਦਿਸੰਤਰਿ-ਪਰਦੇਸ।ਦੇਸਾ-ਅਪਣਾ ਦੇਸ਼।ਤਾੜੀ-ਸਮਾਧੀ।ਲਾਈਅਨੁ-ਲਾਈ ਹੈ ਉਸ ਨੇ।ਸਭ ਮਹਿ-ਸਾਰੇ ਜੀਵਾਂ ਵਿਚ। ਪਰਵੇਸਾ-ਦਾਖਲ; ਪਹੁੰਚ।ਸਾਜੀਅਨੁ-ਸਾਜੀ ਹੈ ਉਸ ਨੇ।ਗੁਪਤੁ ਰਖੇਸਾ-ਲੁਕਾ ਰਖਿਆ ਹੈ।ਸੇਵਾ ਤੇ-ਸੇਵਾ ਤੋਂ।ਪਰਗਟੀਏਸਾ-ਈਸ਼ਵਰ ਪ੍ਰਗਟ ਹੁੰਦਾ ਹੈ।ਸਚੋ ਸਚੁ-ਪੂਰਨ ਸੱਚ ਰੂਪ ਪ੍ਰਭੂ।ਗੁਰਿ-ਗੁਰੂ ਰਾਹੀਂ।ਸੋਝੀ ਪਾਈ-ਸਮਝ ਪੈਂਦੀ ਹੈ।੧੬।

ਸਲੋਕ ਮਃ ੧ ॥ ਸਾਵਣੁ ਰਾਤਿ ਅਹਾੜੁ ਦਿਹੁ ,ਕਾਮੁ ਕ੍ਰੋਧੁ ਦੁਇ ਖੇਤ ॥ ਲਬੁ ਵਤ੍ਰ ਦਰੋਗੁ ਬੀਉ ,ਹਾਲੀ ਰਾਹਕੁ ਹੇਤ ॥ ਹਲੁ ਬੀਚਾਰੁ ਵਿਕਾਰ ਮਣ, ਹੁਕਮੀ ਖਟੇ ਖਾਇ ॥ ਨਾਨਕ ਲੇਖੈ ਮੰਗਿਐ, ਅਉਤੁ ਜਣੇਦਾ ਜਾਇ ॥੧॥ ਮਃ ੧ ॥ ਭਉ ਭੁਇ ਪਵਿਤੁ ਪਾਣੀ, ਸਤੁ ਸੰਤੋਖੁ ਬਲੇਦ ॥ ਹਲੁ ਹਲੇਮੀ ਹਾਲੀ ਚਿਤੁ ,ਚੇਤਾ ਵਤ੍ਰ ਵਖਤ ਸੰਜੋਗੁ ॥ ਨਾਉ ਬੀਜੁ ਬਖਸੀਸ ਬੋਹਲ, ਦੁਨੀਆ ਸਗਲ ਦਰੋਗ ॥ ਨਾਨਕ ਨਦਰੀ ਕਰਮੁ ਹੋਇ, ਜਾਵਹਿ ਸਗਲ ਵਿਜੋਗ ॥੨॥ (ਮਨਮੁਖਾਂ ਦੀ) ਰਾਤ ਸੌਣੀ ਦੀ ਫਸਲ ਹੈ ਤੇ ਤਪਦਾ ਦਿਨ ਹਾੜ੍ਹੀ ਦੀ ਫਸਲ ਹੈ, (ਉਹ) ਕਾਮ ਤੇ ਕ੍ਰੋਧ ਦੋ ਖੇਤ ਬੀਜਦਾ ਹੈ (ਮਨਮੁਖਾਂ ਦੀ ਹਾੜ੍ਹੀ ਸੌਣੀ ਦੀ ਫਸਲ ਇਹ ਹੈ, ਉਹ ਰਾਤ ਕਾਮ ਅਧੀਨ ਤੇ ਕ੍ਰੋਧ ਵਸ ਹੋ ਕੇ ਤਪਦਾ ਦਿਨ ਗੁਜਾਰਦਾ ਹੈ।ਮਨਮੁਖ ਲਈ) ਲੋਭ ਵਤ੍ਰ ਹੈ, ਬੀਜਣ ਲਈ ਝੂਠ ਬੀਜ ਹੈ ਤੇ ਮੋਹ ਹਲ ਵਾਹੁਣ ਵਾਲਾ ਕਿਸਾਨ ਹੈ।ਅਤੇ ਵਿਕਾਰਾਂ ਦੀ ਵਿਚਾਰ ਹਲ ਹੈ, ਵਿਕਾਰਾਂ ਦਾ ਬੋਹਲ ਇਕੱਠਾ ਕੀਤਾ ਹੈ, (ਉਹ ਅਪਣੇ ਕੀਤੇ ਕਰਮਾਂ ਅਨੁਸਾਰ) ਪ੍ਰਭੂ ਦੇ ਹੁਕਮ ਵਿਚ ਖੱਟਿਆ ਖਾਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਮਨਮੁਖ ਦੇ ਕਰਮਾਂ ਦਾ) ਲੇਖਾ ਮੰਗੇ ਜਾਣ ਵੇਲੇ ਪਤਾ ਚਲਦਾ ਹੈ ਕਿ (ਉਸ ਨੂੰ) ਜਣਨ ਵਾਲਾ ਪਿਤਾ (ਜਗਤ ਤੋਂ) ਔਤਰਾ ਹੀ ਜਾਂਦਾ ਹੈ (ਅਜੇਹੇ ਪੁਤ੍ਰ ਦਾ ਪੈਦਾ ਹੋਣਾ ਨਿਸਫਲ ਹੈ, ਉਹ ਨਾ ਹੋਣ ਦੇ ਬਰਾਬਰ ਹੈ)।੧।(ਗੁਰਮੁਖਾਂ ਲਈ ਪ੍ਰਭੂ ਦਾ) ਡਰ ਜਮੀਨ ਹੈ, ਪਵਿਤ੍ਰ ਜੀਵਨ ਪਾਣੀ ਹੈ ਅਤੇ (ਹਲ ਵਾਹੁਣ ਲਈ) ਸਤ ਸੰਤੋਖ ਬਲਦ ਹਨ।ਨਿਮ੍ਰਤਾ ਹਲ ਹੈ, ਚਿੱਤ ਹਾਲੀ, (ਪ੍ਰਭੂ ਨੂੰ) ਚੇਤੇ ਕਰਨਾ ਵਤ੍ਰ ਅਤੇ ਗੁਰੂ ਦਾ ਮਿਲਾਪ (ਗੁਰਮੁਖ ਲਈ ਫਸਲ ਬੀਜਣ ਦਾ) ਸਮਾਂ ਹੈ।(ਉਸ ਦੇ ਲਈ ਪ੍ਰਭੂ ਦਾ) ਨਾਮ ਬੀਜ ਹੈ, ਪ੍ਰਭੂ ਦੀ ਬਖਸ਼ਿਸ਼ ਦਾ ਬੋਹਲ, (ਉਸ ਨੂੰ) ਸਾਰੀ ਦੁਨੀਆਂ ਝੂਠੀ (ਸਾਥ ਨਾ ਨਿਭਣ ਵਾਲੀ) ਦਿਸਦੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਇਸ ਤਰ੍ਹਾਂ ਦੀ ਖੇਤੀ ਕਰਨ ਨਾਲ ਜਦ) ਮਿਹਰਵਾਨ ਪ੍ਰਭੂ ਦੀ ਬਖਸ਼ਿਸ਼ ਹੁੰਦੀ ਹੈ, ਤਾਂ (ਪ੍ਰਭੂ ਤੋਂ) ਸਾਰੇ ਵਿਛੋੜੇ (ਦੁਖ) ਦੂਰ ਹੋ ਜਾਂਦੇ ਹਨ।੨।

ਪਦਾਰਥ = ਸਾਵਣੁ–ਸੌਣ ਦਾ ਮਹੀਨਾ। ਅਹਾੜੁ–ਹਾੜ੍ਹ ਦਾ ਮਹੀਨਾ। ਦਿਹੁ–ਦਿਨ। ਦੁਇ–ਦੋਵੇਂ। ਲਬੁ–ਲੋਭ। ਵਤ੍ਰ–ਖੇਤ ਦੀ ਉਹ ਹਾਲਤ, ਜਦੋਂ ਨਾ ਬਹੁਤਾ ਗਿੱਲਾ ਹੋਵੇ ਤੇ ਨਾ ਸੁੱਕਾ, ਬੀਜਣ ਯੋਗ ਹੋਵੇ। ਦਰੋਗੁ–ਝੂਠ। ਬੀਉ–ਬੀਜ। ਹਾਲੀ ਰਾਹਕੁ–ਹਲ ਵਾਹੁਣ ਵਾਲਾ ਕਿਸਾਨ। ਹੇਤ–ਮੋਹ। ਮਣ–ਬੋਹਲ। ਹੁਕਮੀ–ਹੁਕਮ ਵਿਚ। ਖਟੇ ਖਾਇ–ਕਮਾਈ ਖਾਂਦਾ ਹੈ। ਅਉਤੁ–ਔਤਰਾ (ਸੰਤਾਨ ਰਹਿਤ; ਫਲ ਹੀਣ)। ਜਣੇਦਾ–ਜਣਨ ਵਾਲਾ ਪਿਤਾ।੧। ਭਉ–ਡਰ। ਭੁਇ–ਜਮੀਨ; ਖੇਤ। ਪਵਿਤੁ–ਪਵਿਤ੍ਰ (ਜੀਵਨ)। ਬਲੇਦ–ਬਲਦ। ਹਲੇਮੀ –ਨਿਮ੍ਰਤਾ। ਚੇਤਾ–ਯਾਦ (ਪ੍ਰਭੂ ਦੀ)। ਵਖਤ–ਸਮਾਂ। ਸੰਜੋਗੁ–ਮਿਲਾਪ। ਨਦਰੀ–ਮੇਹਰਵਾਨ। ਕਰਮੁ–ਬਖਸ਼ਿਸ਼। ਵਿਜੋਗੁ–ਵਿਛੋੜਾ।੨।

ਹਾਲੀ ਰਾਹ ਕੁਹੇਤ = ਵਿਸ਼ੇ ਵਿਕਾਰਾਂ ਦਾ ਖੋਟਾ ਪ੍ਰੇਮ ਬੀਜ ਬੀਜਣ ਵਾਲਾ ਹਾਲੀ ਹੈ (ਟਕਸਾਲ; ਸੰ.ਸ.; ਬਾ.ਪ੍ਰ.)।

ਪਉੜੀ ॥ ਮਨਮੁਖਿ ਮੋਹੁ ਗੁਬਾਰੁ ਹੈ, ਦੂਜੈ ਭਾਇ ਬੋਲੈ ॥ ਦੂਜੈ ਭਾਇ ਸਦਾ ਦੁਖੁ ਹੈ, ਨਿਤ ਨੀਰੁ ਵਿਰੋਲੈ ॥ ਗੁਰਮੁਖਿ ਨਾਮੁ ਧਿਆਈਐ, ਮਥਿ ਤਤੁ ਕਢੋਲੈ ॥ ਅੰਤਰਿ ਪਰਗਾਸੁ ਘਟਿ ਚਾਨਣਾ, ਹਰਿ ਲਧਾ ਟੋਲੈ ॥ ਆਪੇ ਭਰਮਿ ਭੁਲਾਇਦਾ, ਕਿਛੁ ਕਹਣੁ ਨ ਜਾਈ ॥੧੭॥ ਮਨਮੁਖ ਦੇ ਅੰਦਰ ਮੋਹ ਰੂਪ ਹਨ੍ਹੇਰਾ ਹੈ, (ਜਿਸ ਕਰਕੇ ਉਹ) ਦ੍ਵੈਤ ਭਾਵ ਵਿਚ ਬੋਲਦਾ ਹੈ। ਦ੍ਵੈਤ ਭਾਵ ਵਿਚ (ਮਨਮੁਖ ਨੂੰ) ਸਦਾ ਦੁਖ ਹੁੰਦਾ ਹੈ, (ਉਹ) ਨਿੱਤ ਪਾਣੀ ਰਿੜਕਦਾ ਹੈ (ਬਿਅਰਥ ਸਮਾਂ ਗੁਜਾਰਦਾ ਹੈ। ਜੋ ਮਨੁੱਖ) ਗੁਰੂ ਦੁਆਰਾ ਪ੍ਰਭੂ ਦੇ ਨਾਮ ਨੂੰ ਧਿਆਉਂਦਾ ਹੈ, (ਉਹ ਵਿਚਾਰ ਰੂਪ ਦੁੱਧ) ਰਿੜਕ ਕੇ (ਬ੍ਰਹਮ ਗਿਆਨ ਰੂਪ) ਮੱਖਣ ਕੱਢ ਲੈਂਦਾ ਹੈ। (ਉਸ ਦੇ ਹਿਰਦੇ) ਅੰਦਰ ਗਿਆਨ ਦਾ ਚਾਨਣ ਹੋ ਜਾਂਦਾ ਹੈ ਤੇ ਹਰੀ ਦਾ ਪ੍ਰਕਾਸ਼ ਹੋ ਜਾਂਦਾ ਹੈ, (ਉਸ ਨੇ) ਹਰੀ ਨੂੰ ਖੋਜ ਕੇ ਲੱਭ ਲਿਆ ਹੈ। ਪ੍ਰਭੂ ਆਪ ਹੀ (ਮਨੁੱਖ ਨੂੰ ਉਸ ਦੇ ਕੀਤੇ ਕਰਮਾਂ ਅਨੁਸਾਰ) ਭਰਮ ਵਿਚ ਭੁਲਾਉਂਦਾ ਹੈ, (ਇਸ ਬਾਰੇ) ਕੁਛ ਕਿਹਾ ਨਹੀਂ ਜਾ ਸਕਦਾ।੧੭।

ਪਦਾਰਥ = ਮਨਮੁਖਿ–ਮਨਮਤੀਆ ਮਨੁੱਖ। ਗੁਬਾਰੁ–ਗਾੜ੍ਹਾ ਹਨ੍ਹੇਰਾ। ਦੂਜੈ ਭਾਇ–(ਪ੍ਰਭੂ ਨੂੰ ਛਡ ਕੇ ਕਿਸੇ) ਦੂਜੇ ਦੇ ਪਿਆਰ ਵਿਚ। ਨਿਤ–ਹਰ ਰੋਜ। ਨੀਰੁ–ਪਾਣੀ। ਵਿਰੋਲੈ–ਰਿੜਕਦਾ ਹੈ। ਮਥਿ–ਰਿੜਕ ਕੇ। ਤਤੁ–(ਬ੍ਰਹਮ ਗਿਆਨ ਰੂਪ) ਮੱਖਣ। ਕਢੋਲੇ–ਕੱਢਦਾ ਹੈ। ਅੰਤਰਿ ਘਟਿ–ਹਿਰਦੇ ਅੰਦਰ। ਲਧਾ–ਲੱਭ ਲਿਆ। ਟੋਲੈ–ਟੋਲ ਕੇ।੧੭।

ਸਲੋਕ ਮਃ ੨ ॥ ਨਾਨਕ ਚਿੰਤਾ ਮਤਿ ਕਰਹੁ ,ਚਿੰਤਾ ਤਿਸ ਹੀ ਹੇਇ ॥ ਜਲ ਮਹਿ ਜੰਤ ਉਪਾਇਅਨੁ ,ਤਿਨਾ ਭਿ ਰੋਜੀ ਦੇਇ ॥ ਓਥੈ ਹਟੁ ਨ ਚਲਈ, ਨਾ ਕੋ ਕਿਰਸ ਕਰੇਇ ॥ ਸਉਦਾ ਮੂਲਿ ਨ ਹੋਵਈ, ਨਾ ਕੋ ਲਏ ਨ ਦੇਇ ॥ ਜੀਆ ਕਾ ਅਹਾਰੁ ਜੀਅ, ਖਾਣਾ ਏਹੁ ਕਰੇਇ ॥ ਵਿਚਿ ਉਪਾਏ ਸਾਇਰਾ, ਤਿਨਾ ਭਿ ਸਾਰ ਕਰੇਇ ॥ ਨਾਨਕ ਚਿੰਤਾ ਮਤ ਕਰਹੁ ,ਚਿੰਤਾ ਤਿਸ ਹੀ ਹੇਇ ॥੧॥ ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਭਰਾਵੋ! ਰੋਜੀ ਰੋਟੀ ਦੀ) ਚਿੰਤਾ ਨਾ ਕਰੋ, (ਕਿਉਂਕਿ ਤੁਹਾਡੇ ਖਾਣ ਪੀਣ ਦੀ) ਚਿੰਤਾ ਉਸ ਪ੍ਰਭੂ ਨੂੰ ਹੈ। ਉਸ ਪ੍ਰਭੂ ਨੇ ਪਾਣੀ ਵਿਚ ਵੀ ਜੀਵ ਪੈਦਾ ਕੀਤੇ ਹਨ, (ਉਹ) ਉਨ੍ਹਾਂ ਨੂੰ ਵੀ ਖਾਧ ਖੁਰਾਕ ਦੇਂਦਾ ਹੈ। ਉਥੇ (ਪਾਣੀ ਵਿਚ) ਨਾ ਕੋਈ ਦੁਕਾਨ ਚਲਦੀ ਹੈ ਅਤੇ ਨਾ ਹੀ ਕੋਈ ਖੇਤੀ ਕਰਦਾ ਹੈ। (ਉਥੇ) ਸੌਦਾ ਉੱਕਾ ਹੀ ਨਹੀਂ ਹੁੰਦਾ, ਨਾ ਕੋਈ (ਉਥੇ ਪਾਣੀ ਵਿਚ ਕੋਈ ਸੌਦਾ ਜਾਂ ਪੈਸਾ) ਲੈਂਦਾ ਹੈ ਤੇ ਨਾ ਦੇਂਦਾ ਹੈ। (ਉਥੇ) ਜੀਵਾਂ ਦਾ ਭੋਜਨ ਜੀਵ ਹਨ, (ਉਥੇ ਪਾਣੀ ਵਿਚ ਜੀਵ) ਇਹ ਭੋਜਨ ਕਰਦੇ ਹਨ। (ਬੇਅੰਤ ਜੀਵ) ਸਮੁੰਦਰ ਵਿਚ ਪੈਦਾ ਕੀਤੇ ਹਨ, ਉਨ੍ਹਾਂ ਦੀ ਸੰਭਾਲ (ਵੀ ਪ੍ਰਭੂ) ਕਰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਭਰਾਵੋ! ਭੋਜਨ ਦੀ) ਚਿੰਤਾ ਨਾ ਕਰੋ, (ਤੁਹਾਡੇ ਸਭ ਦੇ ਭੋਜਨ ਦੀ) ਚਿੰਤਾ ਉਸ ਪ੍ਰਭੂ ਨੂੰ ਹੈ (ਜਿਸ ਨੇ ਪੈਦਾ ਕੀਤਾ ਹੈ)।੧।

ਪਦਾਰਥ = ਚਿੰਤਾ–ਫਿਕਰ। ਮਤਿ ਕਰਹੁ–ਨਾ ਕਰੋ। ਤਿਸ ਹੀ–ਉਸ ਪ੍ਰਭੂ ਨੂੰ ਹੀ। ਹੇਇ–ਹੈ। ਜਲ ਮਹਿ–ਪਾਣੀ ਵਿਚ। ਜੰਤ–ਜੀਵ। ਉਪਾਇਅਨੁ–ਪੈਦਾ ਕੀਤੇ ਹਨ ਉਸ ਨੇ। ਤਿਨਾ ਭਿ–ਉਨ੍ਹਾਂ ਨੂੰ ਵੀ। ਰੋਜੀ–ਭੋਜਨ। ਦੇਇ–ਦੇਂਦਾ ਹੈ। ਓਥੈ–ਉਥੇ (ਪਾਣੀ ਵਿਚ)। ਹਟੁ–ਦੁਕਾਨ। ਨਾ ਕੋ–ਨਾ ਹੀ ਕੋਈ। ਕਿਰਸ–ਖੇਤੀ। ਮੂਲਿ–ਉੱਕਾ ਹੀ। ਜੀਆ ਕਾ–ਜੀਵਾਂ ਦਾ। ਅਹਾਰੁ–ਭੋਜਨ। ਉਪਾਏ–ਪੈਦਾ ਕੀਤੇ ਹਨ। ਸਾਇਰਾ–ਸਮੁੰਦਰ। ਸਾਰ ਕਰੇਇ–ਸੰਭਾਲ ਕਰਦਾ ਹੈ।੧।

ਮਃ ੧ ॥ ਨਾਨਕ ਇਹੁ ਜੀਉ ਮਛੁਲੀ, ਝੀਵਰੁ ਤ੍ਰਿਸਨਾ ਕਾਲੁ ॥ ਮਨੂਆ ਅੰਧੁ ਨ ਚੇਤਈ, ਪੜੈ ਅਚਿੰਤਾ ਜਾਲੁ ॥ ਨਾਨਕ ਚਿਤੁ ਅਚੇਤੁ ਹੈ, ਚਿੰਤਾ ਬਧਾ ਜਾਇ ॥ ਨਦਰਿ ਕਰੇ ਜੇ ਆਪਣੀ, ਤਾ ਆਪੇ ਲਏ ਮਿਲਾਇ ॥੨॥ ਨਾਨਕ ਗੁਰੂ ਜੀ ਆਖਦੇ ਹਨ ਕਿ ਇਹ ਜਿੰਦ ਮੱਛੀ ਹੈ ਅਤੇ ਤ੍ਰਿਸ਼ਨਾ ਰੂਪ ਕਾਲ (ਇਸ ਨੂੰ ਮਾਰਨ ਵਾਲਾ) ਮਛੇਰਾ ਹੈ (ਤ੍ਰਿਸ਼ਨਾ ਜੀਵ ਨੂੰ ਖਾਂਦੀ ਹੈ)। ਅੰਨ੍ਹਾ (ਅਗਿਆਨੀ) ਮਨ ਪ੍ਰਭੂ ਨੂੰ ਚੇਤੇ ਨਹੀਂ ਕਰਦਾ, (ਜਿਸ ਕਰਕੇ) ਅਚਾਨਕ ਹੀ (ਇਸ ਨੂੰ ਮੌਤ ਦਾ) ਜਾਲ ਪੈ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਪ੍ਰਭੂ ਦੀ ਯਾਦ ਤੋਂ ਜੀਵ ਦਾ) ਚਿੱਤ ਬੇਖਬਰ ਹੈ, (ਇਸ ਕਰਕੇ ਜੀਵ) ਚਿੰਤਾ ਵਿਚ ਹੀ ਬੱਧਾ ਹੋਇਆ (ਸੰਸਾਰ ਵਿਚੋਂ) ਚਲਾ ਜਾਂਦਾ ਹੈ। ਜੇ ਪ੍ਰਭੂ ਅਪਣੀ ਮੇਹਰ ਦੀ ਨਜਰ ਕਰ ਦੇਵੇ, ਤਾਂ (ਜੀਵ ਨੂੰ ਅਪਣੇ) ਨਾਲ ਆਪ ਹੀ ਮਿਲਾ ਲੈਂਦਾ ਹੈ।੨।

ਪਉੜੀ ॥ ਸੇ ਜਨ ਸਾਚੇ ਸਦਾ ਸਦਾ, ਜਿਨੀ ਹਰਿ ਰਸੁ ਪੀਤਾ ॥ ਗੁਰਮੁਖਿ ਸਚਾ ਮਨਿ ਵਸੈ, ਸਚੁ ਸਉਦਾ ਕੀਤਾ ॥ ਸਭੁ ਕਿਛੁ ਘਰ ਹੀ ਮਾਹਿ ਹੈ, ਵਡਭਾਗੀ ਲੀਤਾ ॥ ਅੰਤਰਿ ਤ੍ਰਿਸਨਾ ਮਰਿ ਗਈ, ਹਰਿ ਗੁਣ ਗਾਵੀਤਾ ॥ ਆਪੇ ਮੇਲਿ ਮਿਲਾਇਅਨੁ ,ਆਪੇ ਦੇਇ ਬੁਝਾਈ ॥੧੮॥ (ਹੇ ਭਾਈ!) ਉਹ ਪੁਰਖ ਸਦਾ ਸਦਾ ਸੱਚੇ ਹਨ, ਜਿਨ੍ਹਾਂ ਨੇ ਹਰੀ ਦਾ ਨਾਮ ਰਸ ਪੀਤਾ ਹੈ। ਗੁਰੂ ਦੀ ਸ਼ਰਣ ਵਿਚ ਪੈਣ ਕਰਕੇ (ਉਨ੍ਹਾਂ ਦੇ) ਮਨ ਵਿਚ ਸੱਚ ਸਰੂਪ ਪ੍ਰਭੂ ਵਸਦਾ ਹੈ ਅਤੇ (ਉਨ੍ਹਾਂ ਨੇ) ਸੱਚੇ ਨਾਮ ਦਾ ਸੌਦਾ ਕੀਤਾ ਹੈ। ਸਭ ਕੁਛ ਹਿਰਦੇ ਘਰ ਵਿਚ ਹੀ ਹੈ, (ਪਰ) ਵੱਡੇ ਭਾਗਾਂ ਵਾਲੇ ਪੁਰਖਾਂ ਨੇ ਨਾਮ ਰੂਪ ਸੌਦਾ ਲਿਆ ਹੈ। (ਉਹ) ਹਰੀ ਦੇ ਗੁਣ ਗਾਉਂਦੇ ਹਨ, (ਜਿਸ ਕਰਕੇ ਉਨ੍ਹਾਂ ਦੇ) ਹਿਰਦੇ ਅੰਦਰੋਂ ਤ੍ਰਿਸ਼ਨਾ ਮਰ ਗਈ ਹੈ। (ਨਾਮ ਦਾ ਸੌਦਾ ਖ਼੍ਰੀਦਣ ਦੀ) ਸਮਝ ਪ੍ਰਭੂ ਆਪ ਹੀ ਦੇਂਦਾ ਹੈ, (ਨਾਮ ਦੇ ਅਜੇਹੇ ਵਪਾਰੀ) ਉਸ ਨੇ ਆਪ ਹੀ ਅਪਣੇ ਮੇਲ ਵਿਚ ਮਿਲਾ ਲਏ ਹਨ। ਵਾਹੁ ਵਾਹੁ ਸਚੇ ਪਾਤਸਾਹ ਤੂ ਸਚੀ ਨਾਈ।੧੮।

ਪਦਾਰਥ = ਜੀਉ–ਜਿੰਦ। ਝੀਵਰੁ–ਮਛੇਰਾ। ਕਾਲੁ–ਮੌਤ। ਮਨੂਆ–ਮਨ। ਅੰਧੁ–ਅੰਨ੍ਹਾ (ਅਗਿਆਨੀ)। ਨ ਚੇਤਈ–ਚੇਤੇ ਨਹੀਂ ਕਰਦਾ। ਪੜੈ–ਪੈਂਦਾ ਹੈ। ਅਚਿੰਤਾ–ਅਚਨ ਚੇਤ; ਬੇਖਬਰੀ ਵਿਚ। ਅਚੇਤੁ–ਬੇਖਬਰ। ਨਦਰਿ–ਮੇਹਰ ਦੀ ਨਜਰ। ਤਾ–ਤਾਂ।੨। ਸੇ ਜਨ–ਉਹ ਪੁਰਖ। ਜਿਨੀ–ਜਿਨ੍ਹਾਂ ਨੇ। ਗੁਰਮੁਖਿ–ਗੁਰੂ ਦੀ ਸ਼ਰਣ ਵਿਚ ਪੈਣ ਕਰਕੇ। ਮਨਿ–ਮਨ ਵਿਚ। ਘਰ ਮਾਹਿ–ਹਿਰਦੇ ਵਿਚ। ਵਡਭਾਗੀ–ਵੱਡੇ ਭਾਗਾਂ ਵਾਲੇ ਪੁਰਖਾਂ ਨੇ। ਲੀਤਾ–ਲਿਆ ਹੈ। ਅੰਤਰਿ–ਹਿਰਦੇ ਅੰਦਰੋਂ। ਮੇਲਿ–ਮੇਲ (ਸੰਗਤ) ਵਿਚ। ਮਿਲਾਇਅਨੁ–ਮਿਲਾਏ ਹਨ ਉਸ ਨੇ। ਦੇਇ ਬੁਝਾਈ–ਸਮਝ (ਅਕਲ) ਦੇਂਦਾ ਹੈ।੧੮।

ਸਲੋਕ ਮਃ ੧ ॥ ਵੇਲਿ ਪਿੰਞਾਇਆ, ਕਤਿ ਵੁਣਾਇਆ ॥ ਕਟਿ ਕੁਟਿ ਕਰਿ, ਖੁੰਬਿ ਚੜਾਇਆ ॥ ਲੋਹਾ ਵਢੇ ਦਰਜੀ ਪਾੜੇ, ਸੂਈ ਧਾਗਾ ਸੀਵੈ ॥ ਇਉ ਪਤਿ ਪਾਟੀ ਸਿਫਤੀ ਸੀਪੈ, ਨਾਨਕ ਜੀਵਤ ਜੀਵੈ ॥ ਹੋਇ ਪੁਰਾਣਾ ਕਪੜੁ ਪਾਟੈ, ਸੂਈ ਧਾਗਾ ਗੰਢੈ ॥ ਮਾਹੁ ਪਖੁ ਕਿਹੁ ਚਲੈ ਨਾਹੀ, ਘੜੀ ਮੁਹਤੁ ਕਿਛੁ ਹੰਢੈ ॥ ਸਚੁ ਪੁਰਾਣਾ ਹੋਵੈ ਨਾਹੀ, ਸੀਤਾ ਕਦੇ ਨ ਪਾਟੈ ॥ ਨਾਨਕ ਸਾਹਿਬੁ ਸਚੋ ਸਚਾ, ਤਿਚਰੁ ਜਾਪੀ ਜਾਪੈ ॥੧॥ (ਕਿਸੇ ਸਿੱਖ ਨੇ ਪੁਛਿਆ ਕਿ ਵਿਛੜੀ ਆਤਮਾ ਦਾ ਪ੍ਰਮਾਤਮਾ ਨਾਲ ਮਿਲਾਪ ਕਿਵੇਂ ਹੋ ਸਕਦਾ ਹੈ? ਸਤਿ ਗੁਰੂ ਜੀ ਕੱਪੜੇ ਦਾ ਦ੍ਰਿਸਟਾਂਤ ਦੇ ਕੇ ਦਸਦੇ ਹਨ ਕਿ ਪਹਿਲਾਂ ਰੂੰ ਨੂੰ ਬੇਲਨੇ ਵਿਚ) ਵੇਲ ਕੇ ਪਿੰਜਾਇਆ ਜਾਂਦਾ ਹੈ, (ਫਿਰ ਚਰਖੇ ਤੇ) ਕੱਤ ਕੇ (ਕਪੜਾ) ਉਣਾਇਆ ਜਾਂਦਾ ਹੈ। (ਫਿਰ ਇਸ ਨੂੰ) ਕੁੱਟ ਕੁੱਟ ਕਰਕੇ (ਸਾਫ ਕਰਨ ਲਈ ਭੱਠੀ ਵਿਚ) ਖੁੰਬ ਤੇ ਚਾੜ੍ਹਿਆ ਜਾਂਦਾ ਹੈ। ਫਿਰ ਕਪੜੇ ਨੂੰ) ਲੋਹਾ (ਕੈਂਚੀ) ਕਤਰਦੀ ਹੈ, ਦਰਜੀ ਪਾੜ ਕੇ ਸੂਈ ਧਾਗੇ ਨਾਲ ਸਿਉਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਵੇਂ ਇਹ ਪਾਟਾ ਹੋਇਆ ਕਪੜਾ ਸੂਈ ਧਾਗੇ ਨਾਲ ਸੀਤਾ ਜਾਂਦਾ ਹੈ) ਇਸੇ ਤਰ੍ਹਾਂ ਮਨੁੱਖ ਦੀ ਗਵਾਚੀ ਇੱਜਤ ਪ੍ਰਭੂ ਦੀ ਸਿਫਤ ਸਲਾਹ ਕਰਨ ਨਾਲ ਫਿਰ ਸਿਉਂ ਲਈ (ਬਣ) ਜਾਂਦੀ ਹੈ, (ਉਹ ਮੁੜ) ਚੰਗਾ ਜੀਵਨ ਜਿਉਣ ਲਗ ਪੈਂਦਾ ਹੈ {ਸਿਫਤੀ ਗੰਢੁ ਪਵੈ ਦਰਬਾਰਿ ੧੪੩}। (ਜਦ ਸੀਤਾ ਹੋਇਆ ਨਵਾਂ) ਕਪੜਾ ਪੁਰਾਣਾ ਹੋ ਕੇ ਫਟ ਜਾਂਦਾ ਹੈ, (ਤਾਂ ਉਸ ਨੂੰ ਮੁੜ) ਸੂਈ ਧਾਗਾ ਗੰਢ ਦਿੰਦਾ ਹੈ। (ਅਜੇਹਾ ਪੁਰਾਣਾ ਕਪੜਾ) ਕੋਈ ਮਹੀਨਾ, ਪੱਖ (ਪੰਦਰਾਂ ਦਿਨ ਭਾਵ ਬਹੁਤਾ ਚਿਰ) ਨਹੀਂ ਚਲਦਾ, (ਉਹ ਕਪੜਾ) ਕੁਛ ਘੜੀ ਦੋਂ ਘੜੀਆਂ ਹੀ ਹੰਢਦਾ ਹੈ (ਪੁਰਾਣੇ ਕਪੜੇ ਨੂੰ ਗੰਢ ਤਰੁੱਪ ਕਰੀਏ, ਤਾਂ ਉਹ ਬਹੁਤ ਚਿਰ ਨਹੀਂ ਹੰਢਦਾ, ਇਸੇ ਤਰ੍ਹਾਂ ਮਾੜਾ ਜੀਵਨ ਬਹੁਤੀ ਦੇਰ ਨਹੀਂ ਚਲਦਾ। ਕੇਵਲ) ਸੱਚ ਰੂਪ ਕਪੜਾ ਐਸਾ ਹੈ, ਜੋ ਪੁਰਾਣਾ ਨਹੀਂ ਹੁੰਦਾ, (ਜੋ ਪ੍ਰਭੂ ਦੀ ਸਿਫਤ ਸਲਾਹ ਦੁਆਰਾ) ਸੀਤਾ ਹੋਇਆ ਕਦੇ ਪਾਟਦਾ ਨਹੀਂ (ਜਦ ਪ੍ਰਭੂ ਦੀ ਸਿਫਤ ਸਲਾਹ ਦੁਆਰਾ ਜੀਵਨ ਸੱਚਾ ਸੁੱਚਾ ਹੋ ਜਾਂਦਾ ਹੈ, ਤਾਂ ਇਸ ਵਿਚ ਸੱਚ ਆ ਜਾਂਦਾ ਹੈ, ਇਹ ਅਮਰ ਜੀਵਨ ਹੈ, ਜੋ ਪੁਰਾਣਾ ਨਹੀਂ ਹੁੰਦਾ, ਇਹ ਸੱਚ ਕਿੱਥੋਂ ਲੱਭਦਾ ਹੈ)? ਨਾਨਕ ਗੁਰੂ ਜੀ ਆਖਦੇ ਹਨ ਕਿ ਮਾਲਕ ਪ੍ਰਭੂ ਨਿਰੋਲ ਸੱਚਾ ਹੈ (ਉਸ ਨੂੰ ਸਿਮਰ ਕੇ ਸੱਚ ਲੱਭਦਾ ਹੈ, ਉਸ ਨੂੰ) ਮੈਂ ਉਤਨਾ ਚਿਰ ਜਪਦਾ ਰਹਾਂਗਾ, ਜਿੰਨਾ ਚਿਰ ਜਪਿਆ ਜਾਵੇ ਭਾਵ ਜਿੰਨੀ ਦੇਰ ਤਕ ਜਿਉਂਦਾ ਹਾਂ, ਉਤਨਾ ਚਿਰ ਤਕ ਜਪਦਾ ਰਹਾਂਗਾ।੧।

ਅੰਗ ੯੫੬ = ਮਃ ੧ ॥ ਸਚ ਕੀ ਕਾਤੀ, ਸਚੁ ਸਭੁ ਸਾਰੁ ॥ ਘਾੜਤ ਤਿਸ ਕੀ ,ਅਪਰ ਅਪਾਰ ॥ ਸਬਦੇ ਸਾਣ ਰਖਾਈ ਲਾਇ ॥ ਗੁਣ ਕੀ ਥੇਕੈ, ਵਿਚਿ ਸਮਾਇ ॥ ਤਿਸ ਕਾ ਕੁਠਾ ਹੋਵੈ ਸੇਖੁ ॥ ਲੋਹੂ ਲਬੁ ਨਿਕਥਾ ਵੇਖੁ ॥ ਹੋਇ ਹਲਾਲੁ ,ਲਗੈ ਹਕਿ ਜਾਇ ॥ ਨਾਨਕ ਦਰਿ ਦੀਦਾਰਿ ਸਮਾਇ ॥੨॥ (ਮਨੁੱਖਾ ਜੀਵਨ ਨੂੰ ਹਲਾਲ ਕਿਵੇਂ ਕੀਤਾ ਜਾਵੇ? ਇਸ ਨੂੰ ਅਲੰਕਾਰਕ ਢੰਗ ਨਾਲ ਉਚਾਰਨ ਕੀਤਾ ਹੈ, ਇਸ ਤਰ੍ਹਾਂ ਜੋ ਮਨੁੱਖ ਹਲਾਲ ਹੁੰਦਾ ਹੈ, ਉਹ ਰੱਬ ਦੀ ਦਰਗਾਹ ਵਿਚ ਜਾ ਪੁੱਜਦਾ ਹੈ) ਜੇ ਸੱਚ ਦੀ ਛੁਰੀ ਹੋਵੇ, (ਉਸ ਛੁਰੀ ਦਾ) ਸਾਰਾ ਲੋਹਾ ਵੀ ਸੱਚ ਰੂਪ ਹੋਵੇ। ਉਸ (ਛੁਰੀ) ਦੀ ਘਾੜਤ ਬਿਅੰਤ ਤੋਂ ਬਿਅੰਤ (ਬਹੁਤ ਸੁੰਦਰ) ਹੈ। (ਜੇ ਉਹ ਛੁਰੀ ਗੁਰੂ ਦੇ) ਸ਼ਬਦ ਰੂਪ ਸਾਣ ਤੇ ਰੱਖ ਕੇ ਲਾਈ (ਤੇਜ ਕੀਤੀ) ਜਾਵੇ। ਤੇ ਇਹ ਪ੍ਰਭੂ ਦੇ ਗੁਣਾਂ ਦੇ ਮਿਆਨ ਵਿਚ ਟਿਕੀ ਹੋਵੇ। ਜੇ ਸ਼ੇਖ ਉਸ

ਛੁਰੀ ਦਾ ਕੋਹਿਆ ਹੋਵੇ (ਸ਼ੇਖ ਦਾ ਜੀਵਨ ਇਨ੍ਹਾਂ ਦੈਵੀ ਗੁਣਾਂ ਨਾਲ ਘੜਿਆ ਹੋਵੇ। ਤਾਂ ਉਸ ਸ਼ੇਖ ਦੇ ਅੰਦਰੋਂ) ਲਬ ਰੂਪ ਲਹੂ ਨਿਕਲਿਆ ਹੀ ਦੇਖ (ਜਾਨਵਰ ਤਦ ਹਲਾਲ ਗਿਣਦੇ ਹਨ, ਜਦ ਲਹੂ ਨਿਕਲ ਜਾਵੇ। ਇਸ ਤਰ੍ਹਾਂ ਉਹ) ਹਲਾਲ ਹੋ ਕੇ ਪ੍ਰਭੂ ਵਿਚ ਜਾ ਲਗਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭ ਦੇ ਦਰ ਤੇ ਪੁਜ ਕੇ (ਉਹ ਉਸ ਦੇ) ਦਰਸ਼ਨ ਵਿਚ ਲੀਨ ਹੋ ਜਾਂਦਾ ਹੈ।੨।

ਪਦਾਰਥ = ਵੇਲਿ–(ਵੇਲਣੇ ਵਿਚ) ਵੇਲ ਕੇ। ਪਿੰਞਾਇਆ–ਪਿੰਜਾਇਆ। ਕਤਿ–ਕੱਤ ਕੇ। ਵੁਣਾਇਆ–ਬੁਣਵਾਇਆ; ਉਣਵਾਇਆ। ਕਟਿ ਕੁਟਿ–ਕੁੱਟ ਕੁੱਟ ਕੇ। ਖੁੰਬਿ–ਧੋਬੀ ਦਾ ਬਰਤਨ, ਜਿਸ ਵਿਚ ਖਾਰ ਨਾਲ ਮਿਲਿਆ ਪਾਣੀ ਪਾ ਕੇ ਉਪਰ ਕੱਪੜੇ ਚਿਣ ਕੇ ਤੇਜ ਭਾਫ ਦਿਤੀ ਜਾਂਦੀ ਹੈ, ਜਿਸ ਤੋਂ ਮੈਲ ਉਤਰ ਜਾਂਦੀ ਹੈ। ਲੋਹਾ–ਕੈਂਚੀ। ਸੀਵੈ–ਸਿਉਂਦਾ ਹੈ। ਪਤਿ ਪਾਟੀ–ਗੁਆਚੀ ਇੱਜਤ। ਸਿਫਤੀ–ਸਿਫਤ ਕਰਨ ਨਾਲ। ਸੀਪੈ–ਸਿਉਂਤੀ ਜਾਂਦੀ ਹੈ। ਜੀਵਤ ਜੀਵੈ–ਚੰਗਾ ਜੀਵਨ ਜਿਉਣ ਲਗਦਾ ਹੈ। ਗੰਢੈ–ਜੋੜਦਾ ਹੈ। ਮਾਹੁ–ਮਹੀਨਾ। ਪਖੁ–ਚਾਨਣ ਤੇ ਹਨ੍ਹੇਰ ਪੱਖ (੧੫ ਦਿਨ)। ਕਿਹੁ–ਕੁਛ। ਮੁਹਤੁ–ਦੋ ਘੜੀ ਦਾ ਸਮਾਂ। ਤਿਚਰੁ–ਉਤਨਾ ਚਿਰ। ਜਾਪੀ–ਜਪਾਂਗਾ। ਜਾਪੈ–ਜਪਿਆ ਜਾਵੇ।੧। ਕਾਤੀ–ਛੁਰੀ। ਸਾਰੁ–ਲੋਹਾ। ਅਪਰ ਅਪਾਰ–ਬੇਅੰਤ ਤੋਂ ਬੇਅੰਤ (ਜਿਸ ਛੁਰੀ ਵਰਗੀ ਹੋਰ ਕੋਈ ਛੁਰੀ ਨਹੀਂ ਹੈ)। ਸਬਦੇ–ਸਬਦ ਦੀ। ਸਾਣ–ਸ਼ਸ਼ਤ੍ਰ ਤਿੱਖੇ ਕਰਨ ਵਾਲਾ ਚੱਕਰ (ਜੋ ਰੇਤ, ਲਾਖ ਤੇ ਰਾਲ ਆਦਿ ਵਸਤੂਆਂ ਦੇ ਮੇਲ ਨਾਲ ਬਣਿਆ ਹੁੰਦਾ ਹੈ)। ਥੇਕੈ–ਮਿਆਨ। ਸਮਾਇ–ਟਿਕੀ ਹੋਵੇ। ਲੋਹੂ–ਲਹੂ। ਨਿਕਥਾ–ਨਿਕਲਿਆ। ਹਲਾਲ–ਇਸਲਾਮਿਕ ਤਰੀਕੇ ਨਾਲ ਜਿਬ੍ਹਾ ਕੀਤਾ ਜੀਵ ਦਾ ਮਾਸ। ਹਕਿ–ਰੱਬ ਵਿਚ। ਦਰਿ–ਰੱਬ ਦੇ ਦਰ ਤੇ। ਦੀਦਾਰਿ–ਦਰਸ਼ਨ ਵਿਚ। ਸਮਾਇ–ਲੀਨ ਹੋ ਜਾਂਦਾ ਹੈ।੨।

ਉਥਾਨਕਾ = ਕੋਈ ਜਵਾਨ ਮਨੁੱਖ ਨਸ਼ੇ ਵਿਚ ਮਸਤ ਹੋਇਆ ਘੋੜੇ ਤੇ ਸਵਾਰ ਹੋ ਕੇ ਘੋੜਾ ਦੁੜਾਈ ਜਾ ਰਿਹਾ ਸੀ। ਗੁਰੂ ਜੀ ਮਰਦਾਨੇ ਸਮੇਤ ਤੁਰੇ ਜਾ ਰਹੇ ਸਨ, ਘੋੜੇ ਦੀ ਰਕਾਬ ਲਗਣ ਕਰਕੇ ਮਰਦਾਨ ਡਿਗ ਪਿਆ। ਅੱਗੇ ਜਾ ਕੇ ਉਹ ਅਸਵਾਰ ਵੀ ਮੂਧੇ ਮੂੰਹ ਡਿਗ ਪਿਆ, ਫਿਰ ਗੁਰੂ ਜੀ ਪਾਸੋਂ ਆ ਕੇ ਮਾਫੀ ਮੰਗਦਾ ਹੈ। ਗੁਰੂ ਜੀ ਨੇ ਇਸ ਸਲੋਕ ਰਾਹੀਂ ਉਸ ਅਸਵਾਰ ਨੂੰ ਉਪਦੇਸ਼ ਦਿਤਾ ਹੈ।

ਮਃ ੧ ॥ ਕਮਰਿ ਕਟਾਰਾ ਬੰਕੁੜਾ, ਬੰਕੇ ਕਾ ਅਸਵਾਰੁ ॥ ਗਰਬੁ ਨ ਕੀਜੈ ਨਾਨਕਾ, ਮਤੁ ਸਿਰਿ ਆਵੈ ਭਾਰੁ ॥੩॥ (ਹੇ ਭਾਈ! ਤੇਰੀ) ਕਮਰ ਦੁਆਲੇ ਸੁੰਦਰ ਖੰਜਰ ਹੈ ਅਤੇ ਤੂੰ ਸੋਹਣੇ ਘੋੜੇ ਤੇ ਉਹ ਸਵਾਰ ਹੈਂ। ਨਾਨਕ ਗੁਰੂ ਜੀ ਆਖਦੇ ਹਨ ਕਿ ਤੈਨੂੰ ਹੰਕਾਰ ਨਹੀਂ ਕਰਨਾ ਚਾਹੀਦਾ, ਮਤਾਂ (ਤੇਰੇ) ਸਿਰ ਉਤੇ ਇਹ ਸਾਰਾ ਭਾਰ ਆ ਡਿਗੇ (ਜਿਸ ਦਾ ਤੈਨੂੰ ਮਾਣ ਹੈ)।੩।

ਪਉੜੀ ॥ ਸੋ ਸਤਸੰਗਤਿ ਸਬਦਿ ਮਿਲੈ, ਜੋ ਗੁਰਮੁਖਿ ਚਲੈ ॥ ਸਚੁ ਧਿਆਇਨਿ ਸੇ ਸਚੇ, ਜਿਨ ਹਰਿ ਖਰਚੁ ਧਨੁ ਪਲੈ ॥ ਭਗਤ ਸੋਹਨਿ ਗੁਣ ਗਾਵਦੇ, ਗੁਰਮਤਿ ਅਚਲੈ ॥ ਰਤਨ ਬੀਚਾਰੁ ਮਨਿ ਵਸਿਆ, ਗੁਰ ਕੈ ਸਬਦਿ ਭਲੈ ॥ ਆਪੇ ਮੇਲਿ ਮਿਲਾਇਦਾ, ਆਪੇ ਦੇਇ ਵਡਿਆਈ ॥੧੯॥ (ਹੇ ਭਾਈ!) ਜੋ ਮਨੁੱਖ ਗੁਰੂ ਦੇ ਸਨਮੁਖ ਹੋ ਕੇ ਚਲਦਾ ਹੈ, ਉਹ ਸਤਸੰਗਤ ਵਿਚ ਆ ਕੇ (ਗੁਰੂ ਦੇ) ਸ਼ਬਦ ਵਿਚ ਜੁੜਦਾ ਹੈ। (ਜੀਵਨ ਦੇ ਸਫਰ ਵਾਸਤੇ) ਜਿਨ੍ਹਾਂ ਮਨੁੱਖਾਂ ਦੇ ਹਿਰਦੇ ਰੂਪ ਪੱਲੇ ਵਿਚ ਹਰੀ ਦਾ ਨਾਮ ਧਨ ਰੂਪ ਖਰਚ ਹੈ, ਉਹ ਸਚੇ ਹਨ ਅਤੇ (ਉਹ) ਸੱਚੇ ਹਰੀ ਨੂੰ ਧਿਆਉਂਦੇ ਹਨ। ਭਗਤ ਹਰੀ ਦੇ ਗੁਣ ਗਾਉਂਦੇ ਹੋਏ ਸੋਹਣੇ ਲਗਦੇ ਹਨ, ਉਹ ਗੁਰੂ ਦੀ ਮੱਤ ਲੈ ਕੇ ਅਡੋਲ ਹੋ ਜਾਂਦੇ ਹਨ। ਗੁਰੂ ਦੇ ਸ੍ਰੇਸ਼ਟ ਸ਼ਬਦ ਦੁਆਰਾ ਨਾਮ ਰੂਪ ਰਤਨ ਦੀ ਵਿਚਾਰ ਉਨ੍ਹਾਂ ਦੇ ਮਨ ਵਿਚ ਆ ਵਸਦੀ ਹੈ। (ਉਨ੍ਹਾਂ ਭਗਤਾਂ ਨੂੰ) ਪ੍ਰਭੂ ਆਪ ਹੀ ਅਪਣੇ ਮੇਲ ਵਿਚ ਮਿਲਾਉਂਦਾ ਹੈ ਅਤੇ ਆਪ ਹੀ (ਉਨ੍ਹਾਂ ਨੂੰ) ਵਡਿਆਈ ਦੇਂਦਾ ਹੈ।੧੯।

ਪਦਾਰਥ = ਕਮਰਿ–ਲੱਕ ਦੇ ਦੁਆਲੇ। ਕਟਾਰਾ–ਖੰਜਰ। ਬੰਕੁੜਾ–ਸੋਹਣਾ (ਜਵਾਨ)। ਬੰਕੇ ਕਾ–ਸੋਹਣੇ ਘੋੜੇ ਦਾ। ਗਰਬੁ–ਹੰਕਾਰ। ਮਤੁ–ਮਤਾਂ; ਕਿਤੇ ਇਹ ਨ ਹੋਵੇ। ਸਿਰਿ–ਸਿਰ ਉਤੇ। ਭਾਰੁ–ਬੋਝ।੩। ਪਉੜੀ। ਸੋ–ਉਹ (ਮਨੁੱਖ)। ਸਬਦਿ–ਸ਼ਬਦ ਵਿਚ। ਗੁਰਮੁਖਿ–ਗੁਰੂ ਦੇ ਸਨਮੁਖ ਹੋ ਕੇ। ਧਿਆਇਨਿ–ਧਿਆਉਂਦੇ ਹਨ। ਸੇ–ਉਹ। ਜਿਨ ਪਲੈ–ਜਿਨ੍ਹਾਂ ਦੇ ਪੱਲੇ ਵਿਚ। ਸੋਹਨਿ–ਸੋਹਣੇ ਲਗਦੇ ਹਨ; ਸੋਭਦੇ ਹਨ। ਗੁਰਮਤਿ–ਗੁਰੂ ਦੀ ਮੱਤ ਲੈ ਕੇ। ਅਚਲੈ–(ਅਚੱਲੈ ਪੜ੍ਹੋ) ਅਡੋਲ ਹੋ ਜਾਂਦੇ ਹਨ। ਰਤਨ ਬੀਚਾਰੁ–ਅਮੋਲਕ ਨਾਮ ਦੀ ਵਿਚਾਰ। ਮਨਿ–ਮਨ ਵਿਚ। ਭਲੈ–ਭਲੇ (ਸ੍ਰੇਸ਼ਟ)। ਮੇਲਿ–ਮੇਲ (ਸੰਗਤ) ਵਿਚ; ਗੁਰੂ ਨਾਲ ਮਿਲਾ ਕੇ। ਦੇਇ–ਦੇਂਦਾ ਹੈ।੧੯।

ਸਲੋਕ ਮਃ ੩ ॥ ਆਸਾ ਅੰਦਰਿ ਸਭੁ ਕੋ, ਕੋਇ ਨਿਰਾਸਾ ਹੋਇ ॥ ਨਾਨਕ ਜੋ ਮਰਿ ਜੀਵਿਆ, ਸਹਿਲਾ ਆਇਆ ਸੋਇ ॥੧॥ (ਹੇ ਭਾਈ!) ਹਰੇਕ ਜੀਵ ਆਸਾ ਅੰਦਰ (ਫਸਿਆ ਪਿਆ) ਹੈ, ਕੋਈ ਵਿਰਲਾ ਜੀਵ ਆਸਾਂ ਤੋਂ ਰਹਿਤ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜੋ ਮਨੁੱਖ ਜੀਵਤ ਭਾਵ ਤੋਂ ਮਰ ਕੇ ਜੀਵਿਆ ਹੈ, ਉਹ ਹੀ (ਸੰਸਾਰ ਵਿਚ) ਆਇਆ ਸਫਲ ਹੈ।੧।

ਮਃ ੩ ॥ ਨਾ ਕਿਛੁ ਆਸਾ ਹਥਿ ਹੈ, ਕੇਉ ਨਿਰਾਸਾ, ਹੋਇ ॥ ਕਿਆ ਕਰੇ ਇਹ ਬਪੁੜੀ, ਜਾਂ ਭੁੋਲਾਏ ਸੋਇ ॥੨॥ (ਹੇ ਭਾਈ!) ਆਸਾ ਦੇ ਹੱਥ ਵਿਚ ਕੁਛ ਨਹੀਂ ਹੈ, (ਆਸਾ ਦੇ ਵਸ ਵਿਚ ਕੋਈ ਤਾਕਤ ਨਹੀਂ, ਜੋ ਜੀਵ ਨੂੰ ਫਸਾ ਸਕੇ, ਅਸੀਂ ਅਪਣੇ ਆਪ)

ਆਸਾਂ ਤੋਂ ਰਹਿਤ ਵੀ ਕਿਵੇਂ ਹੋ ਸਕਦੇ ਹਾਂ? (ਆਸਾਂ ਤੋਂ ਰਹਿਤ ਹੋਣਾ ਵੀ ਅਪਣੇ ਵਸ ਵਿਚ ਨਹੀਂ ਹੈ) ਜਦ ਉਹ ਪ੍ਰਭੂ ਆਪ ਜੀਵ ਨੂੰ ਭੁਲਾਉਂਦਾ ਹੈ, ਤਾਂ ਇਹ ਵਿਚਾਰੀ ਆਸਾ ਕੀ ਸਕਦੀ ਹੈ? (ਰੱਬ ਤੋਂ ਭੁੱਲਿਆ ਜੀਵ ਆਸਾਂ ਵਿਚ ਫਸਦਾ ਹੈ)।੨।

ਆਸਾ ਵਿਚਿ ਅਤਿ ਦੁਖੁ ਘਣਾ ਮਨਮੁਖਿ ਚਿਤੁ ਲਾਇਆ।ਗੁਰਮੁਖਿ ਭਏ ਨਿਰਾਸ ਪਰਮ ਸੁਖੁ ਪਾਇਆ। (੧੨੪੯)

ਪਉੜੀ ॥ ਧ੍ਰਿਗੁ ਜੀਵਣੁ ਸੰਸਾਰ, ਸਚੇ ਨਾਮ ਬਿਨੁ ॥ ਪ੍ਰਭੁ ਦਾਤਾ ਦਾਤਾਰ, ਨਿਹਚਲੁ ਏਹੁ ਧਨੁ ॥ ਸਾਸਿ ਸਾਸਿ ਆਰਾਧੇ, ਨਿਰਮਲੁ ਸੋਇ ਜਨੁ ॥ ਅੰਤਰਜਾਮੀ ਅਗਮੁ ,ਰਸਨਾ ਏਕੁ ਭਨੁ ॥ ਰਵਿ ਰਹਿਆ ਸਰਬਤਿ, ਨਾਨਕੁ ਬਲਿ ਜਾਈ ॥੨੦॥ ਪ੍ਰਭੂ ਦੇ ਸੱਚੇ ਨਾਮ ਤੋਂ ਬਿਨਾ ਸੰਸਾਰ ਦਾ ਜੀਵਨ ਫਿਟਕਾਰ ਯੋਗ ਹੈ।ਪ੍ਰਭੂ ਦਾਤਿਆਂ ਦਾ ਵੀ ਦਾਤਾ ਹੈ, (ਉਸ ਦਾ ਨਾਮ ਰੂਪ) ਧਨ ਨਿਹਚਲ ਹੈ।ਉਹ ਮਨੁੱਖ ਨਿਰਮਲ ਹੈ, ਜੋ ਸੁਆਸ ਸੁਆਸ (ਪ੍ਰਭੂ ਨੂੰ) ਸਿਮਰਦਾ ਹੈ।ਜੋ ਅੰਤਰਜਾਮੀ ਅਪਹੁੰਚ ਪ੍ਰਭੂ ਹੈ, (ਹੇ ਭਾਈ! ਤੂੰ ਉਸ) ਇਕ ਨੂੰ ਜੀਭ ਨਾਲ ਜਪ।ਨਾਨਕ ਪ੍ਰਭੂ ਤੋਂ ਸਦਕੇ ਜਾਂਦਾ ਹੈ, ਜੋ ਸਾਰੇ ਜੀਵਾਂ ਵਿਚ ਵਿਆਪਕ ਹੋ ਰਿਹਾ ਹੈ।੨੦।

ਪਦਾਰਥ = ਸਭੁ ਕੋ-ਸਭ ਕੋਈ (ਹਰੇਕ ਜੀਵ)।ਕੋਇ-ਕੋਈ ਵਿਰਲਾ।ਨਿਰਾਸਾ-ਆਸਾਂ ਤੋਂ ਰਹਿਤ।ਮਰਿ-(ਜੀਵਤ ਭਾਵ ਤੋਂ) ਮਰ ਕੇ; ਆਸਾਂ ਦਾ ਤਿਆਗ ਕਰਕੇ।ਸਹਿਲਾ-ਸਫਲ।ਸੋਇ-ਉਹ ਹੀ।੧।ਹਥਿ-ਹੱਥ ਵਿਚ।ਕੇਉ-ਕਿਵੇਂ; ਕਿਸ ਤਰ੍ਹਾਂ।ਬਪੁੜੀ-ਵਿਚਾਰੀ।ਜਾਂ-ਜਦ।ਭੋੁਲਾਏ-ਭੁਲਾਉਂਦਾ ਹੈ।ਸੋਇ-ਉਹ (ਪ੍ਰਭੂ)।੨।ਪਉੜੀ।ਧ੍ਰਿਗੁ-ਫਿਟਕਾਰ ਯੋਗ।ਜੀਵਣੁ ਸੰਸਾਰ-ਸੰਸਾਰ ਦਾ ਜਿਉਣਾ।ਦਾਤਾ ਦਾਤਾਰ-ਦਾਤਿਆਂ ਦਾ ਦਾਤਾ।ਨਿਹਚਲੁ-ਸਦਾ ਕਾਇਮ ਰਹਿਣ ਵਾਲਾ।ਆਰਾਧੇ-ਸਿਮਰਦਾ ਹੈ।ਨਿਰਮਲੁ-ਪਵਿਤ੍ਰ।ਜਨੁ-ਮਨੁੱਖ।ਅੰਤਰਜਾਮੀ-ਸਭ ਦੇ ਦਿਲਾਂ ਦੀਆਂ ਜਾਨਣ ਵਾਲਾ।ਅਗਮੁ-ਜੀਵ ਦੀ ਪਹੁੰਚ ਤੋਂ ਪਰੇ।ਰਸਨਾ-ਜੀਭ।ਏਕੁ ਭਨੁ-ਇਕ ਪ੍ਰਭੂ ਨੂੰ ਜਪ।ਰਵਿ ਰਹਿਆ-ਵਿਆਪਕ ਹੋ ਰਿਹਾ ਹੈ।ਸਰਬਤਿ-ਸਾਰੇ ਜੀਵਾਂ ਵਿਚ।ਬਲਿ ਜਾਈ-ਸਦਕੇ ਜਾਂਦਾ ਹੈ।੨੦।

ਸਲੋਕੁ ਮਃ ੧ ॥ ਸਰਵਰ ਹੰਸ ਧੁਰੇ ਹੀ ਮੇਲਾ, ਖਸਮੈ ਏਵੈ ਭਾਣਾ ॥ ਸਰਵਰ ਅੰਦਰਿ ਹੀਰਾ ਮੋਤੀ, ਸੋ ਹੰਸਾ ਕਾ ਖਾਣਾ ॥ ਬਗੁਲਾ ਕਾਗੁ ਨ ਰਹਈ ਸਰਵਰਿ, ਜੇ ਹੋਵੈ ਅਤਿ ਸਿਆਣਾ ॥ ਓਨਾ ਰਿਜਕੁ ਨ ਪਇਓ ਓਥੈ, ਓਨ੍ਹਾ ਹੋਰੋ ਖਾਣਾ ॥ ਸਚਿ ਕਮਾਣੈ ਸਚੋ ਪਾਈਐ, ਕੂੜੈ ਕੂੜਾ ਮਾਣਾ ॥ ਨਾਨਕ ਤਿਨ ਕੌ ਸਤਿਗੁਰੁ ਮਿਲਿਆ, ਜਿਨਾ ਧੁਰੇ ਪੈਯਾ ਪਰਵਾਣਾ ॥੧॥ ਗੁਰੂ ਰੂਪ ਸਰੋਵਰ ਤੇ ਸਿੱਖ ਰੂਪ ਹੰਸਾਂ ਦਾ (ਪ੍ਰਭੂ ਨੇ) ਧੁਰ ਤੋਂ ਹੀ ਮੇਲ ਬਣਾਇਆ ਹੋਇਆ ਹੈ, (ਉਸ) ਮਾਲਕ ਪ੍ਰਭੂ ਨੂੰ ਇਸੇ ਤਰ੍ਹਾਂ ਭਾਉਂਦਾ ਹੈ।ਗੁਰੂ ਰੂਪ ਸਰੋਵਰ ਅੰਦਰ ਦੈਵੀ ਗੁਣ ਰੂਪ ਹੀਰੇ ਮੋਤੀ ਹਨ, ਉਹ ਹੰਸਾਂ ਦਾ ਖਾਣਾ ਹੈ।ਬਗਲਾ (ਪਖੰਡੀ) ਤੇ ਕਾਂ (ਮਨਮੁਖ) ਜੇ ਬਹੁਤ ਸਿਆਣਾ ਵੀ ਹੋਵੇ, (ਉਹ) ਗੁਰੂ ਦੀ ਸੰਗਤ ਰੂਪ ਸੋਰਵਰ ਵਿਚ ਨਹੀਂ ਰਹਿ ਸਕਦਾ।(ਕਿਉਂਕਿ) ਉਨ੍ਹਾਂ ਦਾ ਭੋਜਨ ਉਥੇ (ਗੁਰੂ ਦੀ ਸੰਗਤ ਵਿਚ) ਨਹੀਂ ਪਿਆ ਹੋਇਆ, ਉਨ੍ਹਾਂ ਦਾ ਭੋਜਨ ਹੋਰ ਹੀ ਹੁੰਦਾ ਹੈ (ਪਖੰਡੀ ਪਰਾਇਆ ਧਨ ਤੱਕਦਾ ਰਹਿੰਦਾ ਹੈ ਤੇ ਮਨਮੁਖ ਵਿਸ਼ੇ ਵਿਕਾਰ ਤੇ ਨਿੰਦਿਆ ਰੂਪ ਵਿਸ਼ਟਾ ਖਾਂਦਾ ਹੈ)।ਸੱਚੇ ਨਾਮ ਦੀ ਕਮਾਈ ਕਰਨ ਨਾਲ ਸੱਚਾ ਪ੍ਰਭੂ ਪਾਈਦਾ ਹੈ, ਝੂਠੇ ਮਨੁੱਖ ਦੀ ਕਮਾਈ ਦਾ ਮਾਣ ਵੀ ਝੂਠਾ ਹੀ ਹੁੰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਸਤਿਗੁਰੂ ਉਨ੍ਹਾਂ ਪੁਰਖਾਂ ਨੂੰ ਮਿਲਿਆ ਹੈ, ਜਿਨ੍ਹਾਂ ਦੇ ਮੱਥੇ ਉਤੇ ਧੁਰ (ਪ੍ਰਭੂ ਦੀ ਹਜੂਰੀ) ਤੋਂ ਹੁਕਮ ਲਿਖਿਆ ਪਿਆ ਹੋਇਆ ਹੈ।੧।

ਮਃ ੧ ॥ ਸਾਹਿਬੁ ਮੇਰਾ ਉਜਲਾ, ਜੇ ਕੋ ਚਿਤਿ ਕਰੇਇ ॥ ਨਾਨਕ ਸੋਈ ਸੇਵੀਐ, ਸਦਾ ਸਦਾ ਜੋ ਦੇਇ ॥ ਨਾਨਕ ਸੋਈ ਸੇਵੀਐ, ਜਿਤੁ ਸੇਵਿਐ ਦੁਖੁ ਜਾਇ ॥ ਅਵਗੁਣ ਵੰਞਨਿ ਗੁਣ ਰਵਹਿ, ਮਨਿ ਸੁਖੁ ਵਸੈ ਆਇ ॥੨॥ (ਹੇ ਭਾਈ!) ਮੇਰਾ ਮਾਲਕ ਪ੍ਰਭੂ ਪਵਿਤ੍ਰ ਹੈ, ਜਿਹੜਾ ਕੋਈ (ਮਨੁੱਖ ਉਸ ਨੂੰ) ਚਿੱਤ ਵਿਚ ਯਾਦ ਕਰਦਾ ਹੈ (ਉਸ ਵੀ ਪਵਿਤ੍ਰ ਹੋ ਜਾਂਦਾ ਹੈ)।ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਹਰੀ ਨੂੰ ਸਿਮਰਨਾ ਚਾਹੀਦਾ ਹੈ, ਜੋ ਸਦਾ ਬੇਅੰਤ ਖਾਣ ਪਾਨ ਦੀਆਂ ਦਾਤਾਂ ਦੇਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਹਰੀ ਨੂੰ ਸਿਮਰਨਾ ਚਾਹੀਦਾ ਹੈ, ਜਿਸ ਦਾ ਸਿਮਰਨ ਕੀਤਿਆਂ (ਜਨਮ ਮਰਨ ਦਾ) ਦੁਖ ਚਲਾ ਜਾਂਦਾ ਹੈ।(ਜੋ ਮਨੁੱਖ ਪ੍ਰਭੂ ਦੇ) ਗੁਣ ਉਚਾਰਦੇ ਹਨ, (ਉਨ੍ਹਾਂ ਦੇ) ਔਗਣ ਦੂਰ ਹੋ ਜਾਂਦੇ ਹਨ ਅਤੇ ਮਨ ਵਿਚ ਸੁਖ ਆ ਵਸਦਾ ਹੈ।੨।

ਪਦਾਰਥ = ਸਰਵਰ-ਗੁਰੂ ਰੂਪ ਸਰੋਵਰ।ਹੰਸ-ਸਿਖ ਰੂਪ ਹੰਸ।ਧੁਰੇ ਹੀ-ਧੁਰ ਪ੍ਰਭੂ ਦੀ ਹਜੂਰੀ ਤੋਂ।ਖਸਮੈ-ਮਾਲਕ ਪ੍ਰਭੂ ਨੂੰ।ਏਵੈ-ਇਸੇ ਤਰ੍ਹਾਂ।ਭਾਣਾ-ਚੰਗਾ ਲਗਦਾ ਹੈ।ਸੋ-ਉਹ।ਖਾਣਾ-ਖੁਰਾਕ।ਕਾਗੁ-ਕਾਂ (ਮਨਮੁਖ)।ਸਰਵਰਿ-ਗੁਰੂ ਦੀ ਸੰਗਤ ਰੂਪ ਸਰੋਵਰ ਵਿਚ।ਜੇ-ਜੇਕਰ; ਭਾਵੇਂ।ਅਤਿ-ਬਹੁਤ।ਓਨਾ-ਉਨ੍ਹਾਂ (ਕਾਂ ਤੇ ਬਗਲੇ) ਦਾ।ਸਚਿ ਕਮਾਣੈ-ਸੱਚੇ ਨਾਮ ਦੇ ਸਿਮਰਨ ਦੀ ਕਮਾਈ।ਕੂੜੈ-ਝੂਠ ਦੀ ਕਮਾਈ ਦਾ।ਮਾਣਾ-ਹੰਕਾਰ।ਤਿਨ ਕੌ-ਉਨ੍ਹਾਂ ਨੂੰ।ਪਰਵਾਣਾ-ਹੁਕਮ।੧।ਸਾਹਿਬੁ-ਮਾਲਕ ਪ੍ਰਭੂ।ਉਜਲਾ-ਪਵਿਤ੍ਰ।ਜੇ ਕੋ-ਜਿਹੜਾ ਕੋਈ (ਮਨੁੱਖ)।ਚਿਤਿ ਕਰੇਇ-ਚਿੱਤ ਵਿਚ ਯਾਦ ਕਰਦਾ ਹੈ।ਸੋਈ-ਉਸ ਨੂੰ।ਸੇਵੀਐ-ਸਿਮਰਨਾ ਚਾਹੀਦਾ ਹੈ।ਜਿਤੁ-ਜਿਸ

ਦਾ। ਸੇਵਿਐ-ਸਿਮਰਨ ਕੀਤਿਆਂ। ਵੰਞਨਿ-ਦੂਰ ਹੋ ਜਾਂਦੇ ਹਨ। ਰਵਹਿ-ਉਚਾਰਦੇ ਹਨ। ਮਨਿ-ਮਨ ਵਿਚ।੨।

ਪਉੜੀ ॥ ਆਪੇ ਆਪਿ ਵਰਤਦਾ, ਆਪਿ ਤਾੜੀ ਲਾਈਅਨੁ ॥ ਆਪੇ ਹੀ ਉਪਦੇਸਦਾ, ਗੁਰਮੁਖਿ ਪਤੀਆਈਅਨੁ ॥ ਇਕਿ ਆਪੇ ਉਝੜਿ ਪਾਇਅਨੁ ,ਇਕਿ ਭਗਤੀ ਲਾਇਅਨੁ ॥ ਜਿਸੁ ਆਪਿ ਬੁਝਾਏ ਸੋ ਬੁਝਸੀ, ਆਪੇ ਨਾਇ ਲਾਈਅਨੁ ॥ ਨਾਨਕ ਨਾਮੁ ਧਿਆਈਐ, ਸਚੀ ਵਡਿਆਈ ॥੨੧॥੧॥ ਸੁਧੁ ॥ (ਹੇ ਭਾਈ!) ਪ੍ਰਭੂ ਆਪ ਹੀ ਆਪ ਸੰਸਾਰ ਵਿਚ ਵਰਤ ਰਿਹਾ ਹੈ ਅਤੇ ਆਪ ਹੀ ਉਸ ਨੇ (ਗੁਪਤ ਰੂਪ ਵਿਚ) ਸਮਾਧੀ ਲਾਈ ਹੋਈ ਹੈ। ਆਪ ਹੀ (ਗੁਰੂ ਰੂਪ ਹੋ ਕੇ ਉਹ ਜੀਵਾਂ ਨੂੰ) ਉਪਦੇਸ਼ ਕਰਦਾ ਹੈ ਅਤੇ ਗੁਰੂ ਦੁਆਰਾ ਸ੍ਰਿਸਟੀ ਦੀ ਉਸ ਨੇ ਤਸੱਲੀ ਕਰਾਈ ਹੈ। ਕਈ ਜੀਵ ਉਸ ਨੇ ਕੁਰਾਹੇ ਪਾਏ ਹੋਏ ਹਨ ਅਤੇ ਕਈ ਜੀਵ ਉਸ ਨੇ ਭਗਤੀ ਵਿਚ ਲਾਏ ਹੋਏ ਹਨ। ਜਿਸ ਜੀਵ ਨੂੰ ਉਹ ਆਪ ਸਮਝਾ ਦੇਵੇ, ਉਹ ਹੀ ਸਮਝਦਾ ਹੈ, (ਅਜੇਹੇ ਸਮਝ ਵਾਲੇ ਜੀਵਾਂ ਨੂੰ) ਆਪ ਹੀ ਉਸ ਨੇ ਨਾਮ ਵਿਚ ਲਾਇਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦਾ ਨਾਮ ਧਿਆਉਣਾ ਚਾਹੀਦਾ ਹੈ, (ਇਹੋ ਹੀ ਉਸ ਦੀ) ਸੱਚੀ ਵਡਿਆਈ ਹੈ।੨੧।੧। ਸੁਧੁ। (ਸੁਧੁ ਦਾ ਅਰਥ ਹੈ ਕਿ ਅਸਲ ਨਾਲ ਮੇਲ ਕੇ ਇਸ ਵਾਰ ਦੀ ਚੰਗੀ ਤਰ੍ਹਾਂ ਸੁਧਾਈ ਕਰ ਗਈ ਹੈ, ਕੋਈ ਭੁੱਲ ਨਹੀਂ ਰਹੀ)। ਵਾਹੁ ਵਾਹੁ ਸਚੇ ਪਾਤਸਾਹ ਤੂ ਸਚੀ ਨਾਈ। (ਇਹ ਤੁਕ ਸਾਰੀ ਪਾਉੜੀਆਂ ਦੇ ਅੰਤ ਵਿਚ ਪੜ੍ਹਨੀ ਹੈ, ਕਿਉਂਕਿ ਹਰੇਕ ਪਉੜੀ ਦੀ ਪੰਜਵੀਂ ਤੁਕ ਦਾ ਤੁਕਾਂਤ 'ਵਾਹੁ ਵਾਹੁ ਸਚੇ ਪਾਤਸਾਹ ਤੂ ਸਚੀ ਨਾਈ' ਨਾਲ ਮਿਲਦਾ ਹੈ।

ਪਦਾਰਥ = ਤਾੜੀ-ਸਮਾਧੀ। ਲਾਈਅਨੁ-ਲਾਈ ਹੈ ਉਸ ਨੇ। ਗੁਰਮੁਖਿ-ਗੁਰੂ ਰਾਹੀਂ। ਪਤੀਆਈਅਨੁ-ਤਸੱਲੀ ਕਰਾਈ ਹੈ ਉਸ ਨੇ। ਇਕਿ-ਕਈ ਜੀਵ। ਉਝੜਿ ਪਾਇਅਨੁ-ਕੁਰਾਹੇ ਪਾਏ ਹਨ ਉਸ ਨੇ। ਸੋ-ਉਹ। ਬੁਝਸੀ-ਸਮਝਦਾ ਹੈ। ਨਾਇ-ਨਾਮ ਵਿਚ। ਲਾਈਅਨ-ਲਾਈ ਹੈ ਉਸ ਨੇ। ਸੁਧੁ-ਇਹ ਬਾਣੀ ਸੋਧ ਕਰਕੇ ਲਿਖੀ ਹੋਈ ਹੈ।੨੧।੧।